Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE# 00966763
CA DRE Lic.#01180969

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 41; October 11, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਬਿਹਾਰ ਵਿਚ ਚੋਣਾਂ ਦਾ ਐਲਾਨ

### 6 ਅਤੇ 11 ਨਵੰਬਰ ਨੂੰ ਪੈਣਗੀਆਂ ਵੋਟਾਂ; 14 ਨਵੰਬਰ ਨੂੰ ਨਤੀਜੇ




**ਨਵੀਂ ਦਿੱਲੀ:** ਬਿਹਾਰ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਹੋ ਗਿਆ ਹੈ। ਵੋਟਿੰਗ ਦੋ ਪੜਾਵਾਂ ਵਿੱਚ ਹੋਵੇਗੀ। ਵੋਟਿੰਗ 6 ਅਤੇ 11 ਨਵੰਬਰ ਨੂੰ ਹੋਵੇਗੀ ਅਤੇ ਨਤੀਜੇ 14 ਨਵੰਬਰ ਨੂੰ ਐਲਾਨੇ ਜਾਣਗੇ। ਚੋਣ ਪ੍ਰਕਿਰਿਆ 40 ਦਿਨ ਚੱਲੇਗੀ। ਚੋਣ ਕਮਿਸ਼ਨ ਨੇ ਸੋਮਵਾਰ ਸ਼ਾਮ 4 ਵਜੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਇਸਦਾ ਐਲਾਨ ਕੀਤਾ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਇਨ੍ਹਾਂ ਚੋਣਾਂ ਲਈ ਵੋਟਿੰਗ ਸੂਚੀ ਨੂੰ ਐਸ.ਆਈ.ਆਰ. ਦੇ ਤਹਿਤ ਅਪਡੇਟ ਕੀਤਾ ਗਿਆ ਹੈ। ਚੋਣ ਕਮਿਸ਼ਨ ਮੁਤਾਬਕ ਜੋ ਨਾਮ ਰਹਿ ਗਏ ਉਹ ਨਾਮਜ਼ਦਗੀਆਂ ਤੋਂ 10 ਦਿਨ ਪਹਿਲਾਂ ਤੱਕ ਜੁੜਵਾਏ ਜਾ ਸਕਦੇ ਹਨ। ਅਜਿਹੇ ਵੋਟਰਾਂ ਨੂੰ ਨਵੇਂ ਵੋਟਰ ਕਾਰਡ ਪ੍ਰਾਪਤ ਹੋਣਗੇ।


ਬਿਹਾਰ ਵਿਧਾਨ ਸਭਾ ਵਿੱਚ 243 ਸੀਟਾਂ ਹਨ, ਜਿਨ੍ਹਾਂ ਵਿੱਚ ਲਗਭਗ 7.42 ਕਰੋੜ ਵੋਟਰ ਹਨ, ਜਿਨ੍ਹਾਂ ਵਿੱਚ 100 ਸਾਲ ਤੋਂ ਵੱਧ ਉਮਰ ਦੇ 14,000 ਵੋਟਰ ਸ਼ਾਮਿਲ ਹਨ। ਜੋ ਲੋਕ ਪੋਲਿੰਗ ਬੂਥ ਤੱਕ ਨਹੀਂ ਜਾ ਸਕਦੇ,ਉਹ ਫਾਰਮ 12ਧ ਭਰ ਕੇ ਘਰੋਂ ਵੋਟ ਪਾ ਸਕਣਗੇ। ਰਾਜ ਵਿੱਚ 14 ਲੱਖ ਲੋਕ ਪਹਿਲੀ ਵਾਰ ਵੋਟ ਪਾਉਣਗੇ।

ਬਿਹਾਰ ਵਿੱਚ ਪੋਲਿੰਗ ਬੂਥ 'ਤੇ ਮੋਬਾਈਲ ਫੋਨ ਲਿਜਾਣ ਦੀ ਇਜਾਜ਼ਤ ਹੋਵੇਗੀ।

ਦੱਸ ਦੇਈਏ ਕਿ 2020 ਵਿੱਚ ਬਿਹਾਰ ਚੋਣਾਂ ਤਿੰਨ ਪੜਾਵਾਂ ਵਿੱਚ ਹੋਈਆਂ ਸਨ। ਵੋਟਿੰਗ 20 ਅਕਤੂਬਰ ਤੋਂ 7 ਨਵੰਬਰ ਤੱਕ ਚੱਲੀ। ਨਤੀਜੇ 10 ਨਵੰਬਰ ਨੂੰ ਘੋਸ਼ਿਤ ਕੀਤੇ ਗਏ ਸਨ। ਇਸ ਤੋਂ ਪਹਿਲਾਂ 2015 ਵਿੱਚ 12 ਅਕਤੂਬਰ ਤੋਂ 5 ਨਵੰਬਰ ਤੱਕ ਪੰਜ ਪੜਾਵਾਂ ਵਿੱਚ ਵੋਟਿੰਗ ਹੋਈ ਸੀ।

## ਪਾਕਿਸਤਾਨ ਆਪਣੇ ਹੀ ਲੋਕਾਂ ਦੀ ਕਰਦਾ ਹੈ ਯੋਜਨਾਬੱਧ ਨਸਲਕੁਸ਼ੀ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਔਰਤਾਂ, ਸ਼ਾਂਤੀ ਅਤੇ ਸੁਰੱਖਿਆ ਬਾਰੇ ਇੱਕ ਬਹਿਸ ਦੌਰਾਨ ਪਾਕਿਸਤਾਨ ਦੇ ਖੋਖਲੇ ਦਾਅਵਿਆਂ ਦਾ ਇੱਕ ਵਾਰ ਫਿਰ ਪਰਦਾਫਾਸ਼ ਕੀਤਾ ਹੈ। ਯੂ ਐੱਨ ਐੱਸ ਸੀ ਦੀ ਬਹਿਸ ਵਿੱਚ ਬੋਲਦਿਆਂ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਪਰਵਥਾਨੇਨੀ ਹਰੀਸ਼ ਨੇ ਪਾਕਿਸਤਾਨ ਨੂੰ ਭਾਰਤ, ਖਾਸ ਕਰਕੇ ਜੰਮੂ ਅਤੇ ਕਸ਼ਮੀਰ ਦੇ ਖ਼ਿਲਾਫ਼ ਇਸ ਦੀ 'ਭੁਲੇਖੇ ਵਾਲੀ ਬਕਵਾਸ' ਲਈ ਕਰਾਰਾ ਜਵਾਬ ਦਿੱਤਾ।



ਰਾਜਦੂਤ ਹਰੀਸ਼ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਕਿਸਤਾਨ ਨੇ 1971 ਵਿੱਚ 'ਅਪਰੇਸ਼ਨ ਸਰਚਲਾਈਟ' ਕਿਵੇਂ ਚਲਾਇਆ ਸੀ, ਜਿਸ ਵਿੱਚ ਪਾਕਿਸਤਾਨ ਦੀ ਆਪਣੀ ਫ਼ੌਜ ਵੱਲੋਂ 4,00,000 ਔਰਤ ਨਾਗਰਿਕਾਂ ਨਾਲ ਨਸਲਕੁਸ਼ੀ ਭਰਿਆ ਸਮੂਹਿਕ ਜਬਰ ਜਨਾਹ ਕੀਤਾ ਗਿਆ ਸੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੁਨੀਆ ਪਾਕਿਸਤਾਨ ਦੇ ਪ੍ਰਚਾਰ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਕਿਹਾ ਕਿ ਪਾਕਿਸਤਾਨ ਅਤਿਕਥਨੀ ਰਾਹੀਂ ਦੁਨੀਆ ਦਾ ਧਿਆਨ ਭਟਕਾਉਂਦਾ ਹੈ।

ਉਨ੍ਹਾਂ ਕਿਹਾ, " ਬਦਕਿਸਮਤੀ ਨਾਲ ਹਰ ਸਾਲ ਅਸੀਂ ਆਪਣੇ ਦੇਸ਼, ਖਾਸ ਕਰਕੇ ਜੰਮੂ ਅਤੇ ਕਸ਼ਮੀਰ ਦੇ ਖ਼ਿਲਾਫ਼ ਪਾਕਿਸਤਾਨ ਦੀ ਭੁਲੇਖੇ ਵਾਲੀ ਬਕਵਾਸ ਸੁਣਨ ਲਈ ਮਜਬੂਰ ਹੁੰਦੇ ਹਾਂ। ਔਰਤਾਂ, ਸ਼ਾਂਤੀ ਅਤੇ ਸੁਰੱਖਿਆ ਏਜੰਡੇ 'ਤੇ ਸਾਡਾ ਮੋਹਰੀ ਰਿਕਾਰਡ ਨਿਰਦੋਸ਼ ਅਤੇ ਬੇਦਾਗ਼ ਹੈ।" ਭਾਰਤ ਦਾ ਜਵਾਬ ਸੰਯੁਕਤ ਰਾਸ਼ਟਰ ਵਿੱਚ ਪਾਕਿਸਤਾਨ ਦੇ ਸਥਾਈ ਮਿਸ਼ਨ ਦੀ ਕੌਂਸਲਰ ਸਾਇਮਾ ਸਲੀਮ ਦੀਆਂ ਟਿੱਪਣੀਆਂ 'ਤੇ ਆਇਆ ਹੈ।

ਔਰਤਾਂ, ਸ਼ਾਂਤੀ ਅਤੇ ਸੁਰੱਖਿਆ 'ਤੇ ਯੂ ਐੱਨ ਐਸ ਸੀ ਦੀ ਬਹਿਸ ਮਤੇ 1325 ਦੇ 25 ਸਾਲ ਪੂਰੇ ਹੋਣ 'ਤੇ ਆਯੋਜਿਤ ਕੀਤੀ ਗਈ ਸੀ। ਇਹ ਯੂ ਐੱਨ ਮਤਾ ਸਾਲ 2000 ਵਿੱਚ ਅਪਣਾਇਆ ਗਿਆ ਸੀ ਅਤੇ ਔਰਤਾਂ ਅਤੇ ਕੁੜੀਆਂ 'ਤੇ ਹਥਿਆਰਬੰਦ ਸੰਘਰਸ਼ਾਂ ਦੇ ਅਸਮਾਨ ਅਤੇ ਵਿਲੱਖਣ ਪ੍ਰਭਾਵ ਨੂੰ ਦਰਸਾਉਂਦਾ ਹੈ।

ਇਹ ਮਤਾ ਮੁੱਖ ਤੌਰ 'ਤੇ ਔਰਤਾਂ ਦੇ ਅਧਿਕਾਰਾਂ ਦੀ ਕਿਸੇ ਵੀ ਉਲੰਘਣਾ ਦੀ ਰੋਕਥਾਮ 'ਤੇ ਕੇਂਦਰਿਤ ਹੈ।

## ਤਰਨਤਾਰਨ ਜ਼ਿਮਨੀ ਚੋਣ 11 ਨਵੰਬਰ ਨੂੰ

**ਨਵੀਂ ਦਿੱਲੀ:** ਚੋਣ ਕਮਿਸ਼ਨ ਵੱਲੋਂ ਤਰਨਤਾਰਨ ਜ਼ਿਮਨੀ ਚੋਣ ਲਈ ਤਾਰੀਖ਼ ਦਾ ਐਲਾਨ ਕਰ ਦਿੱਤਾ ਗਿਆ ਹੈ। ਤਰਨਤਾਰਨ ਜ਼ਿਮਨੀ ਚੋਣ ਲਈ 11ਨਵੰਬਰ ਨੂੰ ਵੋਟਿੰਗ ਹੋਵੇਗੀ ਅਤੇ 14 ਨਵੰਬਰ ਨੂੰ ਨਤੀਜੇ ਦਾ ਐਲਾਨ ਹੋਵੇਗਾ। ਜ਼ਿਮਨੀ ਚੋਣ ਲਈ ਨੋਟੀ ਫ਼ਿਕੇਸ਼ਨ 13 ਅਕਤੂਬਰ ਨੂੰ ਜਾਰੀ ਕੀਤਾ ਜਾਵੇਗਾ ਅਤੇ 21 ਅਕਤੂਬਰ ਨਾਮਜ਼ਦਗੀਆਂ ਦੀ ਆਖ਼ਰੀ ਤਾਰੀਖ਼ ਹੋਵੇਗੀ। 22 ਅਕਤੂਬਰ ਨੂੰ ਨਾਮਜ਼ਦਗੀਆਂ ਦੀ ਪੜਤਾਲ ਕੀਤੀ ਜਾਵੇਗੀ ਜਦਕਿ 24 ਅਕਤੂਬਰ ਤਕ ਉਮੀਦਵਾਰ ਆਪਣੀ ਨਾਮਜ਼ਦਗੀ ਵਾਪਸ ਲੈ ਸਕਣਗੇ।

ਤਰਨਤਾਰਨ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਤੋਂ ਬਾਅਦ ਖ਼ਾਲੀ ਹੋ ਗਈ ਸੀ। ਜਿਸ ਤੋਂ ਬਾਅਦ ਨਵੇਂ ਵਿਧਾਇਕ ਦੀ ਚੋਣ ਦੇ ਲਈ ਆਮ ਆਦਮੀ ਪਾਰਟੀ ਵੱਲੋਂ ਹਰਮੀਤ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਵਿੰਦਰ ਕੌਰ ਰੰਧਾਵਾ, ਭਾਜਪਾ ਵੱਲੋਂ ਹਰਜੀਤ ਸਿੰਘ ਸੰਧੂ ਅਤੇ ਕਾਂਗਰਸ ਵੱਲੋਂ ਕਰਨਬੀਰ ਸਿੰਘ ਬੁਰਜ ਨੂੰ ਪਹਿਲਾਂ ਹੀ ਆਪਣਾ ਉਮੀਦਵਾਰ ਐਲਾਨਿਆ ਜਾ ਚੁੱਕਿਆ ਹੈ। ਉੱਥੇ ਹੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਵੀ ਇਹ ਚੋਣ ਲੜਣ ਦਾ ਫ਼ੈਸਲਾ ਲਿਆ ਗਿਆ ਹੈ ਹਾਲਾਂਕਿ ਉਨ੍ਹਾਂ ਵੱਲੋਂ ਵੀ ਅਜੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ। *(ਬਾਕੀ ਸਫ਼ਾ 6 'ਤੇ)*

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਗ਼ਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਮੇਲਾ 19 ਅਕਤੂਬਰ ਨੂੰ

**ਫਰਿਜ਼ਨੋ:** ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ: ਗ਼ਦਰੀ ਬਾਬਿਆਂ ਦਾ ਦੇਸ਼ ਦੀ ਆਜ਼ਾਦੀ ਲਈ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਦੇਸ਼-ਵਿਦੇਸ਼ ਵਿਚ ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਫਰਿਜ਼ਨੋ ਦੀ ਗ਼ਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ.ਐਸ. ਹੈਰੀਟੇਜ ਫੋਰਮ ਵੱਲੋਂ 19 ਅਕਤੂਬਰ ਦਿਨ ਐਤਵਾਰ ਨੂੰ ਸਥਾਨਕ ਟਿੱਲੀ ਐਲੀਮੈਂਟਰੀ ਸਕੂਲ ਦੇ ਈਵੈਂਟ ਸੈਂਟਰ ਵਿਖੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਹੋਣ ਜਾ ਰਿਹਾ ਹੈ। ਇਹ ਮੇਲਾ ਸ਼ਾਮ 2 ਤੋਂ 6 ਵਜੇ ਦਰਮਿਆਨ ਹੋਵੇਗਾ। ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਜਥੇਬੰਦੀ ਦੇ ਮੈਂਬਰਾਂ ਦੀ ਮੀਟਿੰਗ ਸਥਾਨਕ ਬਰਾੜ ਫਾਰਮ ਵਿਖੇ ਹੋਈ ਜਿੱਥੇ ਉਨ੍ਹਾਂ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਦੱਸਿਆ ਕਿ, ਇਸ ਮੇਲੇ ਵਿਚ ਸ਼ਿਰਕਤ ਕਰਨ ਲਈ ਮੁੱਖ ਬੁਲਾਰੇ ਵਜੋਂ ਡਾ. ਸਰਬਜਿੰਦਰ ਸਿੰਘ ਵਾਈਸ ਚਾਂਸਲਰ ਅਨੰਦਪੁਰ ਸਹਿਬ ਯੂਨੀਵਰਸਿਟੀ ਉਚੇਚੇ ਤੌਰ 'ਤੇ ਇੰਡੀਆ ਤੋਂ ਪਹੁੰਚ ਰਹੇ ਹਨ। ਐਡਵੋਕੇਟ ਨਰਿੰਦਰ ਚਾਹਲ ਅਤੇ ਬੀਬਾ ਪ੍ਰਿਤਪਾਲ ਕੌਰ ਉਦਾਸੀ (ਬੇਟੀ ਸਵ. ਸੰਤ ਰਾਮ ਉਦਾਸੀ) ਵੀ ਬੁਲਾਰਿਆਂ ਵਿਚ ਸ਼ਾਮਲ ਹੋਣਗੇ। ਇਸ ਮੌਕੇ ਗਿੱਧੇ-ਭੰਗੜੇ ਅਤੇ ਸਕਿੱਟਾਂ ਤੋਂ ਇਲਾਵਾ ਲੋਕਲ ਕਲਾਕਾਰ ਜਿਨ੍ਹਾਂ ਵਿਚ ਗੁਰਦੀਪ ਕੂੱਸਾ, ਗੋਗੀ ਸੰਧੂ, ਅਵਤਾਰ ਗਰੇਵਾਲ, ਪੱਪੀ ਭਦੌੜ, ਕਮਲਜੀਤ ਬੈਨੀਪਾਲ ਆਦਿ ਗਾਇਕ ਦੇਸ਼ ਭਗਤੀ ਦੇ ਗੀਤਾਂ ਨਾਲ ਹਾਜ਼ਰੀ ਭਰਨਗੇ। ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਪ੍ਰਬੰਧਕਾਂ ਨੇ ਸਭਨਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮੇਲੇ ਦੀ



ਐਂਟਰੀ ਮੁਫ਼ਤ ਹੈ, ਅਤੇ ਗਰਮੀ ਨੂੰ ਮੁੱਖ ਰੱਖਦਿਆਂ ਇਹ ਮੇਲਾ ਇੰਨਡੋਰ ਏਸੀ ਹਾਲ ਅੰਦਰ ਕਵਾਇਆ ਜਾਵੇਗਾ। ਇਹ ਮੇਲਾ ਸਮੂਹ ਗ਼ਦਰੀਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਮੇਲੇ ਦੌਰਾਨ ਗ਼ਦਰੀ ਬਾਬਿਆਂ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੇਗੀ। ਇਸ ਮੌਕੇ 4.0 ਜੀ. ਪੀ. ਏ. ਵਾਲੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਹੋਵੇਗਾ ਅਤੇ ਵਾਲਗਰੀਨ ਫਾਰਮੇਸੀ ਵੱਲੋਂ ਮੁਫ਼ਤ ਫਲੂ ਸ਼ਾਟ ਲਾਏ ਜਾਣਗੇ।


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

*'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਦੁਨੀਆਂ ਦੀ ਪਹਿਲੀ ਤੇ ਇੱਕੋ-ਇਕ ਕਿਤਾਬ ਹੈ ਜਿਸ ਵਿਚ ਗੁਰੂ ਸਾਹਿਬ ਅਤੇ ਸ਼ਹੀਦਾਂ ਨਾਲ ਸਬੰਧਤ ਪੰਜਾਬ ਤੇ ਭਾਰਤ ਦੇ ਸਾਰੇ ਸੂਬਿਆਂ, ਪਾਕਿਸਤਾਨ ਦੇ ਸਾਰੇ ਪਿੰਡਾਂ ਤੇ ਨਗਰਾਂ, ਅਫ਼ਗਾਨਿਸਤਾਨ, ਨੇਪਾਲ, ਬੰਗਲਾ ਦੇਸ਼ ਅਤੇ ਹੋਰ ਥਾਂਵਾਂ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਅਸਲ ਇਤਿਹਾਸ, ਪਿੰਡ/ਨਗਰ ਜਾਣ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦਿੱਤੀਆਂ ਹੋਈਆਂ ਹਨ। ਇਸ ਵਿਚ 850 ਪਿੰਡਾਂ ਤੇ ਨਗਰਾਂ ਦੇ ਸਾਰੇ ਦੇ ਸਾਰੇ ਗੁਰਦੁਆਰਿਆਂ ਦੀਆਂ ਤਸਵੀਰਾਂ ਤੇ ਅਸਲ ਇਤਿਹਾਸ ਹਨ।*

*ਸਾਰੀ ਕਿਤਾਬ ਵਧੀਆ ਆਰਟ ਪੇਪਰ 'ਤੇ ਛਪੀ ਹੋਈ ਹੈ। ਇਹ ਬਹੁਤ ਵੱਡਾ ਗ੍ਰੰਥ ਹੈ। ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਦੀ ਕੀਮਤ, ਕੋਰੀਅਰ ਖ਼ਰਚ ਸਣੇ ਸਿਰਫ਼ 125 ਅਮਰੀਕਨ ਡਾਲਰ ਹੈ।*

**ਕਿਤਾਬ ਖ਼ਰੀਦਣ ਵਾਸਤੇ ਰਾਬਤਾ ਕਰੋ:**
**ਜਸਪ੍ਰੀਤ ਕੌਰ, ਫੋਨ: 222-422-4773**


# ਭੁਲੱਥ ਦਾ ਨੌਜਵਾਨ ਕਰਨਬੀਰ ਸਿੰਘ ਅਮਰੀਕਾ ਏਅਰਫੋਰਸ 'ਚ ਬਣਿਆ ਲਾਅ ਐਨਫੋਰਸਮੈਂਟ ਅਫ਼ਸਰ

**ਬੌਸਟਨ:** ਇੱਥੇ ਰਹਿੰਦਾ ਭੁਲੱਥ ਦਾ ਨੌਜਵਾਨ ਕਰਨਬੀਰ ਸਿੰਘ ਆਪਣੀ ਲਗਨ ਅਤੇ ਪੜ੍ਹਾਈ ਨਾਲ 23 ਕੁ ਸਾਲ ਦੀ ਉਮਰ 'ਚ ਅਮਰੀਕਾ ਦੀ ਏਅਰਫੋਰਸ ਵਿਚ ਅਫ਼ਸਰ ਬਣਿਆ ਹੈ। ਕਰਨਬੀਰ ਸਿੰਘ ਸਪੁੱਤਰ ਬਲਜਿੰਦਰ ਸਿੰਘ ਭੁਲੱਥ ਸਾਲ 2013 'ਚ ਅਮਰੀਕਾ ਦੇ ਸੂਬੇ ਮੈਸੇਚਿਉਸੇਟਸ ਦੇ ਸ਼ਹਿਰ ਬੌਸਟਨ ਵਿਚ ਆਇਆ ਸੀ, ਜਿੱਥੇ ਉਸ ਨੇ ਯੂ.ਐਸ.ਏ. ਏਅਰਫੋਰਸ ਵਿਚ ਭਰਤੀ ਹੋ ਕੇ ਮਾਪਿਆਂ ਅਤੇ ਭੁਲੱਥ ਸ਼ਹਿਰ ਦਾ ਮਾਣ ਵਧਾਇਆ ਹੈ। ਕਰਨਬੀਰ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੀ ਹਾਈ ਸਕੂਲ ਦੀ ਪੜ੍ਹਾਈ ਉੱਤਰੀ ਐਡੋਵਰ ਤੋਂ ਕਰਨ ਤੋਂ ਬਾਅਦ, ਯੂਨੀਵਰਸਿਟੀ ਬੌਸਟਨ ਤੋ ਕ੍ਰਿਮੀਨਲ ਜਸਟਿਸ (ਲਾਅ) ਦੀ ਅੰਡਰ ਗ੍ਰੈਜੂਏਟ ਡਿਗਰੀ ਪ੍ਰਾਪਤ ਕਰਕੇ, ਟੈਕਸਸ ਰਾਜ ਦੇ ਏਅਰਫੋਰਸ ਹੈਡਕੁਆਰਟਰ ਤੋਂ ਟ੍ਰੇਨਿੰਗ ਹਾਸਲ ਕੀਤੀ। ਉਸ ਦੀ ਤਾਇਨਾਤੀ 30 ਨਵੰਬਰ 2025 ਨੂੰ ਇਟਲੀ ਦੇ ਐਵੀਆਨੋ ਟਾਊਨ ਦੇ ਏਅਰਬੇਸ ਵਿਚ ਹੋਵੇਗੀ। ਦੱਸਣਯੋਗ ਹੈ ਕਿ ਕਰਨਬੀਰ ਸਿੰਘ ਭੁਲੱਥ ਦੇ ਸਰਪੰਚ ਅਤੇ ਨੰਬਰਦਾਰ ਰਹੇ ਸਵ. ਖਜਾਨ ਸਿੰਘ ਦਾ ਪੋਤਰਾ ਹੈ।



# 500 ਅਰਬ ਡਾਲਰ ਦੀ ਜਾਇਦਾਦ ਵਾਲੇ ਪਹਿਲੇ ਸ਼ਖ਼ਸ ਬਣੇ ਐਲਨ ਮਸਕ

**ਵਾਸ਼ਿੰਗਟਨ:** ਟੈਸਲਾ ਦੇ ਸੀ.ਈ.ਓ. ਐਲਨ ਮਸਕ ਦੁਨੀਆ ਦੇ ਪਹਿਲੇ ਸ਼ਖ਼ਸ ਬਣ ਗਏ ਹਨ, ਜਿਨ੍ਹਾਂ ਦੀ ਜਾਇਦਾਦ 500 ਅਰਬ ਡਾਲਰ ਤੋਂ ਵੱਧ ਹੋ ਗਈ ਹੈ। ਮਸਕ ਦੀ ਜਾਇਦਾਦ 'ਚ ਵਾਧੇ ਦੇ ਮੁੱਖ ਕਾਰਨ ਇਸ ਸਾਲ ਟੈਸਲਾ ਦੇ ਸ਼ੇਅਰਾਂ ਦੀ ਕੀਮਤ ਤੇ ਉਨ੍ਹਾਂ ਦੀਆਂ ਹੋਰ ਤਕਨੀਕੀ ਕੰਪਨੀਆਂ ਦੀਆਂ ਕੀਮਤਾਂ 'ਚ ਵਾਧਾ ਹੈ। ਫੋਰਬਸ ਅਰਬਪਤੀ ਦੀ ਸੂਚੀ 'ਚ ਦੂਜੇ ਸਥਾਨ 'ਤੇ ਓਰੈਕਲ ਦੇ ਸੰਸਥਾਪਕ ਲੈਰੀ ਐਲੀਸਨ ਹਨ। ਉਨ੍ਹਾਂ ਦੀ ਜਾਇਦਾਦ 350 ਅਰਬ ਡਾਲਰ ਤੋਂ ਵੱਧ ਹੈ। ਫੋਰਬਸ ਦੀ ਸੂਚੀ ਮੁਤਾਬਕ, ਬੁੱਧਵਾਰ ਸ਼ਾਮ ਨੂੰ ਮਸਕ ਦੀ ਜਾਇਦਾਦ 500 ਅਰਬ ਡਾਲਰ ਤੋਂ ਵੱਧ ਹੋ ਗਈ। ਉਨ੍ਹਾਂ ਨੇ ਇਹ ਉਪਲੱਬਧੀ ਸਿਰਫ ਇਕ ਸਾਲ 'ਚ ਹਾਸਲ ਕੀਤੀ ਹੈ। ਇਕ ਸਾਲ ਪਹਿਲਾਂ ਉਨ੍ਹਾਂ ਦੀ ਜਾਇਦਾਦ 400 ਅਰਬ ਡਾਲਰ ਤੋਂ ਵੱਧ ਸੀ। ਮਸਕ ਦੀ ਜਾਇਦਾਦ ਦਾ ਵੱਡਾ ਹਿੱਸਾ ਦੁਨੀਆ ਦੀ ਸਭ ਤੋਂ ਮਹਿੰਗੀ ਆਟੋਮੋਬਾਈਲ ਕੰਪਨੀ ਟੈਸਲਾ ਨਾਲ ਜੁੜਿਆ ਹੈ। ਮਸਕ ਕੋਲ ਇਲੈਕਟ੍ਰਿਕ ਵਾਹਨ ਨਿਰਮਾਤਾ ਇਸ ਕੰਪਨੀ ਦੀ 12 ਫ਼ੀਸਦੀ ਤੋਂ ਵੱਧ ਹਿੱਸੇਦਾਰੀ ਹੈ। ਇਸ ਸਾਲ ਟੈਸਲਾ ਦੇ ਸ਼ੇਅਰਾਂ 'ਚ 14 ਫ਼ੀਸਦੀ ਤੋਂ ਜ਼ਿਆਦਾ ਦਾ ਵਾਧਾ ਹੋ ਚੁੱਕਾ ਹੈ। ਹਾਲਾਂਕਿ ਸਾਲ ਦੀ ਸ਼ੁਰੂਆਤ 'ਚ ਟੈਸਲਾ ਦੇ ਸ਼ੇਅਰਾਂ 'ਚ ਗਿਰਾਵਟ ਦਰਜ ਕੀਤੀ ਗਈ ਸੀ। ਟੈਸਲਾ ਦੇ ਬੋਰਡ ਨੇ ਪਿਛਲੇ ਮਹੀਨੇ ਮਸਕ ਲਈ ਇਕ ਟ੍ਰਿਲੀਅਨ ਡਾਲਰ ਦੀ ਮੁਆਵਜ਼ਾ ਯੋਜਨਾ ਦੀ ਤਜਵੀਜ਼ ਰੱਖੀ ਸੀ। ਮਸਕ ਦੀ ਏਆਈ ਸਟਾਰਟਅੱਪ ਐਕਸਏਆਈ ਤੇ ਰਾਕੇਟ ਕੰਪਨੀ ਸਪੇਸਐਕਸ ਨੇ ਵੀ ਇਸ ਸਾਲ ਆਪਣੇ ਮੁਲਾਂਕਣ 'ਚ ਵਾਧਾ ਕੀਤਾ ਹੈ।




# ਫ਼ਾਰੂਕ ਅਬਦੁੱਲਾ ਹਸਪਤਾਲ ਦਾਖਲ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ (87) ਨੂੰ ਅੱਜ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪਾਰਟੀ ਆਗੂਆਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਠੀਕ ਮਹਿਸੂਸ ਨਹੀਂ ਕਰ ਰਹੇ ਸਨ।ਆਗੂਆਂ ਅਨੁਸਾਰ ਇਸ ਹਫ਼ਤੇ ਦੇ ਸ਼ੁਰੂ ' ਵਿੱਚ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਦੇ ਪੇਟ ਵਿੱਚ ਇਨਫੈਕਸ਼ਨ ਹੋ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਇਲਾਜ ਲਈ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪਾਰਟੀ ਦੇ ਆਗੂ ਨੇ ਕਿਹਾ, 'ਉਹ ਪਿਛਲੇ ਕੁਝ ਦਿਨਾਂ ਤੋਂ ਠੀਕ ਨਹੀਂ ਸਨ, ਪਰ ਹੁਣ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ।




## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

TBF
THE BAINS FIRM




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:


Phone: (510) 474-0028 • E-mail: info@thebainsfirm.com

www.thebainsfirm.com

Homeopathicvibes

Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

*We sell and ship homeopathic remedies through out North America.*

# ਆਨਲਾਈਨ ਗੇਮਿੰਗ ਕਾਨੂੰਨ ਦੀ ਉਲੰਘਣਾ 'ਤੇ ਜ਼ਮਾਨਤ ਨਹੀਂ

**ਨਵੀਂ ਦਿੱਲੀ:** ਸਰਕਾਰ ਨੇ ਆਨਲਾਈਨ ਗੇਮਿੰਗ ਕਾਨੂੰਨ ਨਾਲ ਸਬੰਧਤ ਨਿਯਮਾਂ ਦਾ ਖਰੜਾ ਜਾਰੀ ਕੀਤਾ, ਜਿਸ 'ਚ ਕਾਨੂੰਨ ਦੀ ਉਲੰਘਣਾ ਨੂੰ ਗ਼ੈਰ ਜ਼ਮਾਨਤੀ ਅਪਰਾਧ ਦੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਗੇਮਿੰਗ ਕੰਪਨੀ ਦੇ ਸਮੁੱਚੇ ਮੁਲਾਜ਼ਮਾਂ ਨੂੰ ਨਿਯਮ ਤੋੜਨ ਲਈ ਜ਼ਿੰਮੇਵਾਰ ਮੰਨਿਆ ਜਾਵੇਗਾ। ਖਰੜਾ ਨਿਯਮਾਂ ਮੁਤਾਬਕ ਅਥਾਰਟੀ ਅਧਿਕਾਰੀ ਨੂੰ ਪੀਆਰਓਜੀ ਕਾਨੂੰਨ, 2025 ਤਹਿਤ ਇਹੋ ਜਿਹੀ ਥਾਂ ਛਾਪਾ ਮਾਰਨ ਦੀ ਛੋਟ ਹੋਵੇਗੀ, ਜਿੱਥੇ ਭੌਤਿਕ ਜਾਂ ਡਿਜੀਟਲ ਆਨਲਾਈਨ ਗੇਮਿੰਗ ਪ੍ਰਕਿਰਿਆ ਚੱਲ ਰਹੀ ਹੋਵੇ ਜਾਂ ਚੱਲਣ ਦਾ ਖ਼ਦਸ਼ਾ ਹੋਵੇ। ਅਧਿਕਾਰੀ ਬਗ਼ੈਰ ਸਰਚ ਤੇ ਅਰੈਸਟ ਵਾਰੰਟ ਦੇ ਸ਼ੱਕੀ ਵਿਅਕਤੀ ਦੀ ਤਲਾਸ਼ੀ ਲੈ ਸਕੇਗਾ। ਖਰੜਾ ਨਿਯਮਾਂ ਮੁਤਾਬਕ ਧਾਰਾ 5 ਤੇ 7 ਤਹਿਤ ਅਪਰਾਧ ਸੰਗੀਨ ਤੇ ਗ਼ੈਰ ਜ਼ਮਾਨਤੀ ਹੋਣਗੇ। ਧਾਰਾ 5 ਸੰਸਥਾਵਾਂ ਨੂੰ ਆਨਲਾਈਨ ਮਨੀ ਗੇਮਸ 'ਤੇ ਆਨਲਾਈਨ ਮਨੀ ਗੇਮਿੰਗ ਸੇਵਾਵਾਂ ਦੀ ਪੇਸ਼ਕਸ਼ ਕਰਨ, ਸਹਾਇਤਾ ਦੇਣ, ਉਤਸ਼ਾਹਤ ਕਰਨ ਜਾਂ ਸ਼ਾਮਲ ਹੋਣ ਤੋਂ ਰੋਕਦੀਆਂ ਹਨ। ਉੱਥੇ ਹੀ ਧਾਰਾ 7 ਬੈਂਕਾਂ, ਵਿੱਤੀ ਅਦਾਰਿਆਂ ਜਾਂ ਕਿਸੇ ਹੋਰ ਵਿਅਕਤੀ ਨੂੰ ਆਨਲਾਈਨ ਗੇਮਿੰਗ ਸੇਵਾ ਲਈ ਵਿੱਤੀ ਲੈਣ-ਦੇਣ ਦੀ ਸਹੂਲਤ ਦੇਣ ਤੋਂ ਰੋਕਦੀਆਂ ਹਨ।



# Matrimonials

## ਲੜਕੇ ਦੀ ਲੋੜ ਹੈ

Looking for suitable match green card/citizen only for jatsikh girl 30, 5'.4", Masters in environmental Science, working in university. Brother Doctor in Stanford, parents well educated. Caste no bar. Please contact us at: Dhillon 3531@gmail.com With picture &biodata of the boy in question. 39-42

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Jatt Sikh Malhi family looking for a USA citizen/Green card holder match for their Decembe, 1991 born son, height 5'11". He has done Diploma in Hotel Management. Parents are living in India, father retired from government job, mother is housewife and one sister is married. Contact us at: +91 98783 42510 (WhatsApp)

41-44

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

41-44

Well settled Gursikh Amritdhari boy in USA, 1987 born, 5'-11" tall, MS Degree holder, works as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented, seeks Amritdhari (Keskidhari/ ready to tie Keski), educated, vegetarian, family oriented Girl. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or E-mail at cjsingh55@gmail.com

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage

A Nationwide Lender

Over 2 Decades of experience providing high level servicing for new and experienced borrowers!

Residential and Commercial Loans

Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859

balbir.grewal@sistarmortgage.com

balbirgrewal.sistarmortgage.com

https://www.nmlsconsumeraccess.org

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

847-359-0746

# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਚੋਣ ਅਕਤੂਬਰ 12, 2025




## Current Parbandhak Committee Slate Cndidates

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)



1. Bhupindar S. Dhillon ਭੁਪਿੰਦਰ (ਬੋਬ) ਸਿੰਘ ਢਿਲੋਂ
2. Dr. Gurinder Pal Singh ਡਾ: ਗੁਰਿੰਦਰ ਪਾਲ ਸਿੰਘ
3. Pritam Singh Grewal ਪ੍ਰੀਤਮ ਸਿੰਘ ਗਰੇਵਾਲ
4. Rajinder Singh Manger ਰਾਜਿੰਦਰ ਸਿੰਘ ਮੰਗਰ
5. Sukhdev Singh Bainiwal ਸੁਖਦੇਵ ਸਿੰਘ ਬੈਨੀਵਾਲ
6. Kirpal Singh Atwal ਕਿਰਪਾਲ ਸਿੰਘ ਅਟਵਾਲ
7. Surjit Singh Bains ਸੁਰਜੀਤ ਸਿੰਘ ਬੈਂਸ



8. Sohan Singh Dhanota ਸੋਹਨ ਸਿੰਘ ਧਨੋਟਾ
9. Dr. Harjinder S. Ladhar ਡਾ: ਹਰਜਿੰਦਰ ਸਿੰਘ ਲੱਧੜ
10. Gurpreet Singh ਗੁਰਪ੍ਰੀਤ ਸਿੰਘ
11. Harparminder S. Powar ਹਰਪ੍ਰਮਿੰਦਰ ਸਿੰਘ ਪੋਵਾਰ
12. Narinder K. Meharu ਨਰਿੰਦਰ ਕੋਰ ਮਹੇਰੂ
13. Pritpal Kaur ਪ੍ਰਿਤਪਾਲ ਕੋਰ
14. Sharanjit Kaur Bhandal ਸ਼ਰਨਜੀਤ ਕੋਰ ਭੰਡਾਲ



15. Dr. Balbir S. Bains ਡਾ: ਬਲਬੀਰ ਸਿੰਘ ਬੈਂਸ
16. Kuldip S.Shergill ਕੁਲਦੀਪ ਸਿੰਘ ਸ਼ੇਰਗਿਲ
17. Bahadur S. Deol ਬਹਾਦੁਰ ਸਿੰਘ ਦਿਉਲ
18. Gurpreet S. Sethi ਗੁਰਪ੍ਰੀਤ ਸਿੰਘ ਸੇਠੀ
19. Harduman S. Sanghera ਹਰਦੁਮਨ (ਬਿੱਲਾ) ਸਿੰਘ ਸੰਘੇੜਾ
20. Gurbux Singh Dhillon ਗੁਰਬਖਸ਼ ਸਿੰਘ ਢਿਲੋਂ
21. Jorawar Singh ਜੋਰਾਵਰ ਸਿੰਘ

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**

# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਚੋਣ ਅਕਤੂਬਰ 12, 2025

## ਸਮਾਂ: ਸਵੇਰੇ 8:00 ਵਜੇ ਤੋਂ ਸ਼ਾਮ 8:00 ਵਜੇ ਤੱਕ

## Vote to Current Parbandhak Committee Slate candidates and By laws amendment as marked below:

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰਾਂ ਅਤੇ ਬਾਈ ਲਾਜ਼ ਸੋਧ ਨੂੰ ਇਸ ਤਰ੍ਹਾਂ ਵੋਟ ਪਾਓ ਜਿਵੇਂ ਕਿ ਹੇਠਾਂ ਮਾਰਕ ਕੀਤਾ ਗਿਆ ਹੈ ਜੀ

### Parbandhak Committee Members

### ਪਰਬੰਧਕ ਕਮੇਟੀ ਮੈਂਬਰ

*Vote for no more than 21 candidates* *21 ਉਮੀਦਵਾਰਾਂ ਤੋਂ ਵੱਧ ਨੂੰ ਵੋਟ ਨਾ ਪਾਓ*

**Current Parbandhak Committee Slate candidates**
ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ

| | | |
|---|---|---|
| ● | Bhupinder (Bob) Singh Dhillon | ਭੁਪਿੰਦਰ (ਬੌਬ) ਸਿੰਘ ਢਿੱਲੋਂ |
| ● | Dr.Gurinder Pal Singh | ਡਾ. ਗੁਰਿੰਦਰ ਪਾਲ ਸਿੰਘ |
| ● | Pritam Singh Grewal | ਪਰੀਤਮ ਸਿੰਘ ਗਰੇਵਾਲ |
| ● | Rajinder Singh Managar | ਰਾਜਿੰਦਰ ਸਿੰਘ ਮੰਗਰ |
| ● | Sukhdev Singh Bainiwal | ਸੁਖਦੇਵ ਸਿੰਘ ਬੈਨੀਵਾਲ |
| ● | Kirpal Singh Atwal | ਕਿਰਪਾਲ ਸਿੰਘ ਅਠਵਾਲ |
| ● | Surjit Singh Bains | ਸੁਰਜੀਤ ਸਿੰਘ ਬੈਂਸ |
| ● | Sohan Singh Dhanota | ਸੋਹਣ ਸਿੰਘ ਧਨੋਤਾ |
| ● | Dr. Harjinder Singh Ladhar | ਡਾ. ਹਰਜਿੰਦਰ ਸਿੰਘ ਲੱਧੜ |
| ● | Gurpreet Singh | ਗੁਰਪਰੀਤ ਸਿੰਘ |
| ● | Harparminder Singh Powar | ਹਰਪਰਮਿੰਦਰ ਸਿੰਘ ਪਵਾਰ |
| ● | Narinder Kaur Meharu | ਨਰਿੰਦਰ ਕੌਰ ਮਹੇੜੂ |
| ● | Pritpal Kaur | ਪਰਿਤਪਾਲ ਕੌਰ |
| ● | Sharanjit Kaur Bhandal | ਸ਼ਰਨਜੀਤ ਕੌਰ ਭੰਡਾਲ |
| ● | Dr. Balbir Singh Bains | ਡਾ. ਬਲਬੀਰ ਸਿੰਘ ਬੈਂਸ |
| ● | Bahadur Singh Deol | ਬਹਾਦਰ ਸਿੰਘ ਦਿਓਲ |
| ● | Kuldip Singh Shergill | ਕੁਲਦੀਪ ਸਿੰਘ ਸ਼ੇਰਗਿੱਲ |
| ● | Gurpreet Singh Sethi | ਗੁਰਪਰੀਤ ਸਿੰਘ ਸੇਠੀ |
| ● | Harparduman Singh Sanghera | ਹਰਪ੍ਰਦੁਮਨ (ਬਿੱਲਾ) ਸਿੰਘ ਸੰਘੇੜਾ |
| ● | Gurbax Singh Dhillon | ਗੁਰਬਖਸ਼ ਸਿੰਘ ਢਿੱਲੋਂ |
| ● | Zorawar Singh | ਜ਼ੋਰਾਵਰ ਸਿੰਘ |

**Sadh Sangat Slate candidates**
ਸਾਧ ਸੰਗਤ ਸਲੇਟ ਉਮੀਦਵਾਰ

| | | |
|---|---|---|
| ○ | Bhupinder Singh Cheema | ਭੁਪਿੰਦਰ ਸਿੰਘ ਚੀਮਾ |
| ○ | Harpal Singh Chahal | ਹਰਪਾਲ ਸਿੰਘ ਚਾਹਲ |
| ○ | Kashmir Singh Kalkut | ਕਸ਼ਮੀਰ ਸਿੰਘ ਕਾਲਕਟ |
| ○ | Kulwinder Kaur Cheema | ਕੁਲਵਿੰਦਰ ਕੌਰ ਚੀਮਾ |
| ○ | Jagjit Singh | ਜਗਜੀਤ ਸਿੰਘ |
| ○ | Satnam Singh Dhillon | ਸਤਨਾਮ ਸਿੰਘ ਢਿੱਲੋਂ |
| ○ | Trilochan Singh Sra | ਤ੍ਰਿਲੋਚਨ ਸਿੰਘ ਸਰਾ |
| ○ | Gurmail Singh Khalsa | ਗੁਰਮੇਲ ਸਿੰਘ ਖਾਲਸਾ |
| ○ | Karnail Singh | ਕਰਨੈਲ ਸਿੰਘ |
| ○ | Dr. Satwinder Singh Bajwa | ਡਾ. ਸਤਵਿੰਦਰ ਸਿੰਘ ਬਾਜਵਾ |
| ○ | Jatinder Kaur | ਜਤਿੰਦਰ ਕੌਰ |
| ○ | Sukhwirr Singh Randhawa | ਸੁਖਵੀਰ ਸਿੰਘ ਰੰਧਾਵਾ |
| ○ | Amrik Singh Lubana | ਅਮਰੀਕ ਸਿੰਘ ਲੁਬਾਨਾ |
| ○ | Gulbag Singh Lubana | ਗੁਲਬਾਗ ਸਿੰਘ ਲੁਬਾਨਾ |
| ○ | Raghubir Singh Dhillon | ਰਘੁਬੀਰ ਸਿੰਘ ਢਿੱਲੋਂ |
| ○ | Baldev Singh Jandu | ਬਲਦੇਵ ਸਿੰਘ ਜੰਡੂ |
| ○ | Joginder Kur Dhaliwal | ਜਗਿੰਦਰ ਕੌਰ ਧਾਲੀਵਾਲ |
| ○ | Kulwant Kur Chahal | ਕੁਲਵੰਤ ਕੌਰ ਚਾਹਲ |
| ○ | Kamaljit Singh Cheema | ਕਮਲਜੀਤ ਸਿੰਘ ਚੀਮਾ |
| ○ | Jagjit Singh Mand | ਜਗਜੀਤ ਸਿੰਘ ਮੰਡ |
| ○ | Jaspal Singh Saini | ਜਸਪਾਲ ਸਿੰਘ ਸੈਣੀ |

***Change /Amend Article IV (A) (6) (b) from 2 years to 4 years with condition of two consecutive terms, and applies to elected members in this election and onwards.***

ਧਾਰਾ IV (A) (6) (b) ਨੂੰ ਬਦਲੋ/ ਸੋਧੋ, 2 ਸਾਲ ਤੋਂ 4 ਸਾਲ ਤੱਕ ਸ਼ਰਤ ਦੇ ਨਾਲ ਲਗਾਤਾਰ ਦੋ ਕਾਰਜਕਾਲਾਂ ਦੀ, ਅਤੇ ਇਹ ਇਸ ਚੋਣ ਅਤੇ ਉਸ ਤੋਂ ਬਾਅਦ ਚੁਣੇ ਗਏ ਮੈਂਬਰਾਂ 'ਤੇ ਲਾਗੂ ਹੋਵੇਗਾ।

● **Yes** ਹਾਂ

○ **No** ਨਹੀਂ

**Independent Candidates**
ਆਜ਼ਾਦ ਉਮੀਦਵਾਰ
Arvinder Singh ਅਰਵਿੰਦਰ ਸਿੰਘ

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪੰਜਾਬ ਨੂੰ ਬਚਾਉਣ ਲਈ ਅਕਾਲੀ ਦਲ ਦਾ ਸੱਤਾ 'ਚ ਆਉਣਾ ਜ਼ਰੂਰੀ: ਸੁਖਬੀਰ ਬਾਦਲ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਬ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅੱਜ ਇੱਥੇ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਆਪਣੀ ਪਾਰਟੀ ਹੈ ਅਤੇ ਉਹਨਾਂ ਦਾ ਜੰਮਣਾ ਤੇ ਮਰਨਾ ਪੰਜਾਬ ਲਈ ਹੀ ਹੈ, ਜਦ ਕਿ ਬਾਕੀ ਪਾਰਟੀਆਂ ਵਾਲੇ ਪੰਜਾਬ ਨੂੰ ਲੁੱਟਣ ਤੇ ਕੁੱਟਣ ਲਈ ਹੀ ਆਉਂਦੀਆਂ ਹਨ। ਇਸ ਲਈ ਪੰਜਾਬ ਨੂੰ ਬਚਾਉਣ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾਉਣਾ ਬਹੁਤ ਹੀ ਜ਼ਰੂਰੀ ਹੈ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਭਲਾਈ ਲਈ ਕੀਤਾ ਹੈ, ਉਹ ਅੱਜ ਤੱਕ ਕਿਸੇ ਹੋਰ ਪਾਰਟੀ ਦੀ ਸਰਕਾਰ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਝਾੜੂ ਵਾਲੇ ਪੰਜਾਬ ਨੂੰ ਸਿਰਫ਼ ਲੁੱਟਣ ਲਈ ਆਏ ਹਨ। ਉਹਨਾਂ ਨੂੰ ਪੰਜਾਬ ਨਾਲ ਕੋਈ ਦਰਦ ਨਹੀਂ ਹੈ। ਸੁਖਬੀਰ ਨੇ ਕਿਹਾ ਕਿ ਜੇਕਰ ਹੁਣ ਵੀ ਅਸੀਂ ਵੇਲਾ ਖੁੰਝਾ ਲਿਆ, ਤਾਂ ਸਾਨੂੰ ਪਛਤਾਉਣਾ ਪਵੇਗਾ। ਉਨ੍ਹਾਂ ਕਿਹਾ ਕਿ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਕੇ ਇਸ ਦੀ ਸਰਕਾਰ ਬਣਾਈਏ, ਤਾਂ ਜੋ ਪੰਜਾਬ ਨੂੰ ਮੁੜ ਤੋਂ ਹੱਸਦਾ ਵੱਸਦਾ ਤੇ ਰੰਗਲਾ ਪੰਜਾਬ ਬਣਾਇਆ ਜਾ ਸਕੇ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੀ ਪੰਜਾਬ ਅੰਦਰ ਆਪਸੀ ਭਾਈਚਾਰਕ ਸਾਂਝ ਤੇ ਅਮਨ ਸ਼ਾਂਤੀ ਲਿਆ ਸਕਦੀ ਹੈ।

**ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਭਲਾਈ ਲਈ ਕੀਤਾ ਹੈ, ਉਹ ਅੱਜ ਤੱਕ ਕਿਸੇ ਹੋਰ ਪਾਰਟੀ ਦੀ ਸਰਕਾਰ ਨਹੀਂ ਕਰ ਸਕੀ।**

ਇਸ ਮੌਕੇ ਮਹੇਸ਼ਇੰਦਰ ਸਿੰਘ ਗਰੇਵਾਲ ਸਾਬਕਾ ਕੈਬਨਿਟ ਮੰਤਰੀ, ਸ਼ਰਨਜੀਤ ਸਿੰਘ ਢਿੱਲੋਂ ਸਾਬਕਾ ਕੈਬਨਿਟ ਮੰਤਰੀ, ਜਥੇਦਾਰ ਹੀਰਾ ਸਿੰਘ ਗਾਬੜੀਆ ਸਾਬਕਾ ਕੈਬਨਿਟ ਮੰਤਰੀ, ਨਰੇਸ਼ ਧੀਂਗਾਨ ਪ੍ਰਬੰਧਕ ਤੇ ਮੈਂਬਰ ਵਰਕਿੰਗ ਕਮੇਟੀ ਸ਼੍ਰੋਮਣੀ ਅਕਾਲੀ ਦਲ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਰਣਜੀਤ ਸਿੰਘ ਢਿੱਲੋਂ ਇੰਚਾਰਜ ਲੋਕ ਸਭਾ ਹਲਕਾ ਲੁਧਿਆਣਾ, ਭੁਪਿੰਦਰ ਸਿੰਘ ਭਿੰਦਾ ਪ੍ਰਧਾਨ ਅਕਾਲੀ ਜਥਾ ਲੁਧਿਆਣਾ ਸ਼ਹਿਰੀ ਆਦਿ ਹਾਜ਼ਰ ਸਨ।

# ਅਮਰੀਕਾ: ਹਾਦਸੇ ਵਿਚ ਪੰਜਾਬੀ ਪਿਓ-ਪੁੱਤਰ ਦੀ ਮੌਤ

**ਸਮਾਣਾ:** ਅਮਰੀਕਾ 'ਚ ਵਾਪਰੇ ਸੜਕ ਹਾਦਸੇ 'ਚ ਸਮਾਣਾ ਦੇ ਫ਼ਤਿਹਗੜ੍ਹ ਛੰਨਾ ਪਿੰਡ ਦੇ ਪਿਤਾ-ਪੁੱਤਰ ਦੀ ਮੌਤ ਹੋ ਗਈ। ਪ੍ਰਦੀਪ ਆਪਣੀ ਪਤਨੀ, ਪੁੱਤਰ ਤੇ ਦੋਸਤ ਨਾਲ ਕੈਨੇਡਾ 'ਚ ਵਿਆਹ ਦੀ ਵਰ੍ਹੇਗੰਢ ਮਨਾਉਣ ਗਿਆ ਸੀ। ਉਹ ਬਰੈਂਪਟਨ ਤੋਂ ਵਾਪਸ ਅਮਰੀਕਾ ਆ ਰਹੇ ਸਨ ਕਿ ਰਸਤੇ



'ਚ ਤੇਜ਼ ਰਫ਼ਤਾਰ ਟਰੱਕ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਪ੍ਰਦੀਪ (35) ਤੇ ਉਸ ਦੇ ਪੁੱਤਰ ਆਯਾਂਸ (7) ਦੀ ਮੌਤ ਹੋ ਗਈ। ਉਸਦੀ ਪਤਨੀ ਅੰਸੁਲਾ ਤੇ ਦੋਸਤ ਗੰਭੀਰ ਜਖਮੀ ਹੋ ਗਏ।

# ਚੋਣ ਕਮਿਸ਼ਨ ਨੇ ਵੋਟਰ ਸੂਚੀਆਂ 'ਚੋਂ ਹਟਾਏ ਗੈਰ-ਨਾਗਰਿਕਾਂ ਦੀ ਗਿਣਤੀ ਬਾਰੇ ਨਹੀਂ ਦੱਸਿਆ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਮੰਗਲਵਾਰ ਨੂੰ ਕਿਹਾ ਕਿ ਵੋਟਰ ਸੂਚੀਆਂ ਵਿੱਚੋਂ ਗੈਰ-ਨਾਗਰਿਕਾਂ ਨੂੰ ਹਟਾਉਣ ਲਈ ਐੱਸ ਆਈ ਆਰ ਪ੍ਰਕਿਰਿਆ ਦੀ ਲੋੜ ਬਾਰੇ ਬਹੁਤ ਕੁਝ ਕਿਹਾ ਗਿਆ ਸੀ, ਪਰ ਚੋਣ ਕਮਿਸ਼ਨ ਕੋਲ ਦੇਸ਼ ਨੂੰ ਇਹ ਦੱਸਣ ਦੀ ਇਮਾਨਦਾਰੀ ਜਾਂ ਹਿੰਮਤ ਨਹੀਂ ਹੈ ਕਿ ਬਿਹਾਰ ਦੀਆਂ ਵੋਟਰ ਸੂਚੀਆਂ ਵਿੱਚੋਂ ਕਿੰਨੇ ਗੈਰ-ਨਾਗਰਿਕਾਂ ਨੂੰ ਹਟਾਇਆ ਗਿਆ ਹੈ । ਵਿਰੋਧੀ ਪਾਰਟੀ ਨੇ ਇਹ ਵੀ ਕਿਹਾ ਕਿ ਜੇਕਰ ਚੋਣ ਸੰਸਥਾ ਨੇ ਇਹ ਜਾਣਕਾਰੀ ਦਿੱਤੀ ਹੁੰਦੀ ਕਿ ਬਿਹਾਰ ਵਿੱਚ ਕਿੰਨੇ ਅਜਿਹੇ ਗੈਰ-ਨਾਗਰਿਕਾਂ ਨੂੰ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤਾ ਗਿਆ ਹੈ, ਤਾਂ ਇਹ ਪਹਿਲਾਂ ਨਾਲੋਂ ਵੀ ਵੱਧ ਬੇਨਕਾਬ ਹੋ ਜਾਂਦਾ । ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਸੰਚਾਰ ਜੈਰਾਮ ਰਮੇਸ਼ ਨੇ ਇਹ ਟਿੱਪਣੀ ਅਜਿਹੇ ਮੌਕੇ ਕੀਤੀ ਹੈ ਜਦੋਂ ਬਿਹਾਰ ਵਿਚ ਵਿਸ਼ੇਸ਼ ਵਿਆਪਕ ਸੁਧਾਈ (SIR) 'ਤੇ ਸੁਪਰੀਮ ਕੋਰਟ ਵਿਚ ਮੰਗਲਵਾਰ ਤੋਂ ਮੁੜ ਸੁਣਵਾਈ ਸ਼ੁਰੂ ਹੋ ਰਹੀ ਹੈ। ਰਮੇਸ਼ ਨੇ ਇੱਕ ਅਖਬਾਰ ਵਿੱਚ ਪ੍ਰਕਾਸ਼ਿਤ SIR ਅਭਿਆਸ ਦਾ



ਵਿਸ਼ਲੇਸ਼ਣ ਵੀ ਸਾਂਝਾ ਕੀਤਾ। ਰਮੇਸ਼ ਨੇ ਕਿਹਾ, ''ਇਹ ਬਿਹਤਰੀਨ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਚੋਣ ਕਮਿਸ਼ਨ ਵੱਲੋਂ SIR ਦੇ ਨਾਂ 'ਤੇ ਕੀਤੀ ਗਈ ਇਹ ਪੂਰੀ ਮਸ਼ਕ ਸੰਪੂਰਨਤਾ, ਇਕਸਾਰਤਾ ਅਤੇ ਸ਼ੁੱਧਤਾ ਦੇ ਤਿੰਨਾਂ ਮਾਪਦੰਡਾਂ 'ਤੇ ਅਸਫਲ ਰਹੀ ਹੈ।'' ਕਾਂਗਰਸ ਆਗੂ ਨੇ ਕਿਹਾ, ''ਵੋਟਰ ਸੂਚੀ 'ਚੋਂ ਗੈਰ- ਨਾਗਰਿਕਾਂ ਨੂੰ ਹਟਾਉਣ ਲਈ SIR ਮਸ਼ਕ ਦੀ ਲੋੜ ਬਾਰੇ ਬਹੁਤ ਕੁਝ ਕਿਹਾ ਗਿਆ ਸੀ । ਚੋਣ ਕਮਿਸ਼ਨ ਕੋਲ ਦੇਸ਼ ਨੂੰ ਇਹ ਦੱਸਣ ਦੀ ਇਮਾਨਦਾਰੀ ਜਾਂ ਹਿੰਮਤ ਨਹੀਂ ਹੈ ਕਿ ਬਿਹਾਰ ਵਿੱਚ ਕਿੰਨੇ ਅਜਿਹੇ ਗੈਰ- ਨਾਗਰਿਕਾਂ ਨੂੰ ਵੋਟਰ ਸੂਚੀ 'ਚੋਂ ਹਟਾਇਆ ਗਿਆ ਹੈ।''

ਰਮੇਸ਼ ਨੇ ਕਿਹਾ, ''ਚੋਣ ਕਮਿਸ਼ਨ ਨੇ ਜੇਕਰ ਅਜਿਹਾ ਕੀਤਾ ਹੁੰਦਾ, ਤਾਂ ਉਸ ਦੇ ਭੇਦ ਹੋਰ ਵੀ ਬੇਨਕਾਬ ਹੋ ਜਾਂਦੇ ।'' ਬਿਹਾਰ ਵਿੱਚ ਚੋਣ ਕਮਿਸ਼ਨ ਦੀ SIR ਪ੍ਰਕਿਰਿਆ ਦਾ ਵਿਰੋਧੀ ਧਿਰ ਨੇ ਸਖ਼ਤ ਵਿਰੋਧ ਕੀਤਾ ਹੈ। ਵਿਰੋਧੀ ਧਿਰ ਨੇ ਚੋਣ ਕਮਿਸ਼ਨ 'ਤੇ ਸੱਤਾਧਾਰੀ ਭਾਜਪਾ ਦੇ ਇਸ਼ਾਰੇ ਉੱਤੇ ਕੰਮ ਕਰਨ ਦਾ ਦੋਸ਼ ਲਗਾਇਆ ਹੈ। ਕਮਿਸ਼ਨ ਹਾਲਾਂਕਿ ਇਸ ਦੋਸ਼ ਨੂੰ ਜ਼ੋਰਦਾਰ ਢੰਗ ਨਾਲ ਨਕਾਰਦਾ ਰਿਹਾ ਹੈ। ਬਿਹਾਰ ਵਿੱਚ 6 ਅਤੇ 11 ਨਵੰਬਰ ਨੂੰ ਦੋ ਪੜਾਵਾਂ ਵਿੱਚ ਚੋਣਾਂ ਹੋਣਗੀਆਂ ਜਦੋਂਕਿ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਬਿਹਾਰ ਵਿਚ ਮੁੱਖ ਮੁਕਾਬਲਾ ਸੱਤਾਧਾਰੀ ਐਨਡੀਏ ਤੇ ਵਿਰੋਧੀ ਧਿਰਾਂ ਦੇ ਮਹਾਂਗੱਠਜੋੜ ਦਰਮਿਆਨ ਹੈ। ਹਾਲਾਂਕਿ ਪ੍ਰਸ਼ਾਂਤ ਕਿਸ਼ੋਰ ਦੀ ਅਗਵਾਈ ਵਾਲੀ 'ਜਨ ਸੁਰਾਜ ਪਾਰਟੀ' ਵੀ ਮੈਦਾਨ ਵਿਚ ਹੈ, ਜੋ ਕਿੰਗ ਮੇਕਰ ਸਾਬਤ ਹੋ ਸਕਦੀ ਹੈ।

# ਪੰਜਾਬ ਤੋਂ ਰਾਜ ਸਭਾ ਦੀ ਚੋਣ ਲਈ ਨੋਟੀਫ਼ਿਕੇਸ਼ਨ ਜਾਰੀ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ1ਜੁਲਾਈ, 2025 ਨੂੰ ਸ੍ਰੀ ਸੰਜੀਵ ਅਰੋੜਾ ਦੇ ਅਸਤੀਫ਼ੇ ਉਪਰੰਤ ਖਾਲੀ ਹੋਈ ਸੀਟ ਲਈ ਪੰਜਾਬ ਤੋਂ ਰਾਜ ਸਭਾ ਦੀ ਜ਼ਿਮਨੀ ਚੋਣ ਲਈ ਸ਼ਡਿਊਲ ਨੋਟੀਫਾਈ ਕਰ ਦਿੱਤਾ ਹੈ। ਇਸ ਖਾਲੀ ਸੀਟ ਦੀ ਮਿਆਦ 9 ਅਪ੍ਰੈਲ, 2028 ਤੱਕ ਹੈ।ਚੋਣ ਕਮਿਸ਼ਨ ਦੁਆਰਾ 6 ਅਕਤੂਬਰ, 2025 ਨੂੰ



ਜਾਰੀ ਨੋਟੀਫਿਕੇਸ਼ਨ ਅਨੁਸਾਰ, ਲੋਕ ਪ੍ਰਤੀਨਿਧਤਾ ਐਕਟ, 1951 ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਨੁਸਾਰ ਉਕਤ ਖਾਲੀ ਥਾਂ ਨੂੰ ਭਰਨ ਲਈ ਉਪ-ਚੋਣ ਕਰਵਾਈ ਜਾਵੇਗੀ।

ਇਸ ਸ਼ਡਿਊਲ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ 6 ਅਕਤੂਬਰ ਤੋਂ ਸ਼ੁਰੂ ਹੈ ਅਤੇ 13 ਅਕਤੂਬਰ, 2025 (ਸੋਮਵਾਰ) ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖਰੀ ਮਿਤੀ ਹੈ, ਹਾਲਾਂਕਿ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ 25 ਅਧੀਨ ਇਸ ਦੌਰਾਨ ਆਉਣ ਵਾਲੀਆਂ ਗਜ਼ਟਿਡ ਜਨਤਕ ਛੁੱਟੀਆਂ ਵਾਲੇ ਦਿਨ ਕੋਈ ਨਾਮਜ਼ਦਗੀ ਸਵੀਕਾਰ ਨਹੀਂ ਕੀਤੀ ਜਾਵੇਗੀ।

- **14 ਅਕਤੂਬਰ, 2025 (ਮੰਗਲਵਾਰ):** ਨਾਮਜ਼ਦਗੀਆਂ ਦੀ ਪੜਤਾਲ ਦੀ ਮਿਤੀ
- **16 ਅਕਤੂਬਰ, 2025 (ਵੀਰਵਾਰ):** ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ
- **24 ਅਕਤੂਬਰ, 2025 (ਸ਼ੁੱਕਰਵਾਰ):** ਵੋਟਿੰਗ ਦੀ ਮਿਤੀ (ਜੇਕਰ ਜ਼ਰੂਰੀ ਹੋਵੇ)

**28 ਅਕਤੂਬਰ, 2025 (ਮੰਗਲਵਾਰ):** ਉਹ ਮਿਤੀ ਜਿਸ ਤੋਂ ਪਹਿਲਾਂ ਚੋਣ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ

ਵੋਟਿੰਗ, ਜੇਕਰ ਲੋੜੀਂਦੀ ਹੋਈ, ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗੀ।

## ਲੋਕ ਸਭਾ ਚੋਣਾਂ ਵੇਲੇ ਕੀ ਸੀ ਤਰਨਤਾਰਨ ਦੀ ਸਥਿਤੀ?

*(ਪਹਿਲੇ ਸਫ਼ੇ ਦਾ ਬਾਕੀ)*

2024 'ਚ ਅੰਮ੍ਰਿਤਪਾਲ ਸਿੰਘ ਨੂੰ ਤਰਨਤਾਰਨ ਤੋਂ 44,703 ਵੋਟਾਂ ਮਿਲੀਆਂ ਸਨ। 2024 'ਚ ਕਾਂਗਰਸ ਦੇ ਕੁਲਬੀਰ ਜ਼ੀਰਾ ਨੂੰ ਤਰਨਤਾਰਨ 'ਚ 20,193 ਵੋਟਾਂ ਮਿਲੀਆਂ ਸਨ । 2024 'ਚ 'ਆਪ' ਦੇ ਲਾਲਜੀਤ ਸਿੰਘ ਭੁੱਲਰ ਨੂੰ ਤਰਨਤਾਰਨ 'ਚ 18,298 ਵੋਟਾਂ ਮਿਲੀਆਂ ਸਨ। 2024 'ਚ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਨੂੰ 10,896 ਵੋਟਾਂ ਮਿਲੀਆਂ ਸਨ। 2022 'ਚ ਡਾ. ਕਸ਼ਮੀਰ ਸਿੰਘ ਸੋਹਲ ਜੇਤੂ ਰਹੇ ਸਨ ਉਨ੍ਹਾਂ ਨੇ ਹਰਮੀਤ ਸਿੰਘ ਸੰਧੂ ਨੂੰ ਹਰਾਇਆ ਸੀ। ਅਕਾਲੀ ਦਲ ਵੱਲੋਂ ਚੋਣ ਹਰਮੀਤ ਸੰਧੂ ਲੜੇ ਸਨ,ਕਸ਼ਮੀਰ ਸਿੰਘ ਸੋਹਲ ਨੂੰ 52,935 ਵੋਟਾਂ ਪਈਆਂ ਸਨ। ਹਰਮੀਤ ਸਿੰਘ ਸੰਧੂ ਨੂੰ 39,347 ਵੋਟਾਂ ਮਿਲੀਆਂ ਸਨ, ਡਾ. ਸੋਹਲ13,588 ਵੋਟਾਂ ਨਾਲ ਜੇਤੂ ਰਹੇ ਸਨ। ਕਾਂਗਰਸ ਦੇ ਧਰਮਵੀਰ ਅਗਨੀਹੋਤਰੀ ਨੂੰ 26,535 ਵੋਟਾਂ ਮਿਲੀਆਂ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਝੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਰਤੀ ਧੀਆਂ ਨੇ ਵੀ ਪਾਕਿਸਤਾਨ ਨੂੰ ਕੀਤਾ ਚਿੱਤ

**ਨਵੀਂ ਦਿੱਲੀ:** ਲਗਾਤਾਰ ਚੌਥੇ ਐਤਵਾਰ ਨੂੰ ਕ੍ਰਿਕਟ ਦੇ ਮੈਦਾਨ 'ਚ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਆਹਮੋ-ਸਾਹਮਣੇ ਸਨ। ਮਰਦ ਏਸ਼ੀਆ ਕੱਪ ਟੀ-20 'ਚ ਸੂਰਿਆ ਕੁਮਾਰ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਪਾਕਿਸਤਾਨ ਨੂੰ ਤਿੰਨ ਵਾਰ ਹਰਾਇਆ ਤੇ ਹੁਣ ਵਾਰੀ ਸੀ ਭਾਰਤੀ ਧੀਆਂ ਦੀ। ਮਹਿਲਾ ਵਨਡੇ ਵਿਸ਼ਪ ਕੱਪ 'ਚ ਐਤਵਾਰ ਨੂੰ ਖੇਡੇ ਗਏ ਮੁਕਾਬਲੇ 'ਚ ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਪਾਕਿਸਤਾਨ ਨੂੰ ਚਾਰੋ ਖਾਨੇ ਚਿੱਤ ਕਰਦਿਆਂ 88 ਦੌੜਾਂ ਨਾਲ ਜਿੱਤ ਦਰਜ ਕੀਤੀ। ਇਸ ਦੇ ਨਾਲ ਹੀ ਵਨਡੇ 'ਚ ਭਾਰਤੀ ਟੀਮ ਨੇ ਪਾਕਿਸਤਾਨ ਖ਼ਿਲਾਫ਼ ਜਿੱਤ ਦਾ ਰਿਕਾਰਡ 12-0 ਕਰ ਲਿਆ।




ਕੋਲੰਬੋ ਦੇ ਆਰ ਪ੍ਰੇਮਦਾਸਾ ਸਟੇਡੀਅਮ 'ਚ ਖੇਡੇ ਗਏ ਮੁਕਾਬਲੇ 'ਚ ਮੈਚ ਰੈਫਰੀ ਦੀ ਗ਼ਲਤੀ ਨਾਲ ਟਾਸ ਪਾਕਿਸਤਾਨ ਦੇ ਪੱਖ 'ਚ ਗਿਆ ਤੇ ਉਸ ਨੇ ਪਹਿਲਾਂ ਗੇਂਦਬਾਜ਼ੀ ਚੁਣੀ। ਭਾਰਤ ਨੇ ਹਰਲੀਨ ਦਿਓਲ (46) ਤੇ ਰਿਚਾ ਘੋਸ਼ (35) ਦੀਆਂ ਪਾਰੀਆਂ ਨਾਲ 247 ਦੌੜਾਂ ਦਾ ਸਕੋਰ ਖੜ੍ਹਾਂ ਕੀਤਾ। ਇਸ ਤੋਂ ਬਾਅਦ ਕ੍ਰਾਂਤੀ ਗੌੜ (3/20) ਦੇ ਦੀਪਤੀ ਸ਼ਰਮਾ (3/45) ਦੀ ਗੇਂਦਬਾਜ਼ੀ ਅੱਗੇ ਪਾਕਿਸਤਾਨੀ ਟੀਮ 159 ਦੌੜਾਂ 'ਤੇ ਢੇਰ ਹੋ ਗਈ। ਸ਼ਾਨਦਾਰ ਗੇਂਦਬਾਜ਼ੀ ਲਈ ਕ੍ਰਾਂਤੀ ਗੌੜ ਨੂੰ ਪਲੇਅਰ ਆਫ ਦਿ ਮੈਚ ਚੁਣਿਆ ਗਿਆ। ਏਸ਼ੀਆ ਕੱਪ ਵਾਂਗ ਹੀ ਮਹਿਲਾ ਵਿਸ਼ਵ ਕੱਪ 'ਚ ਵੀ ਭਾਰਤੀ ਕਪਤਾਨ ਹਰਮਨਪ੍ਰੀਤ ਕੌਰ ਨੇ ਟਾਸ ਦੌਰਾਨ ਪਾਕਿਸਤਾਨੀ ਕਪਤਾਨ ਫਾਤਿਮਾ ਸਨਾ ਨਾਲ ਹੱਥ ਨਹੀਂ ਮਿਲਾਇਆ।

# ਅੰਮ੍ਰਿਤਸਰ ਤੋਂ ਬਰਮਿੰਘਮ ਜਾ ਰਹੇ ਜਹਾਜ਼ ਦੇ ਦੋਵੇਂ ਇੰਜਣ ਹੋਏ ਬੰਦ

## ਅਹਿਮਦਾਬਾਦ ਵਰਗਾ ਹਾਦਸਾ ਹੁੰਦੇ-ਹੁੰਦੇ ਟਲਿਆ

ਮੁੰਬਈ:ਅਹਿਮਦਾਬਾਦ ਵਰਗਾ ਇਕ ਹੋਰ ਹਵਾਈ ਹਾਦਸਾ ਹੁੰਦੇ-ਹੁੰਦੇ ਟਲ ਗਿਆ। ਅੰਮ੍ਰਿਤਸਰ ਤੋਂ ਬਰਮਿੰਘਮ ਗਏ ਏਅਰ ਇੰਡੀਆ ਦੇ ਬੋਇੰਗ 787 ਡ੍ਰੀਮਲਾਈਨਰ ਦਾ ਰੈਮ ਏਅਰ ਟਰਬਾਈਨ (ਆਰਏਟੀ) ਸ਼ਨਿਚਰਵਾਰ ਨੂੰ ਹਵਾਈ ਅੱਡੇ 'ਤੇ ਉਤਰਣ ਦੌਰਾਨ ਅਣਕਿਆਸੇ ਢੰਗ ਨਾਲ ਸਰਗਰਮ ਹੋ ਗਿਆ। ਹਾਲਾਂਕਿ ਹਵਾਈ ਜਹਾਜ਼ ਸੁਰੱਖਿਅਤ ਹੇਠਾਂ ਉਤਾਰ ਲਿਆ ਗਿਆ। ਆਰਏਟੀ ਦੋਵਾਂ ਇੰਜਣਾਂ ਦੇ ਕੰਮ ਕਰਨਾ ਬੰਦ ਕਰਨ ਜਾਂ ਪੂਰਨ ਇਲੈਕਟ੍ਰਾਨਿਕ ਜਾਂ ਹਾਈਡ੍ਰੌਲਿਕ ਨਾਕਾਮੀ ਦੀ ਸਥਿਤੀ 'ਚ ਆਪਣੇ ਆਪ ਸਰਗਰਮ ਹੋ ਜਾਂਦਾ ਹੈ। ਇਹ ਐਮਰਜੈਂਸੀ ਊਰਜਾ ਪੈਦਾ ਕਰਨ ਲਈ ਹਵਾ ਦੀ ਰਫ਼ਤਾਰ ਦਾ ਇਸਤੇਮਾਲ ਕਰਦਾ ਹੈ।

ਏਅਰ ਇੰਡੀਆ ਦਾ ਕਹਿਣਾ ਹੈਕਿ ਹਵਾਈ ਜਹਾਜ਼ ਦੇ ਸਾਰੇ ਬਿਜਲੀ ਤੇ ਹਾਈਡ੍ਰੌਲਿਕ ਪੈਰਾਮੀਟਰ ਠੀਕ ਪਾਏ ਗਏ ਹਨ। ਇਸ ਦਾ ਮਤਲਬ ਹੈ ਕਿ ਦੋਵੇਂ ਇੰਜਣ ਬੰਦ ਹੋਣ ਕਾਰਨ ਆਰਏਟੀ ਸਰਗਰਮ ਹੋ ਗਿਆ ਹੋਵੇਗਾ। ਟਾਟਾ ਸਮੂਹ ਦੀ ਮਲੀਅਤ ਵਾਲੀ ਹਵਾਬਾਜ਼ੀ ਕੰਪਨੀ ਨੇ ਕਿਹਾ ਕਿ ਉਸ ਨੇ ਬਰਮਿੰਘਮ-ਦਿੱਲੀ ਉਡਾਣ ਰੱਦ ਕਰ ਦਿੱਤੀ ਹੈ, ਕਿਉਂਕਿ ਹਵਾਈ ਜਹਾਜ਼ ਨੂੰ ਜਾਂਚ ਲਈ ਰੋਕ ਲਿਆ ਗਿਆ ਹੈ। ਯਾਤਰੀਆਂ ਲਈ ਬਦਲਵੀਂ ਵਿਵਸਥਾ ਕੀਤੀ ਜਾ ਰਹੀ ਹੈ। ਏਅਰ ਇੰਡੀਆ ਨੇ ਹਵਾਈ ਜਹਾਜ਼ 'ਚ ਸਵਾਰ ਲੋਕਾਂ ਦੀ ਗਿਣਤੀ ਸਮੇਤ ਵਿਸ਼ੇਸ਼ ਵੇਰਵੇ ਸਾਂਝੇ ਨਹੀਂ ਕੀਤੇ।




ਜ਼ਿਕਰਯੋਗ ਹੈ ਕਿ ਇਸ ਸਾਲ ਜੂਨ 'ਚ ਏਅਰ ਇੰਡੀਆ ਬੋਇੰਗ 787 ਹਵਾਈ ਜਹਾਜ਼ ਹਾਦਸੇ ਦੇ ਕਈ ਸੰਭਾਵਤ ਕਾਰਨਾਂ 'ਚ ਇੰਜਣ ਜਾਂ ਹਾਈਡ੍ਰੌਲਿਕ/ਇਲਕੈਟ੍ਰੀਕਲ ਨਾਕਾਮੀ ਜਾਂ ਸਾਫਟਵੇਅਰ ਦੀ ਖ਼ਰਾਬੀ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਏਅਰ ਇੰਡੀਆ ਦਾ ਬੋਇੰਗ 787-8 ਜਹਾਜ਼ 12 ਜੂਨ ਨੂੰ ਲੰਡਨ ਜਾ ਰਿਹਾ ਸੀ। ਅਹਿਮਦਾਬਾਦ ਤੋਂ ਉਡਾਣ ਭਰਨ ਦੇ ਫ਼ੌਰੀ ਬਾਅਦ ਇਹ ਹਾਦਸੇ ਦਾ ਸ਼ਿਕਾਰ ਹੋ ਗਿਆ ਤੇ ਇਕ ਮੈਡੀਕਲ ਕਾਲਜ ਦੇ ਹੋਸਟਲ 'ਤੇ ਜਾ ਡਿੱਗਾ, ਜਿਸ ਨਾਲ ਜਹਾਜ਼ 'ਚ ਸਵਾਰ 241 ਮੁਸਾਫ਼ਰਾਂ ਸਮੇਤ 260 ਜਣਿਆਂ ਦੀ ਮੌਤ ਹੋ ਗਈ ਸੀ। ਭਾਰਤ ਦਾ ਹਵਾਈ ਹਾਦਸਾ ਜਾਂਚ ਬਿਊਰੋ (ਏਏਆਈਬੀ) ਇਸ ਹਾਦਸੇ ਦੀ ਜਾਂਚ ਕਰ ਰਿਹਾ ਹੈ।

## ਡੀ.ਜੀ.ਸੀ.ਏ. ਕਰੇਗਾ ਨਵੇਂ ਮਾਮਲੇ ਦੀ ਜਾਂਚ

**ਲੰਡਨ:**ਬਰਮਿੰਘਮ ਹਵਾਈ ਅੱਡੇ 'ਤੇ ਏਅਰ ਇੰਡੀਆ ਦੇ ਹਵਾਈ ਜਹਾਜ਼ ਆਰਏਟੀ ਪ੍ਰਣਾਲੀ ਸਰਗਰਮ ਹੋਣ ਦੀ ਸਿਵਲ ਹਵਾਬਾਜ਼ੀ ਡਾਇਰੈਕਟੋਰੇਟ (ਡੀਜੀਸੀਏ) ਜਾਂਚ ਕਰੇਗਾ। ਡੀਜੀਸੀਏ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਜਹਾਜ਼ ਉਤਰਣ ਦੌਰਾਨ 400 ਫੁੱਟ ਦੀ ਉਚਾਈ 'ਤੇ ਆਰਏਟੀ ਸਰਗਰਮ ਹੋ ਗਿਆ ਸੀ, ਪਰ ਪਾਇਲਟ ਨੇ ਇਸ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੀ ਦਿੱਕਤ ਦੀ ਸੂਚਨਾ ਨਹੀਂ ਦਿੱਤੀ। ਇਸੇ ਦੌਰਾਨ ਭਾਰਤੀ ਪਾਇਲਟ ਮਹਾਸੰਘ (ਐੱਫਆਈਪੀ) ਨੇ ਐਤਵਾਰ ਨੂੰ ਹਵਾਈ ਜਹਾਜ਼ ਸੁਰੱਖਿਆਤ ਰੈਗੂਲੇਟਰੀ ਡੀਜੀਸੀਏ ਨੂੰ ਦੇਸ਼ ਦੇ ਸਾਰੇ ਬੋਇੰਗ 787 ਹਵਾਈ ਜਹਾਜ਼ਾਂ ਦੀ ਬਿਜਲੀ ਪ੍ਰਣਾਲੀ ਦੀ ਡੂੰਘੀ ਜਾਂਚ ਕਰਨ ਦੀ ਬੇਨਤੀ ਕੀਤੀ ਹੈ। ਪਾਇਲਟ ਮਹਾਸੰਘ ਨੇ ਡੀਜੀਸੀਏ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਬਰਮਿੰਘਮ ਦੀ ਘਟਨਾ ਉਦੋਂ ਵਾਪਰੀ ਜਦੋਂ ਆਰਏਟੀ ਹਵਾਈ ਜਹਾਜ਼ ਉਤਰਦੇ ਸਮੇਂ ਆਪਣੇ ਆਪ ਸਰਗਰਮ ਹੋ ਗਿਆ। ਏਅਰਕ੍ਰਾਫਟ ਹੈਲਥ ਮਾਨਿਟਰਿੰਗ ਨੇ ਪਾਵਰ ਕੰਟਰੋਲ ਯੂਨਿਟ 'ਚ ਇਕ ਖ਼ਰਾਬੀ ਫੜੀ ਹੈ, ਜਿਸ ਕਾਰਨ ਆਰਏਟੀ ਸਰਗਰਮ ਹੋ ਗਿਆ ਹੋਵੇਗਾ।

# ਚੀਫ਼ ਜਸਟਿਸ ਵਲ ਜੁੱਤੀ ਸੁੱਟਣ ਦੀ ਕੋਸ਼ਿਸ਼

**ਨਵੀਂ ਦਿੱਲੀ:**ਸੁਪਰੀਮ ਕੋਰਟ 'ਚ ਅੱਜ ਕਾਰਵਾਈ ਦੌਰਾਨ 71 ਵਰ੍ਹਿਆਂ ਦੇ ਵਕੀਲ ਨੇ ਭਾਰਤ ਦੇ ਚੀਫ ਜਸਟਿਸ ਬੀ ਆਰ ਗਵਈ ਵੱਲ ਕਥਿਤ ਤੌਰ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ।

ਘਟਨਾ ਦੌਰਾਨ ਚੀਫ ਜਸਟਿਸ ਸ਼ਾਂਤ ਰਹੇ ਅਤੇ ਵਕੀਲਾਂ ਨੂੰ ਆਪਣੀਆਂ ਦਲੀਲਾਂ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਕਿਹਾ, "ਇਨ੍ਹਾਂ ਸਾਰੀਆਂ ਗੱਲਾਂ ਤੋਂ ਘਬਰਾਉਣ ਦੀ ਲੋੜ ਨਹੀਂ ਹੈ । ਸਾਡਾ ਅਜਿਹੀਆਂ ਚੀਜ਼ਾਂ ਨਾਲ ਧਿਆਨ ਨਹੀਂ ਵੰਡੇਗਾ। ਇਨ੍ਹਾਂ ਗੱਲਾਂ ਦਾ ਮੇਰੇ 'ਤੇ ਕੋਈ ਅਸਰ ਨਹੀਂ ਹੁੰਦਾ ਹੈ ।" ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਚੀਫ ਜਸਟਿਸ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦਾ ਬੈਂਚ ਕੇਸਾਂ ਦੀ ਸੁਣਵਾਈ ਕਰ ਰਿਹਾ ਸੀ । ਮੁਲਜ਼ਮ ਵਕੀਲ ਪਛਾਣ ਮਯੂਰ ਵਿਹਾਰ ਨਿਵਾਸੀ ਰਾਕੇਸ਼ ਕਿਸ਼ੋਰ ਵਜੋਂ ਹੋਈ ਹੈ। ਉਹ ਡਾਇਸ ਨੇੜੇ ਪਹੁੰਚਿਆ ਅਤੇ ਆਪਣੀ ਜੁੱਤੀ ਕੱਢ ਕੇ ਉਸ ਨੂੰ ਜੱਜਾਂ ਵੱਲ ਸੁੱਟਣ ਦੀ ਕੋਸ਼ਿਸ਼ ਕੀਤੀ । ਅਦਾਲਤ ਦੇ ਕਮਰੇ 'ਚ ਮੌਜੂਦ ਸੁਰੱਖਿਆ ਕਰਮੀਆਂ ਨੇ ਤੁਰੰਤ ਹਰਕਤ 'ਚ ਆਉਂਦਿਆਂ ਹਮਲੇ ਨੂੰ ਰੋਕ ਲਿਆ ।



ਵਕੀਲ ਨੂੰ ਤੁਰੰਤ ਅਦਾਲਤੀ ਕੰਪਲੈਕਸ ਤੋਂ ਬਾਹਰ ਲਿਜਾਇਆ ਗਿਆ, ਜਦੋਂ ਉਸ ਨੂੰ ਬਾਹਰ ਲਿਜਾਇਆ ਜਾ ਰਿਹਾ ਸੀ ਤਾਂ ਉਹ ਚੀਕ ਰਿਹਾ ਸੀ, "ਸਨਾਤਨ ਦਾ ਅਪਮਾਨ ਨਹੀਂ ਸਹਾਂਗੇ।"ਸੂਤਰਾਂ ਮੁਤਾਬਕ ਪੁਲੀਸ ਸੁਪਰੀਮ ਕੋਰਟ ਦੇ ਰਜਿਸਟਰਾਰ ਜਨਰਲ ਨਾਲ ਤਾਲਮੇਲ ਬਣਾ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ। ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਇਸ ਕਾਰੇ ਨੂੰ ਮੰਦਭਾਗਾ ਤੇ ਨਿੰਦਣਯੋਗ ਦੱਸਿਆ ਅਤੇ ਇਸ ਨੂੰ ਗੁਮਰਾਹਕੁੰਨ ਜਾਣਕਾਰੀ ਦਾ ਸਿੱਟਾ ਤੇ ਸਸਤੀ ਸ਼ੋਹਰਤ ਹਾਸਲ ਕਰਨ ਦੀ ਕੋਸ਼ਿਸ਼ ਦੱਸਿਆ। ਮਹਿਤਾ ਨੇ ਕਿਹਾ, "ਮੈਂ ਨਿੱਜੀ ਤੌਰ 'ਤੇ ਚੀਫ ਜਸਟਿਸ ਨੂੰ ਸਾਰੇ ਧਰਮਾਂ ਦੇ ਧਾਰਮਿਕ ਅਸਥਾਨਾਂ 'ਤੇ ਪੂਰੀ ਸ਼ਰਧਾ ਨਾਲ ਜਾਂਦਿਆਂ ਦੇਖਿਆ ਹੈ। ਚੀਫ ਜਸਟਿਸ ਨੇ ਵੀ ਸਥਿਤੀ ਨੂੰ ਸਪੱਸ਼ਟ ਕੀਤਾ ਹੈ ।" ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਇਸ ਘਟਨਾ ਨੂੰ ਪੂਰੀ ਸੰਸਥਾ 'ਤੇ ਹਮਲਾ ਕਰਾਰ ਦਿੱਤਾ । ਉਨ੍ਹਾਂ ਕਿਹਾ ਕਿ ਇਹ ਚੀਫ ਜਸਟਿਸ ਖ਼ਿਲਾਫ਼ ਜਾਤੀਵਾਦੀ ਟਿੱਪਣੀ ਵਾਂਗ ਹੈ ਅਤੇ ਇਸ 'ਤੇ ਸੁਪਰੀਮ ਕੋਰਟ ਤੋਂ ਮਹੀਨੇ ਖਜੁਰਾਹੋ 'ਚ ਵਿਸ਼ਨੂ ਭਗਵਾਨ ਦੀ ਮੂਰਤੀ ਦੇ ਪੁਨਰਸਥਾਪਨ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਦੌਰਾਨ ਚੀਫ ਜਸਟਿਸ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ 'ਤੇ ਮੁਲਜ਼ਮ ਵਕੀਲ ਦੀ ਨਾਰਾਜ਼ਗੀ ਨਾਲ ਜੁੜੀ ਹੋ ਸਕਦੀ ਹੈ। ਚੀਫ ਜਸਟਿਸ ਦੀ ਅਗਵਾਈ ਹੇਠਲੇ ਬੈਂਚ ਨੇ ਮੱਧ ਪ੍ਰਦੇਸ਼ 'ਚ ਯੂਨੈਸਕੋ ਵਿਸ਼ਵ ਵਿਰਾਸਤ ਖਜੁਰਾਹੋ ਮੰਦਰ ਕੰਪਲੈਕਸ ਦੇ ਜਵਾਰੀ ਮੰਦਰ 'ਚ ਭਗਵਾਨ ਵਿਸ਼ਨੂ ਦੀ ਸੱਤ ਫੁੱਟ ਦੀ ਮੂਰਤੀ ਦੇ ਪੁਨਰ ਨਿਰਮਾਣ ਅਤੇ ਸਥਾਪਤ ਕਰਨ ਦੇ ਨਿਰਦੇਸ਼ ਦੇਣ ਦੀ ਅਪੀਲ ਕਰਨ ਵਾਲੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ । ਚੀਫ ਜਸਟਿਸ ਨੇ ਕਿਹਾ ਸੀ, "ਇਹ ਪੂਰੀ ਤਰ੍ਹਾਂ ਨਾਲ ਪ੍ਰਚਾਰ ਹਾਸਲ ਕਰਨ ਲਈ ਦਾਖ਼ਲ ਕੀਤੀ ਗਈ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ । ਚੀਫ ਜਸਟਿਸ ਨੇ ਕਿਹਾ ਸੀ, "ਇਹ ਪੂਰੀ ਤਰ੍ਹਾਂ ਨਾਲ ਪ੍ਰਚਾਰ ਹਾਸਲ ਕਰਨ ਲਈ ਦਾਖ਼ਲ ਕੀਤੀ ਗਈ ਅਰਜ਼ੀ ਹੈ । ਜਾ ਕੇ ਖੁਦ ਭਗਵਾਨ ਨੂੰ ਕੁਝ ਕਰਨ ਲਈ ਆਖੋ । ਜੇ ਤੁਸੀਂ ਆਖ ਰਹੇ ਹੋ ਕਿ ਤੁਸੀਂ ਭਗਵਾਨ ਵਿਸ਼ਨੂ ਪ੍ਰਤੀ ਡੂੰਘੀ ਆਸਥਾ ਰੱਖਦੇ ਹੋ ਤਾਂ ਪ੍ਰਾਰਥਨਾ ਕਰੋ ਅਤੇ ਥੋੜ੍ਹਾ ਧਿਆਨ ਲਗਾਓ । " ਆਪਣੀਆਂ ਟਿੱਪਣੀਆਂ ਦੀ ਸੋਸ਼ਲ ਮੀਡੀਆ 'ਤੇ ਹੋਈ ਆਲੋਚਨਾ ਮਗਰੋਂ ਚੀਫ ਜਸਟਿਸ ਨੇ ਕਿਹਾ ਸੀ ਕਿ ਉਹ ਸਾਰੇ ਧਰਮਾਂ ਦਾ ਸਨਮਾਨ ਕਰਦੇ ਹਨ।

## ਇਹ ਸੰਵਿਧਾਨ ਉਤੇ ਹਮਲਾ ਹੈ

**ਨਵੀਂ ਦਿੱਲੀ:**ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਸ ਸੀ ਪੀ) ਦੇ ਮੁਖੀ ਸ਼ਰਦ ਪਵਾਰ ਅਤੇ ਕੇਰਲਾ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਚੀਫ ਜਸਟਿਸ ਬੀ ਆਰ ਗਵਈ 'ਤੇ ਹਮਲੇ ਦੀ ਕੋਸ਼ਿਸ਼ ਦੀ ਨਿਖੇਧੀ ਕੀਤੀ ਹੈ।ਖੜਗੇ ਨੇ ਕਿਹਾ ਕਿ ਇਹ ਸ਼ਰਮਨਾਕ ਘਟਨਾ ਹੈ ਅਤੇ ਇਸ ਤੋਂ ਪਤਾ ਲਗਦਾ ਹੈ ਕਿ ਸਮਾਜ 'ਚ ਕਿੰਨੀ ਨਫ਼ਰਤ ਅਤੇ ਕੱਟੜਤਾ ਫੈਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਜੁਡੀਸ਼ਰੀ ਅਤੇ ਕਾਨੂੰਨ ਦੇ ਸ਼ਾਸਨ ਦੀ ਮਰਿਆਦਾ 'ਤੇ - ਹਮਲਾ ਹੈ। ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਇਹ ਚੀਫ ਜਸਟਿਸ 'ਤੇ ਨਹੀਂ ਸਗੋਂ ਦੇਸ਼ ਦੇ ਸੰਵਿਧਾਨ 'ਤੇ ਹਮਲੇ ਦੀ ਕੋਸ਼ਿਸ਼ ਸੀ । ਉਨ੍ਹਾਂ ਕਿਹਾ ਕਿ ਦੇਸ਼ ਨੂੰ ਚੀਫ ਜਸਟਿਸ ਨਾਲ ਡਟ ਕੇ ਖੜ੍ਹੇ ਹੋਣਾ ਚਾਹੀਦਾ ਹੈ। ਰਾਜ ਸਭਾ ਮੈਂਬਰ ਸ਼ਰਦ ਪਵਾਰ ਨੇ ਕਿਹਾ ਕਿ ਇਹ ਹਮਲਾ ਦੇਸ਼ ਲਈ ਖ਼ਤਰੇ ਦੀ ਘੰਟੀ ਹੈ।

Maxspurt

Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ !

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੂਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

BUSINESS SERVICES & BROKERAGE
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ

TEAM MAXSPURT
8330 LBJ FWY, SUITE B520, DALLAS, TX 75243
(972) 918-5500 (DESK)
(972) 585-5500 (ROY MALKISON)
(972) 375-8628 (AMARJIT DHILLON)



Amarjit Dhillon
(Business Development Manager)
Maxspurt-LIBRA



Roy Malkison (Prabhat)
Licensed Real Estate, Loans & Insurance Professional In Texas.

Maxspurt Lending Inc. (NMLS #2021549), MAXSPURT Reality Inc., and, Manxspurt Insurance Agency Inc. are licensed brokerages operating in the state of Texas, providing regulated services in lending , real estate, and insurance under applicable Texas laws

# ਕੋਲੰਬੀਆ ’ਚ ਕੀਤੇ ਭਾਸ਼ਣ ਨਾਲ ਫਿਰ ਵਿਵਾਦਾਂ ਵਿਚ ਘਿਰੇ ਰਾਹੁਲ ਗਾਂਧੀ

**ਨਵੀਂ ਦਿੱਲੀ:** ਲੋਕ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਕ ਵਾਰ ਮੁੜ ਵਿਦੇਸ਼ੀ ਧਰਤੀ ‘ਤੇ ਇਹ ਕਿਹਾ ਕਿ ਭਾਰਤ ਵਿਚ ਲੋਕਤੰਤਰ ‘ਤੇ ਚੁਫੇਰਿਓਂ ਹਮਲੇ ਹੋ ਰਹੇ ਹਨ। ਇਸ ਵਾਰ ਉਨ੍ਹਾਂ ਨੇ ਕੋਲੰਬੀਆ ਵਿਚ ਲੋਕਤੰਤਰ ‘ਤੇ ਕਥਿਤ ਹਮਲਿਆਂ ਨੂੰ ਭਾਰਤ ਲਈ ਸਭ ਤੋਂ ਵੱਡਾ ਖ਼ਤਰਾ ਦੱਸ ਦਿੱਤਾ। ਵੈਸੇ ਤਾਂ ਰਾਹੁਲ ਗਾਂਧੀ ਇਕ ਅਰਸੇ ਤੋਂ ਭਾਰਤੀ ਲੋਕਤੰਤਰ ਨੂੰ ਖ਼ਤਰੇ ਵਿਚ ਪਿਆ ਹੋਇਆ ਦੇਖ ਰਹੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਉਹ ਇਸ ਖ਼ਤਰੇ ਨੂੰ ਕੁਝ ਜ਼ਿਆਦਾ ਹੀ ਤੂਲ ਦੇ ਰਹੇ ਹਨ। ਉਹ ਇਸ ਤੋਂ ਪਹਿਲਾਂ ਵੀ ਆਪਣੇ ਵਿਦੇਸ਼ ਦੌਰਿਆਂ ਦੌਰਾਨ ਭਾਰਤੀ ਲੋਕਤੰਤਰ ਦੇ ਭਵਿੱਖ ਨੂੰ ਲੈ ਕੇ ਭੈਅ ਦਾ ਭੂਤ ਖੜ੍ਹਾ ਕਰ ਚੁੱਕੇ ਹਨ। ਇਕ ਵਾਰ ਤਾਂ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਸੀ ਕਿ ਭਾਰਤ ਵਿਚ ਲੋਕਤੰਤਰ ਖ਼ਤਮ ਹੋ ਰਿਹਾ ਹੈ ਅਤੇ ਵੱਡੇ ਲੋਕਤੰਤਰੀ ਦੇਸ਼ ਇਸ ਦੀ ਪਰਵਾਹ ਵੀ ਨਹੀਂ ਕਰ ਰਹੇ ਹਨ। ਇੱਧਰ, ਉਨ੍ਹਾਂ ਨੇ ਵੋਟ ਚੋਰੀ ਦਾ ਮੁੱਦਾ ਵੀ ਲੋਕਤੰਤਰ ਲਈ ਖ਼ਤਰੇ ਦੇ ਤੌਰ ‘ਤੇ ਉਛਾਲਿਆ ਹੋਇਆ ਹੈ ਪਰ ਇਸ ਮੁੱਦੇ ਦੀ ਹਵਾ ਨਿਕਲਦੀ ਦਿਖਾਈ ਦੇ ਰਹੀ ਹੈ। ਬਿਹਾਰ ਵਿਚ ਵੋਟਰ ਸੂਚੀ ਦਾ ਆਖ਼ਰੀ ਖਰੜਾ ਜਾਰੀ ਹੋਏ ਨੂੰ ਕਈ ਦਿਨ ਬੀਤ ਗਏ ਹਨ ਪਰ ਵੋਟ ਚੋਰੀ ਦਾ ਦਾਅਵਾ ਕਰਨ ਵਾਲੇ ਅਜਿਹੇ ਲੋਕਾਂ ਨੂੰ ਸਾਹਮਣੇ ਨਹੀਂ ਲਿਆ ਪਾ ਰਹੇ ਹਨ ਜੋ ਬਿਹਾਰ ਦੇ ਨਾਗਰਿਕ ਹੋਣ ਅਤੇ ਜਿਨ੍ਹਾਂ ਦਾ ਨਾਂ ਵੋਟਰ ਸੂਚੀ ‘ਚੋਂ ਸਾਰੇ ਜਾਇਜ਼ ਦਸਤਾਵੇਜ਼ ਹੁੰਦੇ ਹੋਏ ਵੀ ਕੱਟ ਦਿੱਤਾ ਗਿਆ ਹੋਵੇ। ਅਜਿਹਾ ਲੱਗਦਾ ਹੈ ਕਿ ਰਾਹੁਲ ਗਾਂਧੀ ਉਦੋਂ ਤੱਕ ਭਾਰਤੀ ਲੋਕਤੰਤਰ ਨੂੰ ਖ਼ਤਰੇ ਵਿਚ ਮਹਿਸੂਸ ਕਰਨਗੇ ਜਦੋਂ ਤੱਕ ਕਾਂਗਰਸ ਕੇਂਦਰ ਦੀ ਸੱਤਾ ਵਿਚ ਨਹੀਂ ਆ ਜਾਂਦੀ। ਕੀ ਲੋਕਤੰਤਰ ਦੇ ਸੁਰੱਖਿਅਤ ਹੋਣ ਦੀ ਗਾਰੰਟੀ ਇਹੀ ਹੈ ਕਿ ਪਾਰਟੀ ਵਿਸ਼ੇਸ਼ ਯਾਨੀ ਕਾਂਗਰਸ ਲਗਾਤਾਰ ਚੋਣਾਂ ਜਿੱਤੇ ਅਤੇ ਉਹ ਦੇਸ਼ ‘ਤੇ ਸ਼ਾਸਨ ਵੀ ਕਰਦੀ ਰਹੇ ? ਕੀ ਦੇਸ਼ ‘ਤੇ ਹਕੂਮਤ ਕਰਨਾ ਕਾਂਗਰਸ ਦਾ ਜਨਮਸਿੱਧ ਅਧਿਕਾਰ ਹੈ? ਜੇਕਰ ਰਾਹੁਲ ਗਾਂਧੀ ਇਹ ਸਮਝ ਰਹੇ ਹਨ ਕਿ ਕਿਸੇ ਝੂਠੇ ਦੋਸ਼ ਨੂੰ ਦੁਹਰਾਉਂਦੇ ਰਹਿਣ ਨਾਲ ਇਹ ਸੱਚ ਦੀ ਸ਼ਕਲ ਲੈ ਲਵੇਗਾ ਤਾਂ ਅਜਿਹਾ ਹਰਗਿਜ਼ ਹੋਣ ਵਾਲਾ ਨਹੀਂ ਹੈ, ਭਾਵੇਂ ਹੀ ਉਹ ਦੁਨੀਆ ਭਰ ਵਿਚ ਘੁੰਮ-ਘੁੰਮ ਕੇ ਆਪਣੇ ਦੋਸ਼ ਦੁਹਰਾਉਂਦੇ ਰਹਿਣ। ਰਾਹੁਲ ਗਾਂਧੀ ਦੀ ਸਮੱਸਿਆ ਸਿਰਫ਼ ਇਹ ਨਹੀਂ ਹੈ ਕਿ ਉਹ ਬੇਬੁਨਿਆਦ ਦੋਸ਼ਾਂ ਨੂੰ ਤੂਲ ਦਿੰਦੇ ਹਨ ਅਤੇ ਫਿਰ ਉਨ੍ਹਾਂ ‘ਤੇ ਟਿਕੇ ਰਹਿਣ ਦੀ ਹਿੰਮਤ ਵੀ ਨਹੀਂ ਜੁਟਾ ਪਾਉਂਦੇ ਬਲਕਿ ਇਹ ਵੀ ਹੈ ਕਿ ਉਨ੍ਹਾਂ ਵੱਲੋਂ ਕਈ ਵਾਰ ਅਜਿਹੀਆਂ ਗੂੜ੍ਹ ਜਾਂ ਫਿਰ ਬੁਝਾਰਤਾਂ ਵਰਗੀਆਂ ਗੱਲਾਂ ਕਰ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਨਾ ਤਾਂ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਸਮਝਾਇਆ ਜਾ ਸਕਦਾ ਹੈ। ਕਈ ਵਾਰ ਤਾਂ ਉਨ੍ਹਾਂ ਦੇ ਸਾਥੀਆਂ ਲਈ ਵੀ ਉਨ੍ਹਾਂ ਦੀਆਂ ਗੱਲਾਂ ਦਾ ਮਤਲਬ ਦੱਸਣਾ ਮੁਸ਼ਕਲ ਹੁੰਦਾ ਹੈ।



ਉਨ੍ਹਾਂ ਨੇ ਕੋਲੰਬੀਆ ਵਿਚ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਵਿਚਾਲੇ ਕਾਰ ਤੇ ਮੋਟਰਸਾਈਕਲ ਦੇ ਇੰਜਣ ਦੇ ਭਾਰ ਵਿਚ ਫ਼ਰਕ ਨੂੰ ਲੈ ਕੇ ਜੋ ਇਕ ਅਜੀਬੋ- ਗ਼ਰੀਬ ਤੇ ਸਮਝ ਤੋਂ ਬਾਹਰ ਵਿਆਖਿਆ ਕੀਤੀ, ਉਹ ਜੇ ਹਾਸੇ-ਮਜ਼ਾਕ ਦਾ ਵਿਸ਼ਾ ਬਣੀ ਤਾਂ ਇਸ ਦੇ ਲਈ ਉਹ ਕਿਸੇ ਹੋਰ ਨੂੰ ਦੋਸ਼ ਨਹੀਂ ਦੇ ਸਕਦੇ। ਆਪਣੇ ਇਲਜ਼ਾਮਾਂ ‘ਤੇ ਕਾਇਮ ਨਾ ਰਹਿ ਸਕਣ ਅਤੇ ਅਕਸਰ ਸਮਝ ਤੋਂ ਪਰੇ ਦੀਆਂ ਗੱਲਾਂ ਕਰਨ ਸਦਕਾ ਹੀ ਰਾਹੁਲ ਗਾਂਧੀ ਦਾ ਅਕਸ ਸੂਝਵਾਨ ਨੇਤਾ ਦਾ ਨਹੀਂ ਬਣ ਪਾ ਰਿਹਾ ਹੈ। ਜੇਕਰ ਇਸ ਤੋਂ ਕਿਸੇ ਨੂੰ ਸਭ ਤੋਂ ਵੱਧ ਚਿੰਤਤ ਹੋਣਾ ਚਾਹੀਦਾ ਤਾਂ ਉਹ ਕਾਂਗਰਸ ਹੀ ਹੈ। ਅਜਿਹਾ ਇਸ ਲਈ ਵੀ ਕਿਉਂਕਿ ਰਾਹੁਲ ਗਾਂਧੀ ਹੀ ਅਣ-ਐਲਾਨੇ ਤੌਰ ‘ਤੇ ਉਸ ਨੂੰ ਚਲਾ ਰਹੇ ਹਨ।

# ਕਰਨਬੀਰ ਸਿੰਘ ਬੁਰਜ ਤਰਨਤਾਰਨ ਤੋਂ ਕਾਂਗਰਸ ਦੇ ਉਮੀਦਵਾਰ

**ਚੰਡੀਗੜ੍ਹ:** ਪੰਜਾਬ ਦੇ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਗਿਆਰਾਂ ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਕਾਂਗਰਸ ਨੇ ਸੀਨੀਅਰ ਆਗੂ ਕਰਨਬੀਰ ਸਿੰਘ ਬੁਰਜ ਨੂੰ ਉਮੀਦਵਾਰ ਐਲਾਨਿਆ ਹੈ। ਇਹ ਐਲਾਨ ਕਾਂਗਰਸ ਪਾਰਟੀ ਦੇ ਕੌਮੀ ਜਨਰਲ ਸਕੱਤਰ ਕੇ ਸੀ ਵੈਣੂਗੋਪਾਲ ਨੇ ਕੀਤਾ ਹੈ। ਵੈਣੂਗੋਪਾਲ ਨੇ ਕਿਹਾ ਹੈ ਕਿ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਤਰਨ ਤਾਰਨ ਜ਼ਿਮਨੀ ਚੋਣ ਲਈ ਕਰਨਬੀਰ ਸਿੰਘ ਬੁਰਜ ਦੇ ਨਾਮ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਹਾਲਾਂਕਿ, ਪਿਛਲੇ ਦਿਨੀਂ ਅਨਿਲ ਜੋਸ਼ੀ ਦੇ ਕਾਂਗਰਸ ਵਿੱਚ ਸ਼ਾਮਲ ਹੋਣ ‘ਤੇ ਇਸ ਸੀਟ ਤੋਂ ਉਨ੍ਹਾਂ ਦੇ ਨਾਮ ਦੀਆਂ ਚਰਚਾਵਾਂ ਚੱਲ ਰਹੀਆਂ ਸਨ, ਪਰ ਉਨ੍ਹਾਂ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਅੰਮ੍ਰਿਤਸਰ ਦੇ ਲੋਕਾਂ ਦੀ ਸੇਵਾ ਕਰਦੇ ਆਏ ਹਨ ਅਤੇ ਕਰਦੇ ਰਹਿਣਗੇ।ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ, ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਆਪੋ ਆਪਣੇ ਉਮੀਦਵਾਰ ਐਲਾਨ ਚੁੱਕੀਆਂ ਹਨ।



‘ਆਪ’ ਨੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ ਜਦੋਂ ਕਿ ਭਾਜਪਾ ਨੇ ਹਰਜੀਤ ਸਿੰਘ ਸੰਧੂ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਸੁਖਵਿੰਦਰ ਕੌਰ ਰੰਧਾਵਾ ਨੂੰ ਪਾਰਟੀ ਉਮੀਦਵਾਰ ਐਲਾਨਿਆ ਹੈ। ਦੱਸਣਾ ਬਣਦਾ ਹੈ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ‘ਆਪ’ ਉਮੀਦਵਾਰ ਕਸ਼ਮੀਰ ਸਿੰਘ ਸੋਹਲ ਨੇ ਜਿੱਤ ਹਾਸਲ ਕੀਤੀ ਸੀ। ਉਸ ਵੇਲੇ ਅਕਾਲੀ ਦਲ ਦੂਜੇ ਅਤੇ ਕਾਂਗਰਸ ਤੀਜੇ ਸਥਾਨ ‘ਤੇ ਰਹੀ ਸੀ ਪਰ ‘ਆਪ’ ਵਿਧਾਇਕ ਕਸ਼ਮੀਰ ਸਿੰਘ ਸੋਹਲ ਦਾ ਲੰਘੇ ਜੂਨ ਮਹੀਨੇ ਵਿੱਚ ਦੇਹਾਂਤ ਹੋਣ ਕਾਰਨ ਇਹ ਸੀਟ ਖਾਲੀ ਹੋ ਗਈ ਸੀ।

# ਟਰਾਈਡੈਂਟ ਦੇ ਰਜਿੰਦਰ ਗੁਪਤਾ ਨੂੰ ਰਾਜ ਸਭਾ ਭੇਜਣ ਦੀ ਤਿਆਰੀ

## ਪੰਜਾਬ ਪਲਾਨਿੰਗ ਬੋਰਡ ਦੀ ਵਾਈਸ ਚੇਅਰਮੈਨੀ ਅਤੇ ਹੋਰ ਅਹੁਦਿਆਂ ਤੋਂ ਦਿੱਤੇ ਅਸਤੀਫ਼ੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਰਜਿੰਦਰ ਗੁਪਤਾ ਨੂੰ ਰਾਜ ਸਭਾ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ ਹੈ। ਉਦਯੋਗਪਤੀ ਸੰਜੀਵ ਅਰੋੜਾ ਵੱਲੋਂ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦਿੱਤੇ ਜਾਣ ਮਗਰੋਂ ਇਹ ਸੀਟ ਖਾਲੀ ਹੋਈ ਸੀ। ਪੰਜਾਬ ‘ਚ ਰਾਜ ਸਭਾ ਦੀ ਇਕ ਸੀਟ ਲਈ 24 ਅਕਤੂਬਰ ਨੂੰ ਚੋਣ ਹੋਣੀ ਹੈ। ਬੀਤੇ ਦਿਨੀਂ ਉਦਯੋਗਪਤੀ ਰਜਿੰਦਰ ਗੁਪਤਾਂ ਨੇ ਪੰਜਾਬ ਪਲਾਨਿੰਗ ਬੋਰਡ ਦੀ ਵਾਈਸ ਚੇਅਰਮੈਨੀ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਨੂੰ ਪੰਜਾਬ ਦੇ ਰਾਜਪਾਲ ਨੇ ਮਨਜ਼ੂਰ ਕਰ ਲਿਆ ਹੈ। ਇਸ ਦੇ ਨਾਲ ਹੀ ਰਜਿੰਦਰ ਗੁਪਤਾ ਨੇ ਐਡਵਾਈਜ਼ਰੀ ਮੈਨੇਜਿੰਗ ਕਮੇਟੀ, ਮੰਦਰ ਸ੍ਰੀ ਕਾਲੀ ਦੇਵੀ ਪਟਿਆਲਾ ਦੇ ਚੇਅਰਪਰਸਨ ਦੇ ਅਹੁਦੇ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ ਜਿਸ ਨੂੰ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ। ਗੁਪਤਾ ਨੂੰ 2022 ਵਿਚ ਪਲਾਨਿੰਗ ਬੋਰਡ ਦਾ ਚੇਅਰਮੈਨ ਲਗਾਇਆ ਗਿਆ ਸੀ। ਉਨ੍ਹਾਂ ਨੂੰ ਇਸ ਸਾਲ ਅਗਸਤ ‘ਚ ਹੀ ਐਡਵਾਈਜ਼ਰੀ ਮੈਨੇਜਿੰਗ ਕਮੇਟੀ, ਮੰਦਰ ਸ੍ਰੀ ਕਾਲੀ ਦੇਵੀ ਪਟਿਆਲਾ ਦਾ ਚੇਅਰਮੈਨ ਵੀ ਨਿਯੁਕਤ ਕੀਤਾ ਗਿਆ ਸੀ। ‘ਆਪ’ ਸਰਕਾਰ ‘ਚ ਗੁਪਤਾ ਨੂੰ ਕੈਬਿਨੇਟ ਰੈਂਕ ਮਿਲਿਆ ਹੋਇਆ ਸੀ। ਇਸ ਤੋਂ ਪਹਿਲਾਂ ਰਜਿੰਦਰ ਗੁਪਤਾ ਅਕਾਲੀ -ਭਾਜਪਾ ਸਰਕਾਰ ਅਤੇ ਉਸ ਮਗਰੋਂ ਕਾਂਗਰਸ ਸਰਕਾਰ ‘ਚ ਵੀ ਸੱਤਾ ਭੋਗ ਚੁੱਕੇ ਹਨ। ਗੁਪਤਾ ਦੇ ਅਸਤੀਫ਼ਾ ਦਿੱਤੇ ਜਾਣ ਮਗਰੋਂ ਹੀ ਉਨ੍ਹਾਂ ਨੂੰ ‘ਆਪ’ ਵੱਲੋਂ ਰਾਜ ਸਭਾ ਭੇਜੇ ਜਾਣ ਦੇ ਚਰਚੇ ਸ਼ੁਰੂ ਹੋ ਗਏ ਸਨ। ‘ਆਪ’ ਦੇ ਅਧਿਕਾਰਤ ਸੂਤਰਾਂ ਨੇ ਕਿਹਾ ਕਿ ਗੁਪਤਾ ਪਾਰਟੀ ਵੱਲੋਂ ਰਾਜ ਸਭਾ ਦੀ ਮੈਂਬਰੀ ਦੀ ਚੋਣ ਲਈ ਉਮੀਦਵਾਰ ਹੋ ਸਕਦੇ ਹਨ।

ਜ਼ਿਕਰਯੋਗ ਹੈ ਕਿ ਲੁਧਿਆਣਾ ਪੱਛਮੀ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਦੇਹਾਂਤ ਤੋਂ ਬਾਅਦ ਸੰਜੀਵ ਅਰੋੜਾ ਨੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਉਹ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤ ਕੇ ਮੰਤਰੀ ਬਣਾਏ ਗਏ ਸਨ। ਸੰਜੀਵ ਅਰੋੜਾ ਵੱਲੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ ਚਰਚਾ ਸੀ ਕਿ ਆਮ ਆਦਮੀ ਪਾਰਟੀ ਦੇਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿੱਚ ਖਾਲੀ ਹੋਈ ਰਾਜ ਸਭਾ ਦੀ ਸੀਟ ਰਾਹੀਂ ਸੰਸਦ ਦੇ ਉਪਰਲੇ ਸਦਨ ਵਿੱਚ ਭੇਜਿਆ ਜਾਵੇਗਾ। ਪਰ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਰਾਜ ਸਭਾ ਵਿੱਚ ਨਹੀਂ ਜਾਣਗੇ। ਹੁਣ ਪੰਜਾਬ ਦੇ ਉਦਯੋਗਪਤੀ ਰਜਿੰਦਰ ਗੁਪਤਾ ਦਾ ਨਾਮ ਸਾਹਮਣੇ ਆਇਆ ਹੈ। ਬੇਸ਼ੱਕ ਕਾਗਜ਼ ਦਾਖ਼ਲ ਕੀਤੇ ਜਾਣ ਤੱਕ ਕੁਝ ਵੀ ਪੱਕੇ ਤੌਰ ‘ਤੇ ਨਹੀਂ ਕਿਹਾ ਜਾ ਸਕਦਾ ਹੈ ਪਰੰਤੂ ‘ਆਪ’ ਪੰਜਾਬੀਆਂ ਦੀ ਨਾਰਾਜ਼ਗੀ ਤੋਂ ਬਚਣ ਲਈ ਪੰਜਾਬੀ ਚਿਹਰੇ ਨੂੰ ਹੀ ਰਾਜ ਸਭਾ ਭੇਜਣਾ ਚਾਹੁੰਦੀ ਹੈ। ਪਤਾ ਲੱਗਿਆ ਹੈ। ਕਿ ਮੁੱਖ ਮੰਤਰੀ ਭਗਵੰਤ ਮਾਨ ਰਾਜ ਸਭਾ ਦੀ ਮੈਂਬਰੀ ਖ਼ਾਸ ਤੌਰ ‘ਤੇ ਮਾਲਵਾ ਖ਼ਿੱਤੇ ਨੂੰ ਦੇਣਾ ਚਾਹੁੰਦੇ ਹਨ। ਰਾਜ ਸਭਾ ਲਈ ਪੰਜਾਬ ਤੋਂ ਚੁਣੇ ਗਏ 6 ਮੈਂਬਰਾਂ ਵਿੱਚੋਂ ਇਸ ਵੇਲੇ ਤਿੰਨ ਮੈਂਬਰ ਦਿੱਲੀ ਦੇ ਬਾਸ਼ਿੰਦੇ ਹਨ,



ਜਿਨ੍ਹਾਂ ਵਿੱਚ ਸੰਦੀਪ ਪਾਠਕ, ਰਾਘਵ ਚੱਢਾ ਅਤੇ ਵਿਕਰਮਜੀਤ ਸਿੰਘ ਸਾਹਨੀ ਦੇ ਨਾਮ ਸ਼ਾਮਲ ਹਨ ਜਦੋਂ ਕਿ ਤਿੰਨ ਐੱਮ ਪੀ ਦੁਆਬਾ ਖੇਤਰ ਵਿੱਚੋਂ ਹਨ। ਇਨ੍ਹਾਂ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ, ਹਰਭਜਨ ਸਿੰਘ ਅਤੇ ਅਸ਼ੋਕ ਮਿੱਤਲ ਦੇ ਨਾਮ ਸ਼ਾਮਲ ਹਨ। ਪਹਿਲਾਂ ਲੁਧਿਆਣਾ ਦੇ ਇਕ ਨਾਮੀ ਉਦਯੋਗਪਤੀ ਨੂੰ ਰਾਜ ਸਭਾ ਭੇਜੇ ਜਾਣ ਦੇ ਚਰਚੇ ਚੱਲੇ ਸਨ ਪਰੰਤੂ ਹੁਣ ਰਜਿੰਦਰ ਗੁਪਤਾ ਨੂੰ ਰਾਜ ਸਭਾ ਭੇਜੇ ਜਾਣ ਦੀ ਸਭ ਤੋਂ ਵੱਧ ਸੰਭਾਵਨਾ ਹੈ। ਉਨ੍ਹਾਂ ਦਾ ਨਾਮ ਅੱਗੇ ਆਉਣ ਨਾਲ ਨਾਲ ਪੰਜਾਬ ਦੇ ਲੋਕਾਂ ‘ਚ ਘੁਸਰ-ਮੁਸਰ ਹੋਣੀ ਸ਼ੁਰੂ ਹੋ ਗਈ ਹੈ ਕਿ ‘ਆਪ’ ਨੇ ਮੁੜ ਉਦਯੋਗਪਤੀ ਨੂੰ ਤਰਜੀਹ ਦਿੱਤੀ ਹੈ। ਪੰਜਾਬ ਵਿਧਾਨ ਸਭਾ ‘ਚ ਇਸ ਵੇਲੇ ‘ਆਪ’ ਦੇ 93 ਵਿਧਾਇਕ ਹਨ ਅਤੇ ਰਾਜ ਸਭਾ ਮੈਂਬਰ ਬਣਨ ਲਈ 60 ਮੈਂਬਰਾਂ ਦੇ ਵੋਟ ਦੀ ਲੋੜ ਹੈ। ਰਾਜ ਸਭਾ ਲਈ ਨਾਮਜ਼ਦਗੀ ਦਾਖ਼ਲ ਕਰਨ ਦੀ ਪ੍ਰਕਿਰਿਆ 6 ਅਕਤੂਬਰ ਤੋਂ ਸ਼ੁਰੂ ਹੋਵੇਗੀ ਅਤੇ 24 ਅਕਤੂਬਰ ਨੂੰ ਨਤੀਜਾ ਆਵੇਗਾ।

# ਬੁਰਕੇ ਵਾਲੇ ਵੋਟਰਾਂ ਦੀ ਪਛਾਣ ਯਕੀਨੀ ਬਣਾਈ ਜਾਵੇ: ਭਾਜਪਾ

**ਪਟਨਾ:** ਭਾਜਪਾ ਨੇ ਚੋਣ ਕਮਿਸ਼ਨ ਨੂੰ ਆਉਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਇਕ ਜਾਂ ਦੋ ਗੇੜਾਂ ‘ਚ ਕਰਾਉਣ ਦੀ ਅਪੀਲ ਕਰਦਿਆਂ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਬੁਰਕੇ ‘ਚ ਵੋਟ ਪਾਉਣ ਆਉਣ ਵਾਲੀਆਂ ਔਰਤਾਂ ਦੀ ਵੋਟਰ ਸ਼ਨਾਖ਼ਤੀ ਪੱਤਰਾਂ ਨਾਲ ਤਸਦੀਕ ਕਰਵਾਈ ਜਾਵੇ।



ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਦਿਲੀਪ ਜੈਸਵਾਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਵੀ ਵੋਟਿੰਗ ਇਕ ਜਾਂ ਦੋ ਗੇੜਾਂ ‘ਚ ਕਰਵਾਉਣ ਦੀ ਮੰਗ ਕੀਤੀ ਹੈ। ਰਾਸ਼ਟਰੀ ਜਨਤਾ ਦਲ ਦੇ ਵਫ਼ਦ ਦੀ ਅਗਵਾਈ ਕਰ ਰਹੇ ਅਭੈ ਕੁਸ਼ਵਾਹਾ ਤੋਂ ਜਦੋਂ ਬੁਰਕੇ ਵਾਲੀਆਂ ਮਹਿਲਾਵਾਂ ਦੀ ਪਛਾਣ ਯਕੀਨੀ ਬਣਾਉਣ ਸਬੰਧੀ ਮੰਗ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਸਿਆਸੀ ਸਾਜ਼ਿਸ਼ ਹੈ ਅਤੇ ਭਾਜਪਾ ਸਿਰਫ਼ ਆਪਣਾ ਏਜੰਡਾ ਪੇਸ਼ ਕਰਨਾ ਚਾਹੁੰਦੀ ਹੈ।

# ਪਾਕਿਸਤਾਨ ਸਰਕਾਰ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਸਮਝੌਤਾ

**ਇਸਲਾਮਾਬਾਦ:** ਮਕਬੂਜ਼ਾ ਕਸ਼ਮੀਰ ਵਿੱਚ ਕਈ ਦਿਨਾਂ ਤੋਂ ਜਾਰੀ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਅਤੇ ਸੰਘੀ ਸਰਕਾਰ ਨੇ ਅੰਦੋਲਨ ਖ਼ਤਮ ਕਰਨ ਲਈ ਅੱਜ ਸਮਝੌਤੇ ‘ਤੇ ਦਸਤਖ਼ਤ ਕੀਤੇ ਹਨ। ਸੰਸਦੀ ਕਾਰਜ ਮੰਤਰੀ ਤਾਰਿਕ ਫ਼ਜ਼ਲ ਚੌਧਰੀ ਵੱਲੋਂ ‘ਐਕਸ’ ਉੱਤੇ ਸਾਂਝੀ ਕੀਤੀ ਗਈ ਸਮਝੌਤੇ ਦੀ ਕਾਪੀ ਤੋਂ ਪਤਾ ਲੱਗਿਆ ਹੈ ਕਿ



ਪ੍ਰਦਰਸ਼ਨ ਖ਼ਤਮ ਕਰਨ ਲਈ 25 ਨੁਕਾਤੀ ਇਕ ਵਿਸਥਾਰਤ ਦਸਤਾਵੇਜ਼ ‘ਤੇ ਦਸਤਖ਼ਤ ਕੀਤੇ ਗਏ, ਜਿਸ ਵਿੱਚ ਹਿੰਸਾ ਅਤੇ ਭੰਨਤੋੜ ਦੀਆਂ ਘਟਨਾਵਾਂ ਨੂੰ ਲੈ ਕੇ ਅਤਿਵਾਦ ਦੇ ਦੋਸ਼ ਹੇਠ ਕੇਸ ਦਰਜ ਕਰਨਾ ਸ਼ਾਮਲ ਹੈ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਘੱਟੋ-ਘੱਟ 10 ਵਿਅਕਤੀਆਂ ਦੀ ਮੌਤ ਹੋਈ ਹੈ ਅਤੇ ਸੈਂਕੜੇ ਲੋਕ ਜ਼ਖ਼ਮੀ ਹੋਏ ਹਨ।

# ਕਾਂਗਰਸ ਵੱਲੋਂ ਬਿਹਾਰ ਲਈ ਸੀਨੀਅਰ ਆਬਜ਼ਰਵਰ ਨਿਯੁਕਤ

**ਨਵੀਂ ਦਿੱਲੀ:** ਕਾਂਗਰਸ ਨੇ ਅੱਜ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਅਤੇ ਪਾਰਟੀ ਦੇ ਸੀਨੀਅਰ ਆਗੂ ਅਧੀਰ ਰੰਜਨ ਚੌਧਰੀ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਲਈ ਸੀਨੀਅਰ ਆਬਜ਼ਰਵਰ ਨਿਯੁਕਤ ਕੀਤਾ ਹੈ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੱਲੋਂ ਜਾਰੀ ਬਿਆਨ ਮੁਤਾਬਕ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਤਿੰਨੋਂ ਸੀਨੀਅਰ ਆਗੂਆਂ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦਾ ਸੀਨੀਅਰ ਆਬਜ਼ਰਵਰ ਨਿਯੁਕਤ ਕਰਨ ਦੀ ਪ੍ਰਵਾਨੀਗ ਦਿੱਤੀ ਹੈ। ਕਾਂਗਰਸ ਨੇ 41 ਹੋਰ ਆਗੂਆਂ ਨੂੰ ਸੂਬੇ ਦੇ ਹਰੇਕ ਜ਼ਿਲ੍ਹੇ ਵਿੱਚ ਚੋਣ ਆਬਜ਼ਰਵਰ ਨਿਯੁਕਤ ਕੀਤਾ ਹੈ।



# ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਐਲਾਨਿਆ ਜਾਵੇ: ਚੰਦੂਮਾਜਰਾ

**ਸ੍ਰੀ ਆਨੰਦਪੁਰ ਸਾਹਿਬ:** ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਇਤਿਹਾਸਕ ਢੰਗ ਨਾਲ ਮਨਾਉਣ ਲਈ ਸਾਬਕਾ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਐਲਾਨਿਆ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਵਿਸ਼ੇਸ਼ ਪੈਕੇਜ ਜਾਰੀ ਕਰਨਾ ਚਾਹੀਦਾ ਹੈ ਤਾਂ ਜੋ ਸ੍ਰੀ ਆਨੰਦਪੁਰ ਸਾਹਿਬ ਵਿੱਚ ਯਾਦਗਾਰ ਕਾਇਮ ਕੀਤੀ ਜਾ ਸਕੇ। ਸਾਬਕਾ ਸੰਸਦ ਮੈਂਬਰ ਨੇ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਸ਼ਤਾਬਦੀ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸ੍ਰੀ ਆਨੰਦਪੁਰ ਸਾਹਿਬ ਵਿੱਚ ਬੁਲਾਏ ਜਾਣ ਦਾ ਸਵਾਗਤ ਕੀਤਾ।



# ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਮਿਲੀ ਇਜਾਜ਼ਤ

**ਨਵੀਂ ਦਿੱਲੀ:**ਭਾਰਤ ਸਰਕਾਰ ਨੇ ਸਿੱਖ ਜਥੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਯਾਤਰਾ 1974 'ਚ ਦੋਵਾਂ ਦੇਸ਼ਾਂ ਵਿਚਾਲੇ ਤੀਰਥ ਯਾਤਰਵਾਂ ਸਬੰਧੀ ਸਮਝੌਤੇ ਤਹਿਤ ਹੀ ਹੋਵੇਗੀ।ਕੇਂਦਰ ਸਰਕਾਰ ਨੇ ਇਸ ਤੋਂ ਪਹਿਲਾਂ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ-ਪਾਕਿ ਵਿਚਾਲੇ ਪੈਦਾ ਹੋਏ ਤਣਾਅ ਦੇ ਮੱਦੇਨਜ਼ਰ ਸੁਰੱਖਿਆ ਕਾਰਨਾਂ ਕਰਕੇ ਇਸ ਯਾਤਰਾ 'ਤੇ ਰੋਕ ਲਗਾ ਦਿੱਤੀ ਸੀ।

ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਸਿਖ ਜਥੇਬੰਦੀਆਂ ਨੇ ਸ਼ਲਾਘਾ ਕੀਤੀ ਹੈ ਤੇ ਇਸ ਨੂੰ ਸਿੱਖ ਭਾਵਨਾਵਾਂ ਦਾ ਸਨਮਾਨ ਦੱਸਿਆ ਹੈ।ਕੇਂਦਰੀ ਗ੍ਰਹਿ ਮੰਤਰਾਲੇ ਨੇ 12 ਸਤੰਬਰ ਨੂੰ ਇਕ ਨੋਟਿਸ ਜਾਰੀ ਕਰ ਕੇ ਕਿਹਾ ਸੀ ਕਿ ਪਾਕਿਸਤਾਨ 'ਚ ਸੁਰੱਖਿਆ ਸਥਿਤੀ ਨੂੰ ਦੇਖਦੇ ਹੋਏ ਸਿੱਖ ਜਥੇ ਨੂੰ ਪਾਕਿਸਤਾਨ ਨਹੀਂ ਭੇਜਿਆ ਜਾ ਸਕਦਾ। ਸਰਕਾਰ ਦੇ ਇਸ ਫੈਸਲੇ ਦਾ ਸਿੱਖ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ ਸੀ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਐੱਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੇ ਇਸ ਕਦਮ ਦਾ ਸਖ਼ਤ ਵਿਰੋਧ ਕੀਤਾ ਸੀ। ਉਨ੍ਹਾਂ ਨੇ ਸਵਾਲ ਕੀਤਾ ਸੀ ਕਿ ਜੇਕਰ ਭਾਰਤ ਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਮੈਚ ਨੂੰ ਮਨਜ਼ੂਰੀ ਦਿੱਤੀ ਜਾ ਸਕਦੀ ਹੈ ਤਾਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਕਿਉਂ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਸੀ ਕਿ ਜੇਕਰ ਕੇਂਦਰ ਸਰਕਾਰ ਖਿੱਤੇ 'ਚ ਸ਼ਾਂਤੀ ਤੇ ਤਰੱਕੀ ਚਾਹੁੰਦੀ ਹੈ ਤਾਂ ਦੋਵਾਂ ਦੇਸ਼ਾਂ ਦਰਮਿਆਨ ਸਬੰਧ ਸੁਧਾਰ ਕੇ ਵਪਾਰ ਵਧਾਉਣਾ ਚਾਹੀਦਾ ਹੈ। ਸਿੱਖ ਜਥੇਬੰਦੀਆਂ ਵੱਲੋਂ ਤਿੱਖੇ ਪ੍ਰਤੀਕ੍ਰਮ ਮਗਰੋਂ ਕੇਂਦਰ ਸਰਕਾਰ ਨੇ ਹੁਣ ਜਥੇ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ।



ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਨੇ ਕਿਹਾ ਕਿ 200 ਤੋਂ ਵੱਧ ਜਮ੍ਹਾ ਕਰਵਾ ਚੁਕੇ ਹਨ, ਪਰ ਅਸੀਂ ਕੇਂਦਰ ਵੱਲੋਂ ਨਾਂਹ ਕਰਨ ਮਗਰੋਂ ਸਾਰੀ ਪ੍ਰਕਿਰਿਆ ਰੋਕ ਦਿੱਤੀ ਸੀ। ਹੁਣ ਕੇਂਦਰ ਵਲੋਂ ਇਜਾਜ਼ਤ ਮਿਲ ਜਾਣ ਮਗਰੋਂ ਅਸੀਂ ਵੀਜ਼ਾ ਪ੍ਰਕਿਰਿਆ ਤੇਜ਼ ਕਰ ਦੇਵਾਂਗੇ।

ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੇ ਬਾਅਦ ਜਥਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਰਵਾਨਾ ਕੀਤਾ ਜਾਏਗਾ ਤੇ ਪਾਕਿਸਤਾਨ 'ਚ ਇਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਦੇ ਨੁਮਾਇੰਦੇ ਉਨ੍ਹਾਂ ਦਾ ਸਵਾਗਤ ਕਰਨਗੇ।

## ਕੇਂਦਰ ਸਰਕਾਰ ਦਾ ਫ਼ੈਸਲਾ ਸ਼ਲਾਘਾਯੋਗ : ਧਾਮੀ

ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫ਼ੈਸਲੇ ਦੀ ਸ਼੍ਰੋਮਣੀ ਕਮੇਟੀ ਸ਼ਲਾਘਾ ਕਰਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਸਿੱਖ ਜਗਤ ਹੀ ਨਹੀਂ ਸਗੋਂ ਪੂਰੀ ਮਨੁੱਖਤਾ ਲਈ ਵੱਡੀ ਮਹੱਤਤਾ ਰੱਖਦਾ ਹੈ। ਇਸ ਮੌਕੇ ਸਿੱਖ ਸੰਗਤਾਂ ਵੱਲੋਂ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਦਰਸ਼ਨ ਕਰਨ ਅਤੇ ਸ਼ਰਧਾ ਪ੍ਰਗਟਾਉਣ ਦੀ ਤਾਂਘ ਭਾਵਨਾਤਮਕ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸਿੱਖ ਜਥੇ 'ਤੇ ਰੋਕ ਦੇ ਫ਼ੈਸਲੇ ਨੇ ਸੰਗਤ ਨੂੰ ਨਿਰਾਸ਼ ਕਰ ਦਿੱਤਾ ਸੀ, ਜਿਸ ਦੇ ਚੱਲਦਿਆਂ ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਸੀ। ਇਸ ਸਬੰਧੀ 29 ਸਤੰਬਰ ਨੂੰ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਲਿਖਿਆ ਗਿਆ ਸੀ। ਧਾਮੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆ ਗਿਆ ਫ਼ੈਸਲਾ ਸਿੱਖ ਸੰਗਤ ਦੀਆਂ ਭਾਵਨਾਵਾਂ ਦਾ ਆਦਰ ਕਰਦਾ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਅਸੀਂ ਦੇਸ਼ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦਾ ਧੰਨਵਾਦ ਕਰਦੇ ਹਾਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਵੀ ਅਪੀਲ ਕੀਤੀ।



# ਬਿਹਾਰ ਵਿਚ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ 62 ਹਜ਼ਾਰ ਕਰੋੜ ਦੇ ਪ੍ਰਜੈਕਟਾਂ ਦੀ ਸ਼ੁਰੂਆਤ



**ਨਵੀਂ ਦਿੱਲੀ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਹਾਰ 'ਚ ਰਾਸ਼ਟਰੀ ਜਨਤਾ ਦਲ ਦੀ ਸਰਕਾਰ ਸਮੇਂ 'ਸਿੱਖਿਆ ਦੇ ਘਾਣ' ਨੂੰ ਸੂਬੇ 'ਚੋਂ ਵੱਡੇ ਪੱਧਰ 'ਤੇ ਹਿਜਰਤ ਦਾ ਇਕ ਅਹਿਮ ਕਾਰਨ ਦੱਸਿਆ। ਉਨ੍ਹਾਂ ਹਾਲਾਤ 'ਚ ਸੁਧਾਰ ਲਿਆਉਣ ਅਤੇ ਸੂਬੇ ਨੂੰ ਤਰੱਕੀ ਦੇ ਰਾਹ 'ਤੇ ਪਾਉਣ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਹੇਠਲੀ ਐੱਨ ਡੀ ਏ ਸਰਕਾਰ ਦੀ ਸ਼ਲਾਘਾ ਕੀਤੀ। ਮੋਦੀ ਨੇ ਬਿਹਾਰ ਸਣੇ ਨੌਜਵਾਨਾਂ 'ਤੇ ਕੇਂਦਰਤ ਸਿੱਖਿਆ ਅਤੇ ਹੁਨਰ ਵਿਕਾਸ ਸਮੇਤ 62 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਵਰਚੁਅਲੀ ਉਦਘਾਟਨ ਕੀਤਾ। ਉਨ੍ਹਾਂ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਵੀ ਅਸਿੱਧੇ ਢੰਗ ਨਾਲ ਨਿਸ਼ਾਨਾ ਸਾਧਿਆ ਜਿਨ੍ਹਾਂ ਨੂੰ ਕਾਂਗਰਸ ਅਕਸਰ 'ਜਨ ਨਾਇਕ' ਆਖਦੀ ਹੈ। ਬਿਹਾਰ 'ਚ ਜਨ ਨਾਇਕ ਦੀ ਵਰਤੋਂ ਓ ਬੀ ਸੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਲਈ ਵਰਤਿਆ ਜਾਂਦਾ ਰਿਹਾ ਹੈ। ਮੋਦੀ ਨੇ ਰਾਹੁਲ ਦਾ ਨਾਮ ਲਏ ਬਿਨਾਂ ਕਿਹਾ ਕਿ ਕੁਝ ਲੋਕਾਂ ਵੱਲੋ ਲ ਜੁੜੇ ਸਨਮਾਨ ਨੂੰ 'ਚੋਰੀ ਕਰਨ ਦੀਆਂ ਕੋਸ਼ਿਸ਼ਾਂ ਪ੍ਰਤੀ ਬਿਹਾਰ ਦੇ ਲੋਕਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਠਾਕੁਰ ਨੂੰ ਜਨ ਨਾਇਕ ਦੀ ਉਪਾਧੀ ਸੋਸ਼ਲ ਮੀਡੀਆ ਟਰੌਲ ਨੇ ਨਹੀਂ ਦਿੱਤੀ ਸਗੋਂ ਇਹ ਉਨ੍ਹਾਂ ਪ੍ਰਤੀ ਲੋਕਾਂ - ਦੇ ਪਿਆਰ ਦਾ ਪ੍ਰਤੀਕ ਹੈ। ਮੋਦੀ ਨੇ ਨਿਤੀਸ਼ ਕੁਮਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਿਹਾਰ ਸਰਕਾਰ ਨੇ ਸੂਬੇ ਦੇ ਵਿਕਾਸ ਲਈ ਨਵੇਂ ਅਹਿਦ ਲਏ ਹਨ ਅਤੇ ਬੀਤੇ 20 ਸਾਲਾਂ ਦੇ ਮੁਕਾਬਲੇ 'ਚ ਅਗਲੇ ਪੰਜ ਸਾਲਾਂ 'ਚ ਰੁਜ਼ਗਾਰ ਹਾਸਲ ਕਰਨ ਵਾਲਿਆਂ ਦੀ ਗਿਣਤੀ ਦੁਗਣੀ ਕਰਨ ਦਾ ਫ਼ੈਸਲਾ ਲਿਆ ਹੈ। ਪ੍ਰਧਾਨ ਮੰਤਰੀ ਨੇ ਮੁੱਖ ਮੰਤਰੀ ਨਿਸ਼ਚੈ ਸਵਯਮ ਸਹਾਇਤਾ ਭੱਤਾ ਯੋਜਨਾ ਵੀ ਲਾਂਚ ਕੀਤੀ ਜਿਸ ਤਹਿਤ ਕਰੀਬ ਪੰਜ ਲੱਖ ਗਰੈਜੂਏਟਾਂ ਨੂੰ ਦੋ ਸਾਲਾਂ ਲਈ ਇਕ-ਇਕ ਹਜ਼ਾਰ ਰੁਪਏ ਹਰ ਮਹੀਨੇ ਮਿਲਣਗੇ। ਉਨ੍ਹਾਂ ਬਿਹਾਰ ਸਟੂਡੈਂਟ ਕ੍ਰੈਡਿਟ ਕਾਰਡ ਯੋਜਨਾ ਦਾ ਵੀ ਆਗ਼ਾਜ਼ ਕੀਤਾ ਜਿਸ ਤਹਿਤ ਸਿੱਖਿਆ ਲਈ ਚਾਰ ਲੱਖ ਤੱਕ ਦਾ ਵਿਆਜ ਮੁਕਤ ਕਰਜ਼ਾ ਮਿਲੇਗਾ।

# ਅਮਰੀਕੀ ਫ਼ੌਜ ਵਿਚ ਨੌਕਰੀ ਕਰਨ ਲਈ ਦਾੜ੍ਹੀ ਰੱਖਣ 'ਤੇ ਪਾਬੰਦੀ

**ਅੰਮ੍ਰਿਤਸਰ:**ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਸਖ਼ਤ ਨਵੀਂ ਨੀਤੀ ਦਾ ਐਲਾਨ ਕੀਤਾ ਹੈ ਜਿਸ ਤਹਿਤ ਅਮਰੀਕੀ ਫੌਜ ਵਿੱਚ ਸੇਵਾ ਨਿਭਾਅ ਰਹੇ ਜਵਾਨਾਂ ਤੇ ਅਧਿਕਾਰੀਆਂ ਦੇ ਦਾੜ੍ਹੀ ਰੱਖਣ 'ਤੇ ਪਾਬੰਦੀ ਲਗਾਈ ਗਈ ਹੈ। ਸਿਰਫ਼ ਵਿਸ਼ੇਸ਼ ਬਲਾਂ ਨੂੰ ਹੀ ਇਸ ਨੀਤੀ ਤੋਂ ਛੋਟ ਦਿੱਤੀ ਗਈ ਹੈ। ਹੈਗਸੈਥ ਨੇ 30 ਸਤੰਬਰ ਨੂੰ ਸਾਰੀਆਂ ਸ਼ਾਖਾਵਾਂ ਨੂੰ 2010 ਤੋਂ ਪਹਿਲਾਂ ਦੇ ਮਾਪਦੰਡਾਂ 'ਤੇ ਵਾਪਸ ਅਮਲ ਕਰਨ ਸਬੰਧੀ ਜਾਰੀ ਕੀਤੇ ਆਪਣੇ ਹੁਕਮਾਂ ਵਿੱਚ ਦਾੜ੍ਹੀ ਰੱਖਣ ਲਈ ਕਿਸੇ ਵੀ ਤਰ੍ਹਾਂ ਦੀ ਛੋਟ ਦੇਣ ਤੋਂ ਇਨਕਾਰ ਕੀਤਾ ਹੈ। ਇਸ ਫੈਸਲੇ ਨਾਲ ਸਿੱਖਾਂ ਵਰਗੇ ਘੱਟ ਗਿਣਤੀ ਵਰਗ ਦੇ ਜਵਾਨਾਂ ਨੂੰ ਮੁਸ਼ਕਲ ਵਿੱਚ ਪਾ ਦਿੱਤਾ ਗਿਆ ਹੈ।



ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਮਰੀਕਾ ਦੇ ਇਸ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਕਦਮ ਨਾਲ ਇੱਕ ਜਮਹੂਰੀ ਦੇਸ਼ ਜੋ ਕਿ ਸਾਰੇ ਧਰਮਾਂ ਨੂੰ ਬਰਾਬਰ ਅਧਿਕਾਰ ਅਤੇ ਸੁਰੱਖਿਆ ਪ੍ਰਦਾਨ ਕਰਨ ਦਾ ਦਾਅਵਾ ਕਰਦਾ ਹੈ, ਦੇ ਅਕਸ ਨੂੰ ਢਾਹ ਲੱਗੇਗੀ। ਉਨ੍ਹਾਂ ਪਿਛਲੇ ਨਿਯਮਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ ਜੋ ਕਿ ਸਿੱਖ ਸੈਨਿਕਾਂ ਨੂੰ ਆਪਣੀ ਫੌਜੀ ਡਿਊਟੀ ਨਿਭਾਉਂਦੇ ਹੋਏ ਆਪਣੇ ਧਾਰਮਿਕ ਨਿਯਮਾਂ ਦੀ ਪਾਲਣਾ ਕਰਨ ਦੀਇਜਾਜ਼ਤ ਵੀ ਦਿੰਦੇ ਸਨ। ਉਨ੍ਹਾਂ ਚੇਤੇ ਕਰਵਾਇਆ ਕਿ ਸਿੱਖ ਸੈਨਿਕਾਂ ਨੇ ਦੋ ਵਿਸ਼ਵ ਜੰਗਾਂ ਵਿੱਚ ਆਪਣਾ ਫ਼ਰਜ਼ ਬਾਖੂਬੀ ਨਿਭਾਇਆ ਸੀ। ਹਾਲਾਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਦੇ ਅਧਿਕਾਰੀਆਂ ਨੇ ਇਸ ਕਦਮ ਬਾਰੇ ਪੂਰੀ ਸਪੱਸ਼ਟਤਾ ਮਿਲਣ ਤੱਕ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀਆਂ ਸਰਵਉੱਚ ਸੰਸਥਾਵਾਂ ਇਸ ਆਦੇਸ਼ ਦੀ ਚੰਗੀ ਤਰ੍ਹਾਂ ਜਾਂਚ ਕਰਨ ਅਤੇ ਅਮਰੀਕੀ ਫੌਜ ਵਿੱਚ ਸੇਵਾ ਨਿਭਾਅ ਰਹੇ ਮੌਜੂਦਾ ਸਿੱਖ ਸੈਨਿਕਾਂ ਨਾਲ ਸਲਾਹ ਕਰਨ ਤੋਂ ਬਾਅਦ ਹੀ ਟਿੱਪਣੀ ਕਰਨਗੀਆਂ। ਉੱਧਰ, ਇਸ ਕਦਮ ਦੀ ਅਮਰੀਕਾ ਵਿਚਲੇ ਨਾਗਰਿਕ ਅਧਿਕਾਰ ਸਮੂਹਾਂ, ਸਾਬਕਾ ਫੌਜੀਆਂ ਅਤੇ ਧਾਰਮਿਕ ਆਜ਼ਾਦੀ ਦੇ ਸਮਰਥਕਾਂ ਵੱਲੋਂ ਸਖ਼ਤ ਆਲੋਚਨਾ ਕੀਤੀ ਜਾ ਰਹੀ ਹੈ। ਨਵੀਂ ਨੀਤੀ ਕਈ ਸੇਵਾ ਮੈਂਬਰਾਂ, ਖ਼ਾਸ ਕਰ ਕੇ ਸਿੱਖਾਂ, ਮੁਸਲਮਾਨਾਂ, ਯਹੂਦੀਆਂ ਅਤੇ ਸਿਆਹਫਾਮ ਸੈਨਿਕਾਂ ਨੂੰ ਆਪਣੇ ਫੌਜੀ ਕਰੀਅਰ ਅਤੇ ਆਪਣੇ ਧਾਰਮਿਕ ਵਿਸ਼ਵਾਸਾਂ ਜਾਂ ਸਿਹਤ ਲੋੜਾਂ ਵਿੱਚੋਂ ਕਿਸੇ ਇੱਕ ਨੂੰ ਚੁਣਨ ਲਈ ਮਜਬੂਰ ਕਰ ਸਕਦੀ ਹੈ।

## ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਵੱਲੋਂ ਹੁਕਮਾਂ ਦਾ ਤਿੱਖਾ ਵਿਰੋਧ

ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਐੱਨ ਏ ਪੀ ਏ) ਨੇ ਅਮਰੀਕੀ ਫੌਜ ਵਿੱਚ ਦਾੜ੍ਹੀ ਰੱਖਣ ਦੀ ਛੋਟ ਨੂੰ ਵਾਪਸ ਲੈਣ ਵਾਲੇ ਪੈਂਟਾਗਨ ਦੇ ਤਾਜ਼ਾ ਹੁਕਮਾਂ 'ਤੇ ਡੂੰਘੀ ਚਿੰਤਾ ਅਤੇ ਸਖ਼ਤ ਵਿਰੋਧ ਜ਼ਾਹਿਰ ਕੀਤਾ ਹੈ। ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਦਾ ਸਿੱਖਾਂ, ਯਹੂਦੀਆਂ, ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ 'ਤੇ ਕਾਫੀ ਪ੍ਰਭਾਵ ਪਵੇਗਾ, ਜਿਨ੍ਹਾਂ ਦਾ ਵਿਸ਼ਵਾਸ ਦਾੜ੍ਹੀ ਅਤੇ ਹੋਰ ਧਾਰਮਿਕ ਕਕਾਰਾਂ ਕਾਇਮ ਰੱਖਣ ਦੀ ਮੰਗ ਕਰਦਾ ਹੈ। ਚਾਹਲ ਨੇ ਕਿਹਾ ਕਿ ਇਹ ਕਦਮ ਉਨ੍ਹਾਂ ਲੋਕਾਂ ਨਾਲ ਵਿਸ਼ਵਾਸਘਾਤ ਹੈ ਜਿਨ੍ਹਾਂ ਨੇ ਹਥਿਆਰਬੰਦ ਬਲਾਂ ਵਿੱਚ ਧਾਰਮਿਕ ਛੋਟਾਂ ਪ੍ਰਾਪਤ ਕਰਨ ਲਈ ਸਾਲਾਂ ਤੱਕ ਸੰਘਰਸ਼ ਕੀਤਾ ਹੈ। ਚਾਹਲ ਨੇ ਕਿਹਾ, ''ਇਹ ਫੈਸਲਾ ਅਨੁਸ਼ਾਸਨ ਬਾਰੇ ਨਹੀਂ ਹੈ, ਬਲਕਿ ਇਹ ਸਿਰਫ਼ ਉਨ੍ਹਾਂ ਸੈਨਿਕਾਂ ਦੀ ਇੱਜ਼ਤ ਅਤੇ ਧਾਰਮਿਕ ਪਛਾਣ ਖੋਹਣ ਬਾਰੇ ਹੈ ਜੋ ਕਿ ਵਫ਼ਾਦਾਰੀ ਅਤੇ ਮਾਣ ਨਾਲ ਇਸ ਦੇਸ਼ ਦੀ ਸੇਵਾ ਕਰਦੇ ਹਨ।''

# ਵਿਰੋਧੀ ਪਾਰਟੀਆਂ ਦੀ ਪੰਜਾਬ ਪ੍ਰਤੀ ਸੋਚ ਸੌੜੀ: ਭਗਵੰਤ ਮਾਨ

**ਲਹਿਰਾਗਾਗਾ:**ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਕਈ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਸੌੜੀ ਸੋਚ ਰੱਖੀ ਹੋਈ ਹੈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਬੁਖਲਾਹਟ ਵਿੱਚ ਆ ਕੇ ਸਰਕਾਰ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਚੰਡੀਗੜ੍ਹ 'ਚ ਸਥਿਤ ਮੁੱਖ ਮੰਤਰੀ ਰਿਹਾਇਸ਼ 'ਤੇ ਵਾਪਸੀ ਲਈ ਨਜ਼ਰਾਂ ਗੱਡੀ ਬੈਠੇ ਹਨ, ਪਰ ਉਨ੍ਹਾਂ ਦੀ ਕਿਸਮਤ ਰੁੱਸੀ ਹੋਈ ਹੈ ਕਿਉਂਕਿ ਉਨ੍ਹਾਂ ਨੇ ਸੱਤਾ ਵਿੱਚ ਹੁੰਦਿਆਂ ਲੋਕਾਂ ਦੀਆਂ ਇੱਛਾਵਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ।



ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਲਹਿਰਾ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਨਵੇਂ ਦਫ਼ਤਰ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਸ ਕੰਪਲੈਕਸ ਵਿੱਚ 10,000 ਵਰਗ ਫੁੱਟ ਦਾ ਬਿਲਟ-ਅੱਪ ਏਰੀਆ ਹੋਵੇਗਾ ਅਤੇ ਇਹ 2.34 ਏਕੜ ਜ਼ਮੀਨ ਵਿੱਚ ਫੈਲਿਆ ਹੋਵੇਗਾ। ਸ੍ਰੀ ਮਾਨ ਨੇ ਕਿਹਾ ਕਿ ਇਸ ਕੰਪਲੈਕਸ ਦੀ ਕੁੱਲ ਲਾਗਤ 4.69 ਕਰੋੜ ਰੁਪਏ ਹੋਵੇਗੀ ਅਤੇ ਇਹ ਪ੍ਰਾਜੈਕਟ 18 ਮਹੀਨਿਆਂ ਵਿੱਚ ਪੂਰਾ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਸ ਕੰਪਲੈਕਸ ਵਿੱਚ ਦੋ ਸਬ-ਡਿਵੀਜ਼ਨਲ ਦਫ਼ਤਰ (ਸ਼ਹਿਰੀ ਲਹਿਰਾਗਾਗਾ ਅਤੇ ਪੇਂਡੂ ਦਰ ਲਹਿਰਾਗਾਗਾ) ਅਤੇ ਇੱਕ ਬਿਕਾਇਤ ਕੇਂਦਰ ਹੋਵੇਗਾ। ਸ੍ਰੀ ਮਾਨ ਨੇ ਲਹਿਰਾਗਾਗਾ ਵਿੱਚ 15.92 ਕਰੋੜ ਰੁਪਏ - ਦੀ ਲਾਗਤ ਨਾਲ ਬਣਨ ਵਾਲੇ ਨਵੇਂ ਤਹਿਸੀਲ ਕੰਪਲੈਕਸ ਦਾ ਨੀਂਹ ਪੱਥਰ ਵੀ ਰੱਖਿਆ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ 30 ਜੁਲਾਈ, 2026 ਤੋਂ ਪਹਿਲਾਂ ਪੂਰਾ ਹੋਵੇਗਾ ਅਤੇ ਇਮਾਰਤ ਦਾ ਕਵਰਡ ਏਰੀਆ 51,881 ਵਰਗ ਫੁੱਟ ਹੋਵੇਗਾ। ਮੁੱਖ ਮੰਤਰੀ ਨੇ ਸੌਰਭ ਗੋਇਲ ਫਾਊਂਡੇਸ਼ਨ ਵੱਲੋਂ ਚਲਾਈ ਜਾ ਰਹੀ 'ਆਪ ਕੀ ਰਸੋਈ' ਦਾ ਵੀ ਦੌਰਾ ਕੀਤਾ ਜਿੱਥੇ ਸੌਰਭ ਗੋਇਲ ਫਾਊਂਡੇਸ਼ਨ ਦੇ ਸਮਾਜ ਸੇਵਕ ਗੌਰਵ ਗੋਇਲ ਅਤੇ ਉਨ੍ਹਾਂ ਦੀ ਟੀਮ ਨੇ ਇਹ ਵਿਲੱਖਣ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਸੌਰਭ ਕੰਪਲੈਕਸ ਵਿੱਚ ਨਵੇਂ ਹਾਲ ਦਾ ਉਦਘਾਟਨ ਕੀਤਾ। ਜ਼ਿਕਰਯੋਗ ਹੈ ਕਿ ਇਸ ਕੰਪਲੈਕਸ ਦਾ ਨਾਮ ਸੌਰਭ ਗੋਇਲ ਦੀ ਯਾਦ ਵਿੱਚ ਰੱਖਿਆ ਗਿਆ ਹੈ, ਜੋ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦੇ ਪੁੱਤਰ ਸਨ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਵੀ ਦਿੱਤਾ। ਉਨ੍ਹਾਂ ਸਰਕਾਰ ਦੇ ਭਲਾਈ ਉਪਰਾਲਿਆਂ ਵਜੋਂ ਨਵ-ਵਿਆਹੇ ਜੋੜਿਆਂ ਨੂੰ ਸ਼ਗਨ ਵਜੋਂ ਚੈੱਕ ਵੀ ਵੰਡੇ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਬਰਿੰਦਰ ਕੁਮਾਰ ਗੋਇਲ ਅਤੇ ਹਰਦੀਪ ਸਿੰਘ ਮੁੰਡੀਆਂ ਵੀ ਮੌਜੂਦ ਸਨ।

ਪੰਜਾਬ ਟਾਈਮਜ਼

11 ਅਕਤੂਬਰ, ਸ਼ਨਿਚਰਵਾਰ

# ਭਾਰਤ ਦੀ ਦਸ਼ਾ ਅਤੇ ਦਿਸ਼ਾ

ਭਾਰਤ ਇਨ੍ਹੀਂ ਦਿਨੀਂ ਬੇਹੱਦ ਦੁਖਦਾਈ ਸਥਿਤੀ ਵਿਚੀਂ .ਗੁਜ਼ਰ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਇੱਥੇ ਵਾਪਰ ਰਹੀਆਂ ਅਸਹਿਣਸ਼ੀਲਤਾ ਦੀਆਂ ਘਟਨਾਵਾਂ ਵੇਖ ਕੇ ਮਨ ਚਿੰਤਾ ਵਿਚ ਡੁੱਬ ਜਾਂਦਾ ਹੈ ਕਿ ਇਥੇ ਜਮਹੂਰੀ ਕਦਰਾਂ-ਕੀਮਤਾਂ ਅਤੇ ਸੰਵਿਧਾਨਕ ਸੰਸਥਾਵਾਂ ਵੀ ਸੁਰੱਖਿਅਤ ਨਹੀਂ ਹਨ। ਇਸ ਦੇਸ਼ ਵਿਚ ਵਾਪਰੀ ਤਾਜ਼ਾ ਘਟਨਾ ਬੇਹੱਦ ਘਿਨਾਉਣੀ ਹੈ।

ਦੇਸ਼ ਦੀ ਸਰਬਉੱਚ ਅਦਾਲਤ ਦੇ ਚੀਫ਼ ਜਸਟਿਸ, ਸ੍ਰੀ ਬੀ.ਆਰ. ਗਵਈ ਵੱਲ ਅਦਾਲਤੀ ਕਾਰਵਾਈ ਦੌਰਾਨ ਹੀ, ਇਕ ਵਕੀਲ ਵਲੋਂ ਜੁੱਤੀ ਸੁੱਟਣ ਦੀ ਕੋਸ਼ਿਸ਼ ਬੇਹੱਦ ਸ਼ਰਮਨਾਕ ਘਟਨਾ ਹੈ। ਇਹ ਮਾਣਯੋਗ ਜਸਟਿਸ ਸ੍ਰੀ ਗਵਈ ਦਾ ਘੋਰ ਨਿਰਾਦਰ ਤਾਂ ਹੈ ਹੀ, ਸਗੋਂ ਦੇਸ਼ ਦੇ ਸੰਵਿਧਾਨ ਤੇ ਸਾਡੀ ਨਿਆਂਇਕ ਵਿਵਸਥਾ ਦਾ ਵੀ ਅਪਮਾਨ ਹੈ। ਜਦੋਂ ਜੁੱਤੀ ਸੁੱਟਣ ਵਾਲੇ ਵਕੀਲ ਨੂੰ ਸੁਰੱਖਿਆ ਕਰਮੀ ਅਦਾਲਤੀ ਕੰਪਲੈਕਸ ਵਿਚੋਂ ਬਾਹਰ ਲੈ ਕੇ ਜਾ ਰਹੇ ਸਨ ਤਾਂ ਉਹ ਨਾਅਰੇ ਲਾ ਰਿਹਾ ਸੀ 'ਸਨਾਤਨ ਧਰਮ ਦਾ ਅਪਮਾਨ ਨਹੀਂ ਸਹਾਂਗੇ'। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਘਟਨਾ ਹੰਕਾਰੀ ਤੇ ਅਸਹਿਣਸ਼ੀਲ ਪ੍ਰਵਿਰਤੀ ਦਾ ਸਿੱਟਾ ਹੈ। ਸਰਬਉੱਚ ਅਦਾਲਤ ਵਿਚ ਵਕਾਲਤ ਕਰਦੇ ਵਕੀਲ ਨੂੰ ਕਿਹੜਾ ਪਤਾ ਨਹੀਂ ਹੋਣਾ ਕਿ ਉਹ ਜੋ ਕਰ ਰਿਹਾ ਹੈ, ਉਹ ਸੰਵਿਧਾਨ ਦੀ ਸਰਵਉੱਚਤਾ ਤੇ ਨਿਆਂਇਕ ਪ੍ਰਣਾਲੀ ਦੀ ਗਰਿਮਾ ਦੇ ਉਲਟ ਹੈ। ਪਰ ਇਹ ਗੱਲ ਸਪੱਸ਼ਟ ਹੈ ਕਿ ਇਸ ਪਿੱਛੇ ਉਹ ਫਿਰਕੂ ਏਜੰਡਾ ਹੀ ਕੰਮ ਕਰ ਰਿਹਾ ਹੈ, ਜਿਹੜਾ ਪਹਿਲਾਂ ਵੀ ਇਸ ਰਾਹ ਤੁਰਿਆ ਹੋਇਆ ਹੈ।

ਇਹ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਇਸ ਘਟਨਾ ਤੋਂ ਬਾਅਦ ਮਾਣਯੋਗ ਜਸਟਿਸ ਗਵਈ ਬਿਲਕੁਲ ਸ਼ਾਂਤ ਰਹੇ, ਤੇ ਉਨ੍ਹਾਂ ਨੇ ਅਦਾਲਤੀ ਕਾਰਵਾਈ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ 'ਇਨ੍ਹਾਂ ਸਾਰੀਆਂ ਗੱਲਾਂ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਅਜਿਹੀਆਂ ਚੀਜ਼ਾਂ ਨਾਲ ਸਾਡਾ ਧਿਆਨ ਨਹੀਂ ਵੰਡੇਗਾ। ਇਨ੍ਹਾਂ ਗੱਲਾਂ ਦਾ ਮੇਰੇ 'ਤੇ ਕੋਈ ਅਸਰ ਨਹੀਂ ਹੁੰਦਾ ਹੈ।' ਕੁਝ ਵੀ ਹੋਵੇ ਇਸ ਘਟਨਾ ਨਾਲ ਹਰ ਭਾਰਤੀ ਦਾ ਸਿਰ ਸ਼ਰਮ ਨਾਲ ਝੁਕਿਆ ਹੈ। ਇਹੋ ਜਿਹੀਆਂ ਅਪਮਾਨਜਨਕ ਗੱਲਾਂ ਦੇਸ਼ ਦੀ ਸੰਵਿਧਾਨਕ ਮਰਿਆਦਾ ਦੀ ਉਲੰਘਣਾ ਹਨ। ਇਹ ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਘਟਨਾ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਨਿਆਂ ਵਿਵਸਥਾ ਦੀ ਸੁਤੰਤਰਤਾ 'ਤੇ ਅਜਿਹਾ ਹਮਲਾ ਕਰਨਾ ਬੇਹੱਦ ਨਿੰਦਣਯੋਗ ਹੈ। ਅਜੋਕੇ ਸਮਿਆਂ ਵਿੱਚ, ਦੇਸ਼ ਅਜਿਹੀ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ, ਜਿੱਥੇ ਲੋਕਾਂ ਦੀ ਇੱਕੋ ਇੱਕ ਆਸ ਨਿਆਂ ਪ੍ਰਣਾਲੀ ਉੱਤੇ ਹੀ ਹੈ।

ਇਸ ਘਟਨਾ ਦੇ ਵਿਸਥਾਰ ਵੱਲ ਜਾਈਏ ਤਾਂ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਚੀਫ ਜਸਟਿਸ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦਾ ਬੈਂਚ ਕੇਸਾਂ ਦੀ ਸੁਣਵਾਈ ਕਰ ਰਿਹਾ ਸੀ। ਮਯੂਰ ਵਿਹਾਰ ਨਿਵਾਸੀ ਮੁਲਜ਼ਮ ਵਕੀਲ ਰਾਕੇਸ਼ ਕਿਸ਼ੋਰ ਡਾਇਸ ਨੇੜੇ ਪਹੁੰਚਿਆ ਅਤੇ ਆਪਣੀ ਜੁੱਤੀ ਕੱਢ ਕੇ ਉਸ ਨੂੰ ਜੱਜਾਂ ਵੱਲ ਸੁੱਟਣ ਦੀ ਕੋਸ਼ਿਸ਼ ਕੀਤੀ।

ਅਦਾਲਤ ਦੇ ਕਮਰੇ 'ਚ ਮੌਜੂਦ ਸੁਰੱਖਿਆ ਕਰਮੀਆਂ ਨੇ ਤੁਰੰਤ ਹਰਕਤ 'ਚ ਆਉਂਦਿਆਂ ਹਮਲੇ ਨੂੰ ਰੋਕ ਲਿਆ। ਸੂਤਰਾਂ ਮੁਤਾਬਕ ਪੁਲੀਸ ਸੁਪਰੀਮ ਕੋਰਟ ਦੇ ਰਜਿਸਟਰਾਰ ਜਨਰਲ ਨਾਲ ਤਾਲਮੇਲ ਬਣਾ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ। ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਇਸ ਕਾਰੇ ਨੂੰ ਮੰਦਭਾਗਾ ਤੇ ਨਿੰਦਣਯੋਗ ਦੱਸਿਆ ਅਤੇ ਇਸ ਨੂੰ ਗੁਮਰਾਹਕੁੰਨ ਜਾਣਕਾਰੀ ਦਾ ਸਿੱਟਾ ਤੇ ਸਸਤੀ ਸ਼ੋਹਰਤ ਹਾਸਲ ਕਰਨ ਦੀ ਕੋਸ਼ਿਸ਼ ਦੱਸਿਆ। ਮਹਿਤਾ ਨੇ ਕਿਹਾ, "ਮੈਂ ਨਿੱਜੀ ਤੌਰ 'ਤੇ ਚੀਫ ਜਸਟਿਸ ਨੂੰ ਸਾਰੇ ਧਰਮਾਂ ਦੇ ਧਾਰਮਿਕ ਅਸਥਾਨਾਂ 'ਤੇ ਪੂਰੀ ਸ਼ਰਧਾ ਨਾਲ ਜਾਂਦਿਆਂ ਦੇਖਿਆ ਹੈ। ਚੀਫ ਜਸਟਿਸ ਨੇ ਵੀ ਸਥਿਤੀ ਨੂੰ ਸਪੱਸ਼ਟ ਕੀਤਾ ਹੈ।" ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਇਸ ਘਟਨਾ ਨੂੰ ਪੂਰੀ ਸੰਸਥਾ 'ਤੇ ਹਮਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਚੀਫ ਜਸਟਿਸ ਖ਼ਿਲਾਫ਼ ਜਾਤੀਵਾਦੀ ਟਿੱਪਣੀ ਵਾਂਗ ਹੈ ਅਤੇ ਇਹ ਖਜੁਰਾਹੋ 'ਚ ਵਿਸ਼ਨੂ ਭਗਵਾਨ ਦੀ ਮੂਰਤੀ ਦੇ ਪੁਨਰਸਥਾਪਨ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਦੌਰਾਨ ਚੀਫ ਜਸਟਿਸ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ 'ਤੇ ਮੁਲਜ਼ਮ ਵਕੀਲ ਦੀ ਨਾਰਾਜ਼ਗੀ ਨਾਲ ਜੁੜੀ ਹੋ ਸਕਦੀ ਹੈ। ਚੀਫ ਜਸਟਿਸ ਦੀ ਅਗਵਾਈ ਹੇਠਲੇ ਬੈਂਚ ਨੇ ਮੱਧ ਪ੍ਰਦੇਸ਼ 'ਚ ਯੂਨੈਸਕੋ ਵਿਸ਼ਵ ਵਿਰਾਸਤ ਖਜੁਰਾਹੋ ਮੰਦਰ ਕੰਪਲੈਕਸ ਦੇ ਜਵਾਰੀ ਮੰਦਰ 'ਚ ਭਗਵਾਨ ਵਿਸ਼ਨੂ ਦੀ ਸੱਤ ਫੁੱਟ ਦੀ ਮੂਰਤੀ ਦੇ ਪੁਨਰ ਨਿਰਮਾਣ ਅਤੇ ਸਥਾਪਤ ਕਰਨ ਦੇ ਨਿਰਦੇਸ਼ ਦੇਣ ਦੀ ਅਪੀਲ ਕਰਨ ਵਾਲੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ। ਚੀਫ ਜਸਟਿਸ ਨੇ ਕਿਹਾ ਸੀ, "ਇਹ ਪੂਰੀ ਤਰ੍ਹਾਂ ਨਾਲ ਪ੍ਰਚਾਰ ਹਾਸਲ ਕਰਨ ਲਈ ਦਾਖ਼ਲ ਕੀਤੀ ਗਈ ਅਰਜ਼ੀ ਹੈ। ਜਾ ਕੇ ਖੁਦ ਭਗਵਾਨ ਨੂੰ ਕੁਝ ਕਰਨ ਲਈ ਆਖੋ। ਜੇ ਤੁਸੀਂ ਆਖ ਰਹੇ ਹੋ ਕਿ ਤੁਸੀਂ ਭਗਵਾਨ ਵਿਸ਼ਨੂ ਪ੍ਰਤੀ ਡੂੰਘੀ ਆਸਥਾ ਰੱਖਦੇ ਹੋ ਤਾਂ ਪ੍ਰਾਰਥਨਾ ਕਰੋ ਅਤੇ ਥੋੜ੍ਹਾ ਧਿਆਨ ਲਗਾਓ।" ਆਪਣੀਆਂ ਟਿੱਪਣੀਆਂ ਦੀ ਸੋਸ਼ਲ ਮੀਡੀਆ 'ਤੇ ਹੋਈ ਆਲੋਚਨਾ ਮਗਰੋਂ ਚੀਫ ਜਸਟਿਸ ਨੇ ਕਿਹਾ ਸੀ ਕਿ ਉਹ ਸਾਰੇ ਧਰਮਾਂ ਦਾ ਸਨਮਾਨ ਕਰਦੇ ਹਨ। ਦੂਸਰੇ ਪਾਸੇ ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ, ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਸ ਸੀ ਪੀ) ਦੇ ਮੁਖੀ ਸ਼ਰਦ ਪਵਾਰ ਅਤੇ ਕੇਰਲਾ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਚੀਫ ਜਸਟਿਸ ਬੀ ਆਰ ਗਵਈ 'ਤੇ ਹਮਲੇ ਦੀ ਕੋਸ਼ਿਸ਼ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਜੁਡੀਸ਼ਰੀ ਅਤੇ ਕਾਨੂੰਨ ਦੇ ਸ਼ਾਸਨ ਦੀ ਮਰਿਆਦਾ 'ਤੇ ਹਮਲਾ ਹੈ। ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਇਹ ਚੀਫ ਜਸਟਿਸ 'ਤੇ ਨਹੀਂ ਸਗੋਂ ਦੇਸ਼ ਦੇ ਸੰਵਿਧਾਨ 'ਤੇ ਹਮਲੇ ਦੀ ਕੋਸ਼ਿਸ਼ ਸੀ। ਇਹ ਹਮਲਾ ਦੇਸ਼ ਲਈ ਖ਼ਤਰੇ ਦੀ ਘੰਟੀ ਹੈ। ਲੋਕਤੰਤਰ ਦੇ ਥੰਮ੍ਹ ਨਿਆਂਪਾਲਿਕਾ ਦਾ ਨਿਰਾਦਰ ਹੈ, ਸੰਵਿਧਾਨ ਦਾ ਅਪਮਾਨ ਹੈ। ਇਹ ਘਟਨਾ ਵੰਡਪਾਊ ਅਤੇ ਜ਼ਹਿਰੀਲੀ ਸਿਆਸਤ ਦੇ ਗੰਭੀਰ ਖ਼ਤਰੇ ਨੂੰ ਉਜਾਗਰ ਕਰਦੀ ਹੈ। ਅਜੇਹਾ ਘਟਨਾਕ੍ਰਮ ਭਾਰਤ ਦੀ ਵਰਤਮਾਨ ਦਸ਼ਾ ਦਾ ਸ਼ੀਸ਼ਾ ਹੋਣ ਦੇ ਨਾਲ-ਨਾਲ ਭਾਰਤ ਦੇ ਭਵਿੱਖ ਦੀ ਦਿਸ਼ਾ ਨੂੰ ਵੀ ਭਲੀਭਾਂਤ ਉਜਾਗਰ ਕਰਦਾ ਹੈ।


## ਠਾਹ-ਸੋਟਾ

-ਚਾਚਾ ਬੇਲਿਹਾਜ਼

### ਫੇਸ-ਬੁੱਕੀ ਉਪਦੇਸ਼ਕ

ਕੰਮ-ਧੰਦੇ ਦੇ ਫਿਕਰ ਤੋਂ 'ਮੁਕਤ' ਹੋ ਕੇ ਫੇਸ-ਬੁੱਕ 'ਤੇ ਰਹੀਏ ਹਮੇਸ਼ ਮੀਆਂ।
ਪਿੰਡ ਆਪਦੇ ਭਾਵੇਂ ਕੋਈ ਜਾਣਦਾ ਨਾ ਧੁੰਮਾਂ ਪਾ ਦਈਏ ਦੇਸ-ਪ੍ਰਦੇਸ਼ ਮੀਆਂ।
'ਸਿਰ ਵਰਤਣ' ਲਈ ਕੋਈ ਜੇ ਮੱਤ ਦੇਵੇ ਪੈ ਜਾਈਏ ਝੱਟ ਓਸਦੇ 'ਪੇਸ਼' ਮੀਆਂ।
ਤੂੰ ਆਖ ਕੇ 'ਲੇਬਲ' ਕੋਈ ਚੇਪ ਦੇਈਏ ਭਾਵੇਂ ਕਿੱਡਾ ਕੋਈ ਹੋਵੇ ਦਰਵੇਸ਼ ਮੀਆਂ।
ਕਰਦੇ ਹੋਣ ਕੋਈ ਨੇਕ 'ਵਿਚਾਰ-ਚਰਚਾ' ਕਰੀਏ ਕਮੈਂਟ ਕੋਈ ਪਵੇ ਕ.ਲੇਸ਼ ਮੀਆਂ।
'ਗਿਰੇਵਾਨ ਮਹਿ' ਆਪਣੇ ਝਾਕੀਏ ਨਾ ਦੇਈਏ ਹੋਰਾਂ ਦੇ ਤਾਈਂ ਉਪਦੇਸ਼ ਮੀਆਂ।

# ਜਦੋਂ ਆਰ.ਐਸ.ਐਸ ਉੱਤੇ ਉੱਠੇ ਸਵਾਲ




ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਨੇ ਆਪਣੇ 100 ਸਾਲ ਪੂਰੇ ਹੋਣ ਦਾ ਜਸ਼ਨ ਮਨਾਇਆ ਹੈ। ਆਰ.ਐੱਸ.ਐੱਸ. ਨੇ ਆਪਣੀਆਂ ਪ੍ਰਾਪਤੀਆਂ ਪ੍ਰਤੀ ਚਿੰਤਨ ਕੀਤਾ ਹੈ ਅਤੇ ਆਪਣੇ ਅਗਲੇ 100 ਵਰ੍ਹਿਆਂ ਲਈ ਭਵਿੱਖੀ ਯੋਜਨਾਵਾਂ ਵੀ ਆਂਕੀਆਂ ਹਨ। ਸੌ ਵਰ੍ਹਿਆਂ ਦੇ ਸੰਘ ਨੇ ਸਿਆਸਤ ਵਿਚ ਖੁਲ੍ਹੇਪਨ ਦੇ ਨਾਲ-ਨਾਲ ਪੀੜ੍ਹੀਗਤ ਬਦਲਾਅ ਦੀ ਪਾਰਦਰਸ਼ੀ ਤਿਆਰੀ ਦਾ ਬਿਗਲ ਵਜਾਇਆ ਹੈ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਆਰ.ਐੱਸ.ਐੱਸ. ਦੁਨੀਆ ਦਾ ਸਭ ਤੋਂ ਵੱਡਾ ਇਹੋ ਜਿਹਾ ਸੰਗਠਨ ਹੈ, ਜਿਸ ਦਾ ਵਿਆਪਕ ਅਸਰ ਹੈ, ਬਾਵਜੂਦ ਇਸਦੇ ਕਿ ਉਹ ਸਿੱਧੇ ਤੌਰ 'ਤੇ ਕੋਈ ਸਿਆਸੀ ਧਿਰ ਨਹੀਂ ਹੈ। ਆਰ.ਐੱਸ.ਐੱਸ ਦੀਆਂ ਸ਼ਾਖਾਵਾਂ ਦੀ ਗਿਣਤੀ ਥੋੜ੍ਹੇ ਸਮੇਂ ਵਿਚ ਹੀ ਭਾਰਤ 'ਚ 40,000 ਤੋਂ ਵਧ ਕੇ 83,000 ਹੋ ਗਈ ਹੈ। ਸੰਘ ਦੀਆਂ ਵਿਦੇਸ਼ਾਂ 'ਚ ਵੀ ਸ਼ਾਖਾਵਾਂ ਹਨ।

ਆਰ.ਐੱਸ.ਐੱਸ. ਦੇ ਸੰਸਥਾਪਕ ਕੇ.ਬੀ. ਹੇਡਗੇਵਾਰ (ਮਹਾਂਰਾਸ਼ਟਰ) ਸਨ, ਜਿਨ੍ਹਾਂ ਆਰ.ਐੱਸ.ਐੱਸ. ਦੀ ਸਥਾਪਨਾ ਕਰਕੇ ਹਿੰਦੂ ਸਮਾਜ ਦੇ ਏਕੀਕਰਨ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਵਿਚ ਬਦਲਣ ਦੇ ਆਸ਼ੇ ਨਾਲ ਕੀਤੀ।

ਇਸ ਸਮੇਂ ਭਾਰਤ ਦੀ ਭਾਜਪਾ ਸਰਕਾਰ, ਆਰ.ਐੱਸ.ਐੱਸ ਦੀ ਬਦੌਲਤ ਬਣੀ ਹੋਈ ਹੈ। ਆਰ.ਐਸ.ਐੱਸ. ਦੇ ਮੌਜੂਦਾ ਮੁਖੀ ਮੋਹਨ ਭਾਗਵਤ ਹਨ, ਜੋ ਕਈ ਵੇਰ ਕਹਿ ਚੁੱਕੇ ਹਨ ਕਿ ਸੰਘ ਵਿਚ ਸਭ ਕੁਝ ਬਦਲਣਯੋਗ ਹੈ, ਸਿਵਾਏ ਇਸਦੇ ਮੂਲ ਵਿਸ਼ਵਾਸ ਕਿ ਭਾਰਤ ਹਿੰਦੂ ਰਾਸ਼ਟਰ ਹੈ।

ਸਮੇਂ-ਸਮੇਂ ਸੰਘ ਨੇ ਨੀਤੀਆਂ ਬਦਲੀਆਂ। ਸੰਘ ਨੇ ਸੰਵਿਧਾਨਵਾਦ, ਲੋਕਤੰਤਰ ਅਤੇ ਸਮਾਜਿਕ ਕਲਿਆਣ ਨੂੰ ਅਪਨਾਇਆ। ਪਰ ਨਾਲ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਰੀਏ ਸ਼ਕਤੀਸ਼ਾਲੀ ਹਰਮਨ ਪਿਆਰੇ ਹਿੰਦੂ ਪ੍ਰਤੀਕ ਦੀ ਖੋਜ ਕੀਤੀ, ਜੋ ਸੰਘ ਨੂੰ ਭਗਵਾਨ ਰਾਮ ਦੇ ਰੂਪ 'ਚ ਮਿਲਿਆ। ਇਸ ਰਾਮ ਅੰਦੋਲਨ ਨੂੰ ਤੇਜ ਕੀਤਾ ਗਿਆ, ਜਿਸਨੇ ਭਾਰਤੀ ਸਿਆਸਤ ਹੀ ਬਦਲ ਦਿੱਤੀ। ਆਰ.ਐੱਸ.ਐੱਸ. ਰਾਹੀਂ ਭਾਜਪਾ ਹਾਕਮ ਬਣੀ। ਮੋਦੀ ਪ੍ਰਧਾਨ ਮੰਤਰੀ ਬਣੇ।

ਆਰ.ਐੱਸ.ਐੱਸ. ਨੇ ਕਦੀ ਵੀ ਖ਼ੁਦ ਨੂੰ ਕੇਵਲ ਧਾਰਮਿਕ, ਸੰਸਕ੍ਰਿਤਿਕ, ਜਾਂ ਸਮਾਜਿਕ ਸੰਗਠਨ ਦੇ ਢਾਂਚੇ ਤੱਕ ਸੀਮਤ ਨਹੀਂ ਰੱਖਿਆ। ਇਹ ਦੇਸ਼ ਦੇ ਹਰ ਥਾਂ, ਹਰ ਕੋਨੇ 'ਚ ਮੌਜੂਦ ਹੈ। ਸਰਵਜਨਕ ਜੀਵਨ ਦੇ ਹਰ ਖੇਤਰ ਵਿਚ ਇਸ ਵੱਲੋਂ ਆਪਣੇ ਸੰਗਠਨ ਸਥਾਪਿਤ ਕੀਤੇ ਹੋਏ ਹਨ ਅਤੇ ਇਨ੍ਹਾਂ ਸੰਗਠਨਾਂ ਦੀ ਮਜ਼ਬੂਤੀ ਲਈ ਲਗਾਤਾਰ ਕਾਰਜ ਵੀ ਇਸ ਵਲੋਂ ਕੀਤੇ ਜਾ ਰਹੇ ਹਨ। ਇਸੇ ਕਰਕੇ ਇਸਦਾ ਸਿਆਸੀ ਪ੍ਰਭਾਵ ਬਿਨਾਂ-ਸ਼ੱਕ ਵਿਆਪਕ ਹੈ। ਸੰਘ, ਭਾਰਤ ਸਰਕਾਰ ਨਾਲ ਕਿਧਰੇ ਵੀ ਰਜਿਸਟਰਡ ਸੰਗਠਨ ਨਹੀਂ, ਨਾ ਗ਼ੈਰ-ਸਰਕਾਰੀ ਸੰਸਥਾ ਵਜੋਂ ਨਾ ਹੀ ਕਿਸੇ ਟਰੱਸਟ ਜਾਂ ਸਵੈ-ਸੇਵੀ ਸੰਸਥਾ ਵਜੋਂ। ਸੰਘ ਆਤਮ ਨਿਰਭਰ ਹੈ। ਸੰਘ ਵੱਲੋਂ ਆਪਣੇ ਮੈਂਬਰਾਂ ਤੋਂ ਬਾਹਰੋਂ ਕੋਈ ਸਹਾਇਤਾ ਜਾਂ ਪੈਸਾ ਵੀ ਨਹੀਂ ਲਿਆ ਜਾਂਦਾ। ਪਰ ਭਾਰਤ ਦੇ ਵੱਖੋ-ਵੱਖਰੇ ਥਾਵਾਂ, ਸ਼ਹਿਰਾਂ, ਨਗਰਾਂ 'ਚ ਸੰਘ ਦੇ ਵਲੰਟੀਅਰਾਂ, ਮੈਂਬਰਾਂ ਨੇ ਸੰਗਠਨ/ਟਰੱਸਟ ਬਣਾਏ ਹੋਏ ਹਨ, ਜੋ ਕਾਨੂੰਨ ਦੇ ਦਾਇਰੇ 'ਚ ਪੈਸਾ ਇਕੱਠਾ ਕਰਦੇ ਹਨ ਅਤੇ ਬੈਂਕ ਖ਼ਾਤੇ ਚਲਾਉਂਦੇ ਹਨ।

ਆਪਣੀ ਸਥਾਪਤੀ ਦੇ ਇੱਕ ਸਦੀ ਬਾਅਦ ਸੰਘ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤਾਂ ਵਿਚੋਂ ਇੱਕ ਹੈ, ਜਿਸਦੀ ਇੱਕ ਵੱਡੀ ਸਿਆਸੀ ਤਾਕਤ ਹੈ। ਕਿੰਨੀ ਮਹੱਤਵਪੂਰਨ ਗੱਲ ਹੈ ਕਿ ਇਸ ਵੱਲੋਂ ਮਿੱਥੇ ਕਈ ਇਤਿਹਾਸਕ ਮੰਤਵ 370-ਧਾਰਾ ਖ਼ਤਮ ਕਰਨਾ ਅਤੇ ਰਾਮ ਮੰਦਿਰ ਦੀ ਸਥਾਪਨਾ, ਸੜਕ 'ਤੇ ਹੋਏ ਕਿਸੇ ਅੰਦੋਲਨ ਨਾਲ ਨਹੀਂ ਬਲਕਿ ਸਰਕਾਰੀ ਕਾਰਵਾਈ ਨਾਲ ਪੂਰੇ ਹੋਏ ਹਨ, ਜੋ ਸੰਘ ਅਤੇ ਭਾਜਪਾ ਵਿਚਕਾਰ ਸਹਿਜ ਗੱਠਜੋੜ ਦੇ ਸੰਕੇਤ ਹੀ ਨਹੀਂ, ਸਬੂਤ ਹਨ। ਅੱਜ ਸੰਘ ਦਾ 90 ਫ਼ੀਸਦੀ ਹਿੱਸਾ, ਸ਼ਾਖਾ ਤੋਂ ਬਾਹਰ ਹੈ। ਸੰਘ ਦਾ ਵਿਆਪਕ ਸਮਾਜ ਦੇ ਨਾਲ ਜ਼ਿਆਦਾ ਜੁੜਨਾ ਉਸਦੇ ਵੱਧ ਰਹੇ ਆਤਮ ਵਿਸ਼ਵਾਸ ਨਾਲ ਭਰੀ ਅਵਾਜ਼ ਸਦਕਾ ਹੈ।

ਮੌਜੂਦਾ ਸੰਘ ਮੁਖੀ ਮੋਹਨ ਭਾਗਵਤ ਨੇ ਸੰਘ ਦੇ ਫੈਲਾਅ 'ਚ ਭਰਪੂਰ ਹਿੱਸਾ ਪਾਇਆ ਹੈ। ਉਸਨੇ ਸੰਸਥਾਪਕ ਮੁਖੀ ਐੱਮ.ਐੱਸ. ਗੋਲਵਲਕਰ ਦੀਆਂ ਲਿਖਤਾਂ ਦੇ ਕੁਝ ਪੁਰਾਣੇ ਅੰਸ਼ਾਂ ਤੋਂ ਦੂਰੀ ਬਣਾ ਕੇ, ਮਨੂ ਸੰਮ੍ਰਿਤੀ ਦੇ ਜਾਤੀਵਾਦੀ ਅੰਗਾਂ ਤੋਂ ਦੂਰ ਹਟ ਕੇ ਉਨ੍ਹਾਂ ਨੂੰ ਖ਼ਾਰਿਜ ਕੀਤਾ, ਹਿੰਦੂਆਂ ਨੂੰ ਹਰ ਮਸਜਿਦ ਦੇ ਹੇਠਾਂ ਮੰਦਿਰ ਲੱਭਣ ਤੋਂ ਗੁਰੇਜ ਕਰਨ ਦਾ ਸੁਨੇਹਾ ਦਿੱਤਾ, ਸਿਵਾਏ ਕਾਸ਼ੀ ਅਤੇ ਮਥੁਰਾ ਦੇ। ਪੁਰਸ਼ ਪ੍ਰਧਾਨ ਸਮਾਜ ਵਿਚ ਔਰਤਾਂ ਦੀ ਭਾਗੀਦਾਰੀ, ਜਾਤੀਵਾਦੀ ਭੇਦ-ਭਾਵ ਖ਼ਤਮ ਕਰਨ ਦਾ ਸੱਦਾ ਦਿੱਤਾ। ਸਿੱਟੇ ਵਜੋਂ ਸੰਘ ਭਾਰਤੀ ਸਿਆਸਤ 'ਚ ਭਾਰੂ ਹੁੰਦਾ ਜਾ ਰਿਹਾ ਹੈ। ਇਹ ਸੰਘ ਵੱਲੋਂ ਮੌਜੂਦਾ ਦੌਰ 'ਚ ਸੰਗਠਨਾਤਮਕ ਜ਼ਰੂਰਤਾਂ ਨੂੰ ਦੇਖਦਿਆਂ ਕੀਤੇ ਬਦਲਾਅ ਕਾਰਨ ਵੀ ਸੰਭਵ ਹੋ ਸਕਿਆ ਹੈ।

100 ਸਾਲ ਦੇ ਸਫ਼ਰ ਦੌਰਾਨ ਸੰਸਥਾਪਕ ਮੁਖੀ ਕੇ.ਬੀ. ਹੇਡਗੇਵਾਰ ਤੋਂ ਬਾਅਦ ਗੋਲਵਾਲਕਰ (ਗੁਰੂ ਜੀ), ਬਾਲਾ ਸਾਹਿਬ ਦੇਵਰਸ, ਰਾਜੇਂਦਰ ਸਿੰਘ ਰਾਜੂ ਭਈਆ, ਕੇ.ਐੱਸ. ਸੁਦਰਸ਼ਨ ਅਤੇ ਮੋਹਨ ਭਾਗਵਤ ਨੇ ਅਗਵਾਈ ਕੀਤੀ ਹੈ। ਮੋਹਨ ਭਾਗਵਤ 2009 ਤੋਂ ਸੰਘ ਪ੍ਰਮੁੱਖ ਹਨ। ਇਨ੍ਹਾਂ ਮੁਖੀਆਂ ਦੇ ਕਾਰਜਕਾਲ 'ਚ ਸੰਘ ਨੇ ਪਹਿਲੀ ਵੇਰ ਬਾਲਾ ਸਾਹਿਬ ਦੇਵਰਸ ਦੀ ਅਗਵਾਈ 'ਚ ਆਪਣੇ-ਆਪ ਨੂੰ ਸਿਆਸੀ ਧਿਰ ਵਜੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਮੁਖ ਧਾਰਾ 'ਚ ਝੋਕਿਆ।

ਪਰ ਰਾਸ਼ਟਰੀ ਸੇਵਕ ਸੰਘ ਨੂੰ ਕਈ ਵੇਰ ਵਿਵਾਦਾਂ ਦਾ ਸਹਾਮਣਾ ਕਰਨਾ ਪਿਆ ਹੈ। ਵੱਡਾ ਵਿਵਾਦ ਮਹਾਤਮਾ ਗਾਂਧੀ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ। ਗਾਂਧੀ ਜੀ ਦੀ ਹੱਤਿਆ ਨੱਥੂ ਰਾਮ ਗੋਡਸੇ ਨੇ ਕੀਤੀ ਸੀ। ਦੋਸ਼ ਸੀ ਕਿ ਸੰਘ ਦੇ ਗੋਡਸੇ ਨਾਲ ਪੁਰਾਣੇ ਸੰਬੰਧ ਸਨ। ਹਾਲਾਂਕਿ ਇਸ ਸੰਗਠਨ ਅਤੇ ਹੱਤਿਆ ਦੀ ਸਾਜ਼ਿਸ਼ ਦੇ ਵਿਚਕਾਰ ਸਿੱਧਾ ਸੰਬੰਧ ਅਦਾਲਤ 'ਚ ਸਾਬਤ ਨਹੀਂ ਹੋਇਆ।

ਪਰ ਤਤਕਾਲੀ ਸਰਕਾਰ ਨੇ ਸੰਘ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਕਿਹਾ ਕਿ ਇਹ ਬੰਦਿਸ਼ ਨਫ਼ਰਤ ਅਤੇ ਹਿੰਸਾ ਦੀਆਂ ਤਾਕਤਾਂ ਨੂੰ ਜੜ੍ਹ ਤੋਂ ਉਖਾੜਨ ਲਈ ਲਾਈਆਂ ਗਈਆਂ। ਸਾਲ 1949 'ਚ ਇਹ ਬੰਦਿਸ਼ ਹਟਾ ਦਿੱਤੀ ਗਈ ਜਦੋਂ ਆਰ.ਐੱਸ.ਐੱਸ. ਨੇ ਭਾਰਤ ਦੇ ਸੰਵਿਧਾਨ ਅਤੇ ਰਾਸ਼ਟਰੀ ਝੰਡੇ ਦੇ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟ ਕੀਤਾ। ਦੇਸ਼ ਵਿਚ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕੀਤਾ ਤਾਂ ਹੋਰਨਾਂ ਸੰਗਠਨਾਂ ਦੇ ਨਾਲ-ਨਾਲ ਆਰ.ਐੱਸ.ਐੱਸ. ਨੂੰ ਵੀ 'ਬੈਨ' ਕਰ ਦਿੱਤਾ ਗਿਆ। ਇਹੀ ਉਹ ਸਮਾਂ ਸੀ ਜਦੋਂ ਸੰਘ ਨੇ ਆਪਣਾ ਅਧਾਰ ਵਧਾਇਆ। ਅਯੋਧਿਆ ਰਾਮ ਮੰਦਿਰ ਦੇ ਨਿਰਮਾਣ ਲਈ ਅਵਾਜ਼ ਚੁੱਕੀ। ਸੰਘ ਉੱਤੇ ਭੀੜ ਇਕੱਠੀ ਕਰਨ ਦਾ ਦੋਸ਼ ਲੱਗਾ। ਹਾਲਾਂਕਿ ਬਾਅਦ 'ਚ ਇਹ ਬੰਦਿਸ਼ ਹਟਾ ਲਈ ਗਈ।

ਐਮਰਜੈਂਸੀ ਦੇ ਸਮੇਂ ਦੌਰਾਨ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਸੰਘ ਨੂੰ ਇਹ ਸਰਟੀਫੀਕੇਟ ਵੀ ਜੇ.ਪੀ. ਨਰਾਇਣ ਵੱਲੋਂ ਮਿਲਿਆ, 'ਜੇਕਰ ਆਰ.ਐੱਸ.ਐੱਸ. ਫਾਸ਼ੀਵਾਦੀ ਹੈ, ਤਾਂ ਮੈਂ ਵੀ ਫਾਸ਼ੀਵਾਦੀ ਹਾਂ।' ਪਰ ਆਰ.ਐੱਸ.ਐੱਸ. ਦੇ ਆਲੋਚਕਾਂ ਦਾ ਕਹਿਣਾ ਹੈ ਕਿ ਸੰਘ ਦੀ ਵਿਚਾਰਧਾਰਾ ਹਿੰਦੂ ਰਾਸ਼ਟਰ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੀ ਹੈ, ਜੋ ਧਾਰਮਿਕ ਘੱਟ ਗਿਣਤੀਆਂ ਨੂੰ ਹਾਸ਼ੀਏ 'ਤੇ ਧੱਕਦੀ ਹੈ।

ਜਦੋਂ ਸੰਘ ਦੇ ਮੁਖ ਅਖ਼ਬਾਰ 'ਆਰਗੇਨਾਇਜ਼ਰ' ਨੇ 17 ਜੁਲਾਈ 1947 ਨੂੰ 'ਰਾਸ਼ਟਰੀ ਝੰਡਾ' ਸਿਰਲੇਖ ਵਾਲੇ ਸੰਪਾਦਕੀ ਵਿਚ ਭਗਵਾਂ ਝੰਡੇ ਨੂੰ ਰਾਸ਼ਟਰੀ ਝੰਡੇ ਦੇ ਤੌਰ 'ਤੇ ਮੰਨਣ ਦੀ ਮੰਗ ਕੀਤੀ ਤਾਂ ਸੰਘ ਨਿਸ਼ਾਨੇ ਹੇਠ ਆਇਆ ਕਿ ਤਿਰੰਗੇ ਦੀ ਥਾਂ ਆਰ.ਐੱਸ.ਐੱਸ. ਭਗਵਾਂ ਝੰਡੇ ਦਾ ਹਮਾਇਤੀ ਸੀ। ਆਲੋਚਕ ਤਾਂ ਇਹ ਵੀ ਕਹਿੰਦੇ ਹਨ ਕਿ 2002 ਤੱਕ ਸੰਘ ਨੇ ਆਪਣੇ ਨਾਗਪੁਰ ਦੇ ਮੁੱਖ ਦਫ਼ਤਰ ਵਿੱਚ ਤਿਰੰਗਾ ਝੰਡਾ ਨਹੀਂ ਸੀ ਲਹਿਰਾਇਆ।

ਅਸਲ 'ਚ ਸੰਘ ਸਿਧਾਂਤਕ ਤੌਰ 'ਤੇ ਕਮਿਊਨਿਸਟਾਂ ਨੂੰ ਆਪਣੇ ਮੁੱਖ ਵਿਰੋਧੀ ਮੰਨਦਾ ਹੈ ਅਤੇ ਮੁਸਲਮਾਨਾਂ ਨੂੰ ਵਿਦੇਸ਼ੀ ਹਮਲਾਵਰਾਂ ਦੇ ਵਾਰਸ ਗਰਦਾਨਦਾ ਹੈ ਅਤੇ ਇਸਾਈਆਂ ਨੂੰ ਵਿਦੇਸ਼ੀ।

ਆਰ.ਐੱਸ.ਐੱਸ. ਵੱਲੋਂ ਵਿਦਿਆਰਥੀ ਜੱਥੇਬੰਦੀਆਂ, ਮੁਲਾਜ਼ਮਾਂ, ਸਿੱਖਿਆ ਸੰਸਥਾਵਾਂ ਵਿੱਚ ਆਪਣਾ ਪ੍ਰਭਾਵ, ਅਧਿਕਾਰ ਜਮਾਉਣ ਲਈ ਲਗਾਤਾਰ ਯਤਨ ਹੋਏ ਹਨ। ਦੇਸ਼ ਵਿਚ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਸ਼ਿਕਸ਼ਣ ਮੰਡਲ ਅਤੇ ਹੋਰ ਸੰਸਥਾਵਾਂ ਸਥਾਪਿਤ ਕਰਕੇ ਇਸਨੇ ਆਪਣੇ ਆਕਾਰ 'ਚ ਵਾਧਾ ਕੀਤਾ ਹੈ।

ਸਰਕਾਰ ਅਤੇ ਭਾਜਪਾ ਦੀਆਂ ਮੁੱਖ ਪੋਸਟਾਂ ਵੀ ਸੰਘ ਵਲੋਂ ਕਾਬੂ ਕੀਤੀਆਂ ਹੋਈਆਂ ਹਨ ਅਤੇ ਹੋਰ ਕਾਬੂ ਕਰਨ ਦੇ ਲਗਾਤਾਰ ਯਤਨ ਹੁੰਦੇ ਹਨ। ਸਿੱਟੇ ਵਜੋਂ ਸੰਘ ਮੁਖੀ ਮੋਹਨ ਭਾਗਵਤ ਅਤੇ ਮੋਦੀ ਸਰਕਾਰ ਅਤੇ ਮੋਦੀ ਦੇ ਪੈਰੋਕਾਰਾਂ ਵਿਚ ਕੁੜੱਤਣ ਵਧਦੀ ਹੈ ਅਤੇ ਟਕਰਾਅ ਦੀ ਨੌਬਤ ਆਉਂਦੀ ਹੈ। ਇਸੇ ਟਕਰਾਅ ਕਾਰਨ ਕਈ ਵੇਰ ਸਰਕਾਰ ਹਚਕੋਲੇ ਖਾਂਦੀ ਦਿਸਦੀ ਰਹੀ।

ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ 2024 ਵਿੱਚ ਕਿਹਾ ਸੀ ਕਿ ਭਾਜਪਾ ਉਸ ਸਮੇਂ ਤੋਂ ਅੱਗੇ ਵੱਧ ਚੁੱਕੀ ਹੈ, ਜਦੋਂ ਉਸ ਨੂੰ ਆਰ.ਐੱਸ.ਐੱਸ. ਦੀ ਲੋੜ ਸੀ। ਇਸ ਬਿਆਨ 'ਤੇ ਮੋਹਨ ਭਾਗਵਤ ਨੇ ਕਿਹਾ ਸੀ , 'ਸੇਵਕ (ਜਨਤਾ ਦੀ ਸੇਵਾ ਕਰਨ ਵਾਲੇ) ਵਿਚ ਹੰਕਾਰ ਨਹੀਂ ਹੋਣਾ ਚਾਹੀਦਾ, ਭਾਵੇਂ ਰਿਜ਼ਰਵੇਸ਼ਨ ਦਾ ਮਾਮਲਾ ਹੋਵੇ ਜਾਂ ਜਨ ਸੰਖਿਆ ਦਾ ਮੁੱਦਾ, ਜਾਂ ਫਿਰ 75 ਸਾਲ ਦੀ ਉਮਰ 'ਚ ਨੇਤਾ ਦੇ ਰਿਟਾਇਰ ਹੋਣ ਦਾ।' ਸਰਕਾਰ ਅਤੇ ਸੰਘ ਦੇ ਸੰਬੰਧਾਂ 'ਚ ਖਟਾਸ ਵੇਖਣ ਨੂੰ ਮਿਲੀ।

ਇਸੇ ਤਰ੍ਹਾਂ ਦੀ ਕੁੜੱਤਣ ਭਾਜਪਾ ਦੇ ਪ੍ਰਧਾਨ ਦੀ ਚੋਣ 'ਚ ਭਾਜਪਾ ਅਤੇ ਸੰਘ 'ਚ ਵੇਖਣ ਨੂੰ ਮਿਲ ਰਹੀ ਹੈ। ਜੇ.ਪੀ. ਨੱਢਾ ਦਾ ਪ੍ਰਧਾਨਗੀ ਕਾਰਜਕਾਲ 2023 ਦਾ ਖ਼ਤਮ ਹੈ। ਪਰ ਨਵੇਂ ਪ੍ਰਧਾਨ ਦੇ ਨਾਂਅ 'ਤੇ ਸਹਿਮਤੀ ਨਹੀਂ ਹੋ ਰਹੀ, ਕਿਉਂਕਿ ਸੰਘ, ਭਾਜਪਾ ਆਪਣੇ ਪੱਖੀ ਪ੍ਰਧਾਨ ਨਿਯੁਕਤ ਕਰਨਾ ਚਾਹੁੰਦਾ ਹੈ ਅਤੇ ਮੋਦੀ ਧਿਰ ਆਪਣਾ। ਦੋਹਾਂ 'ਚ ਇੱਕ ਲਕੀਰ ਸਪਸ਼ਟ ਦਿੱਖ ਰਹੀ ਹੈ।

ਪਰ ਫਿਰ ਵੀ ਦੇਸ਼ ਦੀ ਹਾਕਮ ਧਿਰ ਭਾਜਪਾ, ਜਿਸ ਢੰਗ ਨਾਲ ਚੋਣ ਕਮਿਸ਼ਨ, ਨਿਆਪਾਲਿਕਾ, ਖ਼ੁਦਮੁਖਤਿਆਰ ਸੰਸਥਾਵਾਂ ਉੱਤੇ ਭਾਰੂ ਹੋ ਰਹੀ ਹੈ ਅਤੇ ਜਿਸ ਢੰਗ ਨਾਲ ਵੱਖੋ-ਵੱਖਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਖੂੰਜੇ ਲਾ ਰਹੀ ਹੈ, ਉਹ ਵਿਚਾਰਧਾਰਿਕ ਤੌਰ 'ਤੇ ਆਰ.ਐੱਸ.ਐੱਸ. ਦੇ ਸਿਧਾਂਤਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ। ਜਿਸ ਕਾਰਨ ਲਗਾਤਾਰ ਦੇਸ਼ 'ਚ ਅਸੰਤੁਸ਼ਟੀ ਦਾ ਮਾਹੌਲ ਪੈਦਾ ਹੋ ਰਿਹਾ ਹੈ ਅਤੇ ਆਲੋਚਕਾਂ ਵੱਲੋਂ ਲਗਾਤਾਰ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣੇ ਜਿਹੇ ਐਨ.ਸੀ.ਈ.ਆਰ.ਟੀ. ਨੇ ਸਕੂਲਾਂ ਦੇ ਸਿਲੇਬਸ ਵਿੱਚ ਗਾਂਧੀ ਜੀ ਦੀ ਹੱਤਿਆ ਨਾਲ ਸੰਬੰਧਿਤ ਕੁਝ ਅੰਸ਼ ਹਟਾ ਦਿੱਤੇ ਹਨ। ਵਿਰੋਧੀ ਇਸ ਨੂੰ ਸੰਘ ਦੇ ਵਿਵਾਦਿਤ ਅਤੀਤ ਨੂੰ ਮਿਟਾਉਣ ਦਾ ਯਤਨ ਦੱਸ ਰਹੇ ਹਨ।

# ਸਿਜੀਮਾਲੀ ਵਿਚ ਬਾਕਸਾਈਟ ਖਣਨ ਦੇ ਖ਼ਿਲਾਫ਼ ਸ਼ਾਂਤਮਈ ਸੰਘਰਸ਼

***ਹਾਲ ਹੀ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਦੇ ਯੁੱਧ ਨਾਲ ਲਹੂ-ਲੁਹਾਣ ਬਸਤਰ ਖੇਤਰ ਵਿਚ ਜਾ ਕੇ ਕੇਂਦਰੀ ਗ੍ਰਹਿ ਮੰਤਰੀ ਨੇ ਮੁੜ ਐਲਾਨ ਕੀਤਾ ਕਿ ਨਕਸਲੀਆਂ ਨੂੰ ਹਥਿਆਰ ਸੁੱਟ ਕੇ 'ਮੁੱਖਧਾਰਾ' 'ਚ ਸ਼ਾਮਲ ਹੋ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਸਰਕਾਰ 31 ਮਾਰਚ 2026 ਤੱਕ ਭਾਰਤ ਨੂੰ 'ਨਕਸਲਵਾਦ-ਮੁਕਤ' ਬਣਾਉਣ ਲਈ ਦ੍ਰਿੜ੍ਹ ਹੈ। ਸਵਾਲ ਇਹ ਹੈ ਕਿ ਕੀ 'ਮੁੱਖਧਾਰਾ' ਵਿਚ ਪੁਰਅਮਨ ਲੋਕ ਸੰਘਰਸ਼ਾਂ ਦੀ ਕੋਈ ਸੁਣਵਾਈ ਹੋ ਰਹੀ ਹੈ? ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਦਰਜਨਾਂ ਅਜਿਹੇ ਸ਼ਾਂਤਮਈ ਸੰਘਰਸ਼ ਹਨ ਜਿੱਥੇ ਲੋਕ-ਰਾਇ ਨੂੰ ਦਰਕਿਨਾਰ ਕਰ ਕੇ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੀ ਆਵਾਜ਼ ਨੂੰ ਕਰੂਰ ਜਬਰ ਨਾਲ ਕੁਚਲ ਕੇ ਕਥਿਤ ਵਿਕਾਸ ਪ੍ਰੋਜੈਕਟ ਥੋਪੇ ਜਾ ਰਹੇ ਹਨ। ਅਜਿਹਾ ਹੀ ਇਕ ਸੰਘਰਸ਼ ਸਿਜੀਮਾਲੀ ਹੈ। ਸ਼ਾਂਤਮਈ ਸੰਘਰਸ਼ਾਂ ਲਈ ਜਮਹੂਰੀ ਸਪੇਸ ਨੂੰ ਸਮਝਣ ਲਈ ਇਸ ਬੇਨਾਮ ਸੰਘਰਸ਼ ਦੀ ਜ਼ਮੀਨੀ ਰਿਪੋਰਟ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਸੰਪਾਦਕ॥***

ਨਿਕਿਤਾ ਜੈਨ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਓੜੀਸਾ ਦੇ ਰਾਏਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਵਿਚ ਫੈਲੇ ਸਿਜੀਮਾਲੀ (ਜਿਸ ਨੂੰ ਤਿਜੀਮਾਲੀ ਵੀ ਕਹਿੰਦੇ ਹਨ) ਵਿਚ ਪਿਛਲੇ ਦੋ ਸਾਲਾਂ ਤੋਂ ਇਕ ਟਾਕਰਾ ਅੰਦੋਲਨ ਚੱਲ ਰਿਹਾ ਹੈ। ਇਹ ਅੰਦੋਲਨ ਤਜਵੀਜ਼ਤ ਬਾਕਸਾਈਟ ਖਣਨ ਪ੍ਰੋਜੈਕਟਾਂ ਦੇ ਖ਼ਿਲਾਫ਼ ਹੈ।

ਸਿਜੀਮਾਲੀ ਓੜੀਸਾ ਰਾਜ ਦੀ ਇਕ ਪਰਬਤ-ਮਾਲਾ ਦਾ ਨਾਂ ਹੈ। ਪਹਾੜੀਆਂ ਦਾ ਇਹ ਇਲਾਕਾ ਬਾਕਸਾਈਟ ਖਣਿਜ ਨਾਲ ਭਰਪੂਰ ਹੈ ਅਤੇ ਆਦਿਵਾਸੀ ਭਾਈਚਾਰੇ ਇਸ ਨੂੰ ਪਵਿੱਤਰ ਸਥਾਨ ਮੰਨਦੇ ਹਨ। ਇੱਥੇ ਜੈਵਿਕ ਵੰਨ-ਸੁਵੰਨਤਾ ਦੀ ਬਹੁਤਾਤ ਹੈ। ਸੰਨ 2023 'ਚ ਖਣਨ ਖੇਤਰ ਦੀ ਧੜਵੈਲ ਕੰਪਨੀ ਵੇਦਾਂਤਾ ਲਿਮਟਿਡ ਨੂੰ 3838 ਏਕੜ ਰਕਬੇ ਵਿਚ ਸਥਿਤ ਸਿਜੀਮਾਲੀ ਬਾਕਸਾਈਟ ਬਲਾਕ ਲਈ ਉਦੇਸ਼-ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਵਿਚ ਲਗਭਗ 31.1 ਕਰੋੜ ਟਨ ਬਾਕਸਾਈਟ ਭੰਡਾਰ ਦਾ ਅਨੁਮਾਨ ਹੈ।







ਹਾਲਾਂਕਿ, ਹਾਲ ਹੀ ਵਿਚ ਸਤੰਬਰ ਮਹੀਨੇ ਵਾਤਾਵਰਣ, ਵਣ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੇ ਵੇਦਾਂਤਾ ਲਿਮਟਿਡ ਦੀ ਉਸ ਤਜਵੀਜ਼ 'ਤੇ ਫ਼ੈਸਲਾ ਟਾਲ ਦਿੱਤਾ, ਜਿਸ ਵਿਚ ਕੰਪਨੀ ਨੇ 1750 ਏਕੜ ਜੰਗਲੀ ਜ਼ਮੀਨ ਨੂੰ ਸਿਜੀਮਾਲੀ ਖਣਨ ਖੇਤਰ ਵਿਚ ਬਦਲਣ ਦੀ ਇਜਾਜ਼ਤ ਮੰਗੀ ਸੀ।

ਇਸ ਫ਼ੈਸਲੇ ਤੋਂ ਬਾਅਦ ਰਾਜ ਸਰਕਾਰ ਨੇ ਮੁੜ-ਵਸੇਬਾ ਅਤੇ ਪੁਨਰ ਸਥਾਪਨਾ ਦੀ ਨਿਗਰਾਨੀ ਲਈ 12 ਮੈਂਬਰੀ ਕਮੇਟੀ ਬਣਾਈ, ਜਿਸਦੀ ਅਗਵਾਈ ਰਾਏਗੜ੍ਹ ਕੁਲੈਕਟਰ (ਡਿਪਟੀ ਕਮਿਸ਼ਨਰ) ਕਰ ਰਿਹਾ ਹੈ। ਇਹ ਕਮੇਟੀ ਪ੍ਰੋਜੈਕਟ ਦੀ ਤਰੱਕੀ ਦੀ ਸਮੀਖਿਆ ਕਰੇਗੀ ਅਤੇ ਅਮਲ ਵਿਚ ਲਿਆਂਦੇ ਜਾਣ ਤੋਂ ਬਾਅਦ ਦਾ ਸੋਸ਼ਲ ਆਡਿਟ ਵੀ ਕਰੇਗੀ।

ਪਰ ਫ਼ਿਲਹਾਲ ਸਿਜੀਮਾਲੀ ਇਕ ਵਿਆਪਕ ਟਾਕਰਾ ਅੰਦੋਲਨ ਦਾ ਕੇਂਦਰ ਬਣਿਆ ਹੋਇਆ ਹੈ, ਜਿਸਦੀ ਅਗਵਾਈ ਉੱਥੋਂ ਦੇ ਆਦਿਵਾਸੀ ਅਤੇ ਦਲਿਤ ਭਾਈਚਾਰੇ ਕਰ ਰਹੇ ਹਨ। ਇਸ ਰਿਪੋਰਟ ਦੀ ਲੇਖਕ ਨੇ ਸਿਜੀਮਾਲੀ ਜਾ ਕੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਆਖ਼ਿਰਕਾਰ ਇਹ ਸੰਘਰਸ਼ ਕਿਉਂ ਚੱਲ ਰਿਹਾ ਹੈ ਅਤੇ ਕਿਸ ਤਰ੍ਹਾਂ ਕੰਪਨੀ ਅਤੇ ਸਰਕਾਰ ਮਿਲ ਕੇ ਸਥਾਨਕ ਲੋਕਾਂ ਨੂੰ ਡਰਾਉਣ-ਧਮਕਾਉਣ ਅਤੇ ਤੰਗ-ਪ੍ਰੇਸ਼ਾਨ ਕਰਨ ਵਿਚ ਲੱਗੀਆਂ ਹਨ।

ਸਤਾਏ ਜਾਣ ਦੀ ਵਜ੍ਹਾ ਉਹ ਵਿਰੋਧ ਸੰਘਰਸ਼ ਹੈ ਜੋ ਸਿਜੀਮਾਲੀ ਨੇ ਆਸ-ਪਾਸ ਦੇ ਪਿੰਡਾਂ ਦੇ ਨਾਲ ਮਿਲ ਕੇ ਵੇਦਾਂਤਾ ਦੇ ਬਾਕਸਾਈਟ ਖਣਨ ਪ੍ਰੋਜੈਕਟ ਦੇ ਖ਼ਿਲਾਫ਼ ਵਿੱਢਿਆ ਹੋਇਆ ਹੈ। 2023 ਤੋਂ, ਪਿੰਡ ਵਾਲਿਆਂ ਨੇ ਕੰਪਨੀ ਦੇ ਅਧਿਕਾਰੀਆਂ ਵੱਲੋਂ ਪਹਾੜਾਂ ਵਿਚ ਚੁੱਪ-ਚੁਪੀਤੇ ਦਾਖ਼ਲ ਹੋਣ ਅਤੇ ਪ੍ਰੋਜੈਕਟ ਦੀ ਤਿਆਰੀ ਸ਼ੁਰੂ ਕਰਨ ਤੋਂ ਰੋਕਣ ਲਈ ਪਹਾੜੀ ਦੀ ਚੋਟੀ 'ਤੇ ਇਕ ਤੰਬੂ ਲਗਾਇਆ ਹੋਇਆ ਹੈ। ਅਤੇ ਸਿਜੀਮਾਲੀ ਵਿਚ ਇਕ ਔਰਤ ਨੂੰ ਖਣਨ ਪ੍ਰੋਜੈਕਟ ਦਾ ਵਿਰੋਧ ਕਰਨ ਲਈ ਓੜੀਸਾ ਪੁਲਿਸ ਦੁਆਰਾ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ ਹੈ।

ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੇ ਦੌਰਾਨ ਹੀ ਘਟਨਾਵਾਂ ਦੀ ਇਕ ਲੜੀ ਸਾਹਮਣੇ ਆਈ ਹੈ, ਜਿਸ ਨੇ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪਿੰਡ ਵਾਸੀਆਂ, ਦੋਹਾਂ 'ਚ ਹੀ ਚਿੰਤਾ ਪੈਦਾ ਕੀਤੀ ਹੈ। ਗ਼ਲਤ ਤਰੀਕੇ ਨਾਲ ਕੈਦ ਕੀਤੇ ਜਾਣ ਨੂੰ ਸਥਾਨਕ ਲੋਕਾਂ ਅਤੇ ਸੰਘਰਸ਼ ਦੇ ਮੈਦਾਨ ਵਿਚ ਕੰਮ ਕਰ ਰਹੇ ਕਈ ਕਾਰਕੁਨਾਂ ਵੱਲੋਂ ਕਾਨੂੰਨੀ ਚੁਣੌਤੀ ਦਿੱਤੀ ਗਈ ਹੈ, ਪਰ ਕੋਈ ਫ਼ਾਇਦਾ ਨਹੀਂ ਹੋਇਆ।

### ਜ਼ਮੀਨ ਬਚਾਉਣ ਦਾ ਸੰਘਰਸ਼

ਸਿਜੀਮਾਲੀ ਦੀ ਰਹਿਣ ਵਾਲੀ ਕਰੀਬ 50 ਸਾਲਾ ਨਰਿੰਗ ਦੇਈ ਇਸ ਅੰਦੋਲਨ ਦੀ ਮੋਹਰੀ ਆਗੂ ਹੈ। ਅਗਸਤ ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਮਾ ਮਾਟੀ ਮਾ ਮਾਟੀ ਮਾਲੀ ਸੁਰੱਖਿਆ ਮੰਚ ਦੀ ਮੈਂਬਰ ਹੈ। ਮੰਚ ਭਾਈਚਾਰਕ ਜਥੇਬੰਦੀ ਹੈ, ਜਿਸ ਵਿਚ ਕੁਈ-ਭਾਸ਼ੀ ਆਦਿਵਾਸੀ ਅਤੇ ਦਲਿਤ ਸ਼ਾਮਲ ਹਨ।

ਪਿੰਡ ਵਾਲਿਆਂ ਨੇ ਅਜੇ ਵੀ ਉਹ ਧਰਨਾ ਜਾਰੀ ਰੱਖਿਆ ਹੋਇਆ ਹੈ, ਜਿਸ ਵਿਚ ਦੇਈ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਕਾਰਕੁਨ ਦੱਸਦੇ ਹਨ ਕਿ ਸਗਬਰੀ ਪਿੰਡ ਦੀ ਨਿਵਾਸੀ ਦੇਈ ਦੀ ਗ੍ਰਿਫ਼ਤਾਰੀ 'ਗੈਰ-ਕਾਨੂੰਨੀ ਅਤੇ ਧੱਕੇਸ਼ਾਹੀ' ਹੈ ਜਿਸ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ।

ਪਹਿਲੀ ਅਗਸਤ ਦੀ ਰਾਤ ਨੂੰ ਜਦੋਂ ਦੇਈ ਦੀ ਨੂੰਹ ਨੂੰ ਜੰਮਣ-ਪੀੜਾ ਸ਼ੁਰੂ ਹੋਈ ਤਾਂ ਉਹ ਉਸ ਨੂੰ ਲਗਭਗ 100 ਕਿਲੋਮੀਟਰ ਦੂਰ ਰਾਏਗੜ੍ਹ ਦੇ ਸਰਕਾਰੀ ਹਸਪਤਾਲ ਵਿਚ ਲੈ ਗਈ। ਉਨ੍ਹਾਂ ਦੇ ਨਾਲ ਕੁਝ ਰਿਸ਼ਤੇਦਾਰ ਵੀ ਸਨ।

ਰੁਕਦਈ ਮਾਝੀ (55) ਨਾਂ ਦੀ ਇਕ ਹੋਰ ਔਰਤ ਉਨ੍ਹਾਂ ਦੇ ਨਾਲ ਸੀ ਜਦੋਂ ਦੇਈ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਦੇਈ ਦੇ ਝੌਂਪੜੀਨੁਮਾ ਘਰ ਵਿਚ ਸੁੰਨ ਪਸਰੀ ਹੋਈ ਹੈ ਕਿਉਂਕਿ ਘਰ ਦੀ ਮਾਲਕ ਹੁਣ ਦੂਰ-ਦਰਾਜ ਜੇਲ੍ਹ ਵਿਚ ਕੈਦ ਹੈ। ਰੁਕਦੇਈ ਉਸ ਦਿਨ ਦੇ ਘਟਨਾਕ੍ਰਮ ਨੂੰ ਚੇਤੇ ਕਰਕੇ ਦੱਸਦੀ ਹੈ ਕਿ 2 ਅਗਸਤ ਦੀ ਸਵੇਰ ਨੂੰ ਦੇਈ ਦੀ ਬਹੂ ਕੁਸ਼ਮਿਤਾ ਮਾਝੀ ਨੇ ਬੇਟੇ ਨੂੰ ਜਨਮ ਦਿੱਤਾ। "ਦੇਈ ਬਸ ਚੰਦ ਮਿੰਟਾਂ ਲਈ ਬੱਚੇ ਨੂੰ ਦੇਖਣ ਲਈ ਅੰਦਰ ਗਈ ਸੀ ਕਿ ਕੁਝ ਡਾਕਟਰਾਂ ਨੇ ਉਸ ਨੂੰ ਬਾਹਰ ਸੱਦਿਆ। ਬਾਹਰ ਇਕ ਕੋਨੇ 'ਚ ਕੁਝ ਚਿੱਟੇ ਕੋਟਾਂ ਵਾਲੇ ਵਿਅਕਤੀ ਖੜ੍ਹੇ ਸਨ, ਜਿਨ੍ਹਾਂ ਨੇ ਆਪਣੇ ਆਪ ਨੂੰ ਡਾਕਟਰ ਦੱਸਿਆ। ਮਾਝੀ ਦੱਸਦੀ ਹੈ ਕਿ ਜਦੋਂ ਉਹ ਉਨ੍ਹਾਂ ਨੂੰ ਮਿਲਣ ਲਈ ਬਾਹਰ ਆਈ ਅਤੇ ਉਨ੍ਹਾਂ ਕੋਲ ਗਈ ਤਾਂ ਚਿੱਟੇ ਕੋਟਾਂ ਵਾਲਿਆਂ ਨੇ ਉਸ ਨੂੰ ਦਬੋਚ ਲਿਆ ਅਤੇ ਬਿਨਾਂ ਕੁਝ ਦੱਸੇ ਧੂਹ ਕੇ ਲੈ ਗਏ। ਓਦੋਂ ਸਾਨੂੰ ਸਮਝ ਆਇਆ ਕਿ ਇਹ ਤਾਂ ਪੁਲਿਸ ਵਾਲੇ ਹਨ ਜੋ ਡਾਕਟਰ ਬਣ ਕੇ ਆਏ ਸਨ। ਜਦੋਂ ਦੇਈ ਬਾਹਰ ਨਾ ਆਈ ਤਾਂ ਮਾਝੀ ਉਸਦਾ ਪਤਾ ਕਰਨ ਲਈ ਬਾਹਰ ਗਈ। ਪੁਲਿਸ ਵਾਲੇ ਉਸ ਨੂੰ ਘੇਰੀ ਖੜ੍ਹੇ ਸਨ। ਘਬਰਾਈ ਹੋਈ ਮਾਝੀ ਭੱਜ ਕੇ ਉਸ ਕੋਲ ਗਈ। "ਉਸਨੇ ਚੁੱਪਚਾਪ ਮੈਨੂੰ ਪੈਸੇ ਅਤੇ ਦਵਾ ਦੀ ਪਰਚੀ ਫੜਾ ਦਿੱਤੀ, ਅਤੇ ਮੇਰੀਆਂ ਅੱਖਾਂ ਸਾਹਮਣੇ ਉਹ ਉਸ ਨੂੰ ਧੂਹ ਕੇ ਲੈ ਗਏ। ਮੈਂ ਸੁੰਨ ਹੋਈ ਬੇਵੱਸ ਖੜ੍ਹੀ ਉਨ੍ਹਾਂ ਨੂੰ ਦੇਖਦੀ ਰਹੀ।" ਮਾਝੀ ਦੱਸਦੀ ਹੈ।

### ਸਾਜ਼ਿਸ਼ ਅਤੇ ਗ੍ਰਿਫ਼ਤਾਰੀ

ਬਾਅਦ ਵਿਚ ਸਥਾਨਕ ਲੋਕਾਂ ਤੋਂ ਪਤਾ ਲੱਗਿਆ ਕਿ ਪੁਲਿਸ ਨੇ ਹਸਪਤਾਲ ਦੀ ਇਕ ਆਸ਼ਾ ਵਰਕਰ ਦੀ ਮਿਲੀ-ਭੁਗਤ ਨਾਲ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਯੋਜਨਾ ਨੂੰ ਅੰਜਾਮ ਦਿੱਤਾ ਸੀ। ਕਾਰਕੁਨਾਂ ਦਾ ਕਹਿਣਾ ਹੈ ਕਿ ਇਹ ਤੰਗ-ਪ੍ਰੇਸ਼ਾਨ ਕਰਨ ਦੀ ਸੋਚੀ-ਸਮਝੀ ਯੁੱਧਨੀਤੀ ਸੀ ਤਾਂ ਕਿ ਪਿੰਡ ਵਾਲਿਆਂ ਨੂੰ ਦਹਿਸ਼ਤਜ਼ਦਾ ਅਤੇ ਬੇਇੱਜ਼ਤ ਕੀਤਾ ਜਾ ਸਕੇ। ਸਵਾਲ ਤਾਂ ਇਹ ਵੀ ਹੈ ਕਿ ਪੁਲਿਸ ਨੂੰ ਡਾਕਟਰਾਂ ਦਾ ਭੇਸ ਧਾਰਨ ਦੀ ਕੀ ਲੋੜ ਪੈ ਗਈ ਸੀ।

ਏਸ਼ੀਆ ਪੈਸੀਫ਼ਿਕ ਫੋਰਮ ਆਨ ਵਿਮੈਨ, ਲਾਅ ਐਂਡ ਡਿਵੈਲਪਮੈਂਟ ਨਾਲ ਸੰਬੰਧਤ ਕਾਰਕੁਨ ਸ਼ਰਨਿਆ ਨਾਇਕ ਦੱਸਦੀ ਹੈ, "ਇਹ ਪੇਂਡੂ ਲੋਕ ਆਤਮ-ਨਿਰਭਰ ਹਨ। ਪਰ ਪੁਲਿਸ ਨੇ ਇਸ ਤਰ੍ਹਾਂ ਵਿਆਪਕ ਯੋਜਨਾ ਬਣਾਈ, ਜਿਵੇਂ ਕਿਸੇ ਵੱਡੇ ਅਪਰਾਧੀ ਨੂੰ ਫੜਨ ਜਾ ਰਹੀ ਹੋਵੇ — ਇਹ ਉਨ੍ਹਾਂ ਦਾ ਲੋਕਾਂ ਨੂੰ ਜ਼ਲੀਲ ਕਰਨ ਦਾ ਤਰੀਕਾ ਹੈ, ਖ਼ਾਸ ਕਰਕੇ ਇਸ ਲਈ ਕਿ ਉਹ ਆਪਣੇ ਭਾਈਚਾਰੇ ਦੀ ਔਰਤ ਨੂੰ ਗ੍ਰਿਫ਼ਤਾਰ ਕੀਤੇ ਜਾਣ ਕਾਰਨ ਕਿੰਨਾ ਜ਼ਲੀਲ ਹੋਇਆ ਮਹਿਸੂਸ ਕਰਨਗੇ।"

ਦੇਈ ਦੀ ਗ੍ਰਿਫ਼ਤਾਰੀ ਨਾਲ ਪੂਰੇ ਇਲਾਕੇ ਵਿਚ ਸਨਸਨੀ ਫੈਲ ਗਈ। ਪਿੰਡ ਦੇ ਲੋਕਾਂ ਲਈ ਇਹ ਜੱਗੋਂ ਤੇਹਰਵੀਂ ਗੱਲ ਸੀ ਕਿਉਂਕਿ ਇਹ ਪਹਿਲੀ ਵਾਰ ਸੀ ਕਿ ਉਨ੍ਹਾਂ ਦੀ ਕਿਸੇ ਔਰਤ ਨੂੰ ਫੜ ਕੇ ਜੇਲ੍ਹ ਭੇਜਿਆ ਗਿਆ ਸੀ। ਉਹ ਆਪਣੇ ਹੱਕਾਂ ਲਈ ਲੜਨ ਵਾਲੇ ਸਾਊ ਸੁਭਾਅ ਦੇ ਲੋਕ ਹਨ। ਜੇਲ੍ਹ ਜਾਣਾ ਤਾਂ ਦੂਰ, ਉਨ੍ਹਾਂ ਨੇ ਤਾਂ ਕਦੇ ਜੇਲ੍ਹ ਦੀ ਕਲਪਨਾ ਵੀ ਨਹੀਂ ਕੀਤੀ। ਨਰਿੰਗ ਦੇਈ ਜੇਲ੍ਹ ਦੇ ਅੰਦਰ ਇਸੇ ਕਰਕੇ ਬੀਮਾਰ ਹੋ ਗਈ ਹੈ। ਉਸਦੇ ਲਈ ਤਾਂ ਜੇਲ੍ਹ ਜਾਣਾ ਹੀ ਅਸਹਿ ਬੇਇੱਜ਼ਤੀ ਹੈ। ਉਸ ਨੂੰ ਪਤਾ ਹੈ ਕਿ ਕਿਸੇ ਕਾਜ ਲਈ ਲੜਨ ਵਾਲੇ ਕਾਰਕੁਨਾਂ ਅਤੇ ਲੋਕਾਂ ਨੂੰ ਜੇਲ੍ਹ ਜਾਣਾ ਪੈਂਦਾ ਹੈ, ਪਰ ਉਸ ਲਈ ਇਹ ਬਹੁਤ ਵੱਡਾ ਸਦਮਾ ਹੈ। ਦੇਈ ਅਤੇ ਉਸ ਦੇ ਨਾਲ ਗ੍ਰਿਫ਼ਤਾਰ ਕੀਤੇ ਦੋ ਮਰਦਾਂ ਉੱਪਰ ਦੰਗੇ-ਫ਼ਸਾਦ ਕਰਨ, ਗ਼ੈਰ-ਕਾਨੂੰਨੀ ਇਕੱਠ ਕਰਨ ਅਤੇ ਇਰਾਦਾ ਕਤਲ ਸਮੇਤ ਬਹੁਤ ਸਾਰੇ ਸੰਗੀਨ ਦੋਸ਼ ਲਗਾਏ ਗਏ ਹਨ।

ਪਿੰਡ ਵਾਲੇ ਕਹਿੰਦੇ ਹਨ ਕਿ ਉਸ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਹ ਬੇਬਾਕੀ ਨਾਲ ਗੱਲ ਕਰਦੀ ਸੀ। ਪਿਛਲੇ ਸਾਲ 'ਭਾਰਤ ਜੋੜੋ ਯਾਤਰਾ' ਦੇ ਦੌਰਾਨ ਉਹ ਰਾਹੁਲ ਗਾਂਧੀ ਨੂੰ ਵੀ ਮਿਲੀ ਸੀ ਅਤੇ ਜੁਰਅਤ ਨਾਲ ਕਿਹਾ ਸੀ ਕਿ ਸਾਡੀ ਜ਼ਮੀਨ 'ਤੇ ਖਣਨ ਨਹੀਂ ਹੋਵੇਗਾ। ਇਸ ਭਾਸ਼ਣ ਨਾਲ ਉਸ ਦਾ ਨਾਂ ਸਥਾਨਕ ਮੀਡੀਆ ਅਤੇ ਚੈਨਲਾਂ ਵਿਚ ਛਾ ਗਿਆ, ਅਤੇ ਸ਼ਾਇਦ ਇਸੇ ਲਈ ਉਸ ਨੂੰ ਨਿਸ਼ਾਨਾ ਬਣਾਇਆ ਗਿਆ।

### ਪਵਿੱਤਰ ਪਹਾੜ ਅਤੇ ਕਾਰਪੋਰੇਟ ਧਾਵਾ

2023 ਤੋਂ ਸਿਜੀਮਾਲੀ ਵਿਚ ਖਣਨ ਵਿਰੁੱਧ ਅੰਦੋਲਨ ਲਗਾਤਾਰ ਵਧ ਰਿਹਾ ਹੈ। ਇਹ ਇਲਾਕਾ ਕੁਈ ਆਦਿਵਾਸੀਆਂ ਅਤੇ ਦਲਿਤਾਂ (ਜਿਨ੍ਹਾਂ ਨੂੰ ਸਥਾਨਕ ਭਾਸ਼ਾ 'ਚ 'ਡੋਮ' ਕਿਹਾ ਜਾਂਦਾ ਹੈ) ਦਾ ਹੈ ਅਤੇ ਸੰਵਿਧਾਨ ਤੇ ਪੇਸਾ ਕਾਨੂੰਨ ਦੇ ਤਹਿਤ ਸੁਰੱਖਿਅਤ ਹੈ, ਜੋ ਆਦਿਵਾਸੀ ਇਲਾਕਿਆਂ ਵਿਚ ਸਵੈ-ਸ਼ਾਸਨ ਨੂੰ ਯਕੀਨੀ ਬਣਾਉਣ ਲਈ ਬਣਾਇਆ ਐਕਟ ਹੈ। ਫਰਵਰੀ 2023 'ਚ ਵੇਦਾਂਤਾ ਨੂੰ ਰਾਏਗੜ੍ਹ ਅਤੇ ਕਾਲਾਹਾਂਡੀ ਵਿਚ ਸਿਜੀਮਾਲੀ ਬਾਕਸਾਈਟ ਬਲਾਕ ਲਈ ਤਰਜੀਹੀ ਬੋਲੀਕਾਰ ਐਲਾਨਿਆ ਗਿਆ। ਇਹ ਉਹੀ ਪਹਾੜੀਆਂ ਹਨ ਜਿਨ੍ਹਾਂ ਨੂੰ ਇੱਥੇ ਅਤੇ ਆਲੇ-ਦੁਆਲੇ ਵਸਦੇ ਲੋਕ ਪਵਿੱਤਰ ਮੰਨਦੇ ਹਨ। ਤਜਵੀਜ਼ਤ ਜ਼ਮੀਨ ਵਿਚ ਉਸ ਜੰਗਲ ਦਾ ਚੋਖਾ ਹਿੱਸਾ ਵੀ ਸ਼ਾਮਲ ਹੈ ਜੋ ਉਨ੍ਹਾਂ ਦੇ ਜੀਵਨ-ਗੁਜ਼ਾਰੇ ਦਾ ਆਧਾਰ ਹੈ। ਪਿੰਡ ਵਾਲੇ ਦੱਸਦੇ ਹਨ ਕਿ ਇਹ ਜ਼ਮੀਨ ਉਨ੍ਹਾਂ ਦੀ ਹੋਂਦ ਦਾ ਹਿੱਸਾ ਹੈ। ਇਹ ਪ੍ਰੋਜੈਕਟ ਨਾ ਸਿਰਫ਼ ਉਨ੍ਹਾਂ ਦੀ ਹੋਂਦ ਅਤੇ ਵਾਤਾਵਰਣ ਲਈ ਖ਼ਤਰਾ ਹਨ। ਇੱਥੇ ਪਿੰਡਾਂ ਦੇ ਲੋਕਾਂ ਵੱਲੋਂ ਅੰਬ, ਕਾਜੂ ਅਤੇ ਹੋਰ ਬਹੁਤ ਸਾਰੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ — ਕੁਝ ਵੇਚਣ ਲਈ, ਬਾਕੀ ਆਪਣੇ ਜੀਵਨ-ਗੁਜ਼ਾਰੇ ਲਈ। ਵਿਅੰਗ ਇਹ ਹੈ ਕਿ ਬੇਅੰਤ ਕੁਦਰਤੀ ਦੌਲਤ ਦੇ ਬਾਵਜੂਦ ਰਾਏਗੜ੍ਹ ਅਤੇ ਕਾਲਾਹਾਂਡੀ ਭਾਰਤ ਦੇ ਸਭ ਤੋਂ ਗ਼ਰੀਬ ਜ਼ਿਲ੍ਹਿਆਂ ਵਿਚੋਂ ਹਨ।

### ਗ੍ਰਿਫ਼ਤਾਰੀਆਂ ਅਤੇ ਝੂਠੇ ਮੁਕੱਦਮੇ

ਜ਼ਮੀਨ ਦੀ ਰਾਖੀ ਲਈ ਸੰਘਰਸ਼ ਦੇ ਦੌਰਾਨ ਦੇਈ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਅਤੇ ਬਾਅਦ ਵਿਚ ਕਈ ਮਰਦਾਂ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ ਜਾਂ ਝੂਠੇ ਮਾਮਲਿਆਂ ਵਿਚ ਫਸਾਇਆ ਗਿਆ। ਹੁਣ ਇਸ ਡਰੋਂ ਪਿੰਡ ਵਾਲੇ ਬਾਹਰ ਕਿਤੇ ਜਾਣ ਤੋਂ ਵੀ ਗੁਰੇਜ਼ ਕਰਦੇ ਹਨ। ਦੇਈ ਦੇ ਪਤੀ ਸਾਮੂ ਮਾਝੀ ਵਿਰੁੱਧ ਵੀ ਪੁਲਿਸ ਨੇ ਵੇਦਾਂਤਾ ਵਿਰੁੱਧ ਅੰਦੋਲਨ ਵਿਚ ਸ਼ਾਮਲ ਹੋਣ ਕਾਰਨ ਝੂਠੇ ਕੇਸ ਦਰਜ ਕੀਤੇ ਹੋਏ ਹਨ, ਜਿਸ ਕਾਰਨ ਉਹ ਆਪਣੀ ਪਤਨੀ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਵੀ ਨਹੀਂ ਜਾ ਸਕਦਾ।

"ਅਸੀਂ ਤਾਂ ਸਿਰਫ਼ ਆਪਣੇ ਅਧਿਕਾਰਾਂ ਲਈ ਲੜ ਰਹੇ ਹਾਂ। ਪਰ ਪੁਲਿਸ ਝੂਠੇ ਕੇਸ ਦਰਜ ਕਰ ਕੇ ਸਾਨੂੰ ਡਰਾਉਣਾ ਚਾਹੁੰਦੀ ਹੈ। ਫਿਰ ਵੀ ਅਸੀਂ ਰੁਕਾਂਗੇ ਨਹੀਂ। ਉਨ੍ਹਾਂ ਨੇ ਮੇਰੇ ਅਤੇ ਮੇਰੇ ਬੇਟੇ ਵਿਰੁੱਧ ਕੇਸ ਦਰਜ ਕੀਤੇ ਹੋਏ ਹਨ, ਇਸ ਕਾਰਨ ਅਸੀਂ ਉਸ ਨਾਲ ਮੁਲਾਕਾਤ ਕਰਨ ਵੀ ਨਹੀਂ ਜਾ ਸਕਦੇ। ਪਰ ਅਸੀਂ ਜਾਣਦੇ ਹਾਂ ਕਿ ਇਹ ਲੜਾਈ ਸਾਡੀਆਂ ਜ਼ਮੀਨਾਂ, ਸਾਡੇ ਰੁੱਖਾਂ, ਸਾਡੇ ਪਹਾੜਾਂ ਅਤੇ ਸਾਡੀਆਂ ਜ਼ਿੰਦਗੀਆਂ ਬਚਾਉਣ ਲਈ ਹੈ", ਉਹ ਦ੍ਰਿੜਤਾ ਨਾਲ ਕਹਿੰਦਾ ਹੈ। ਬਹੁਤ ਸਾਰੇ ਪਿੰਡ ਵਾਸੀਆਂ ਦਾ ਜੇਲ੍ਹ ਵਿਚ ਆਉਣ-ਜਾਣ ਬਣਿਆ ਹੋਇਆ ਹੈ। ਥਾਣੇ ਵਿਚ ਮਿਲਣ ਸਮੇਂ ਦੇਈ ਆਪਣੇ ਨਾਲ ਦੇ ਕਾਰਕੁਨਾਂ ਨੂੰ ਦੇਖ ਕੇ ਪ੍ਰੇਸ਼ਾਨ ਨਜ਼ਰ ਆਈ। ਉਹ ਪੁੱਛ ਰਹੀ ਸੀ ਕਿ ਉਸਦਾ ਜੇਲ੍ਹ ਤੋਂ ਖਹਿੜਾ ਕਦੋਂ ਛੁੱਟੇਗਾ। ਕਾਰਕੁਨਾਂ ਨੇ ਉਸਨੂੰ ਭਰੋਸਾ ਦਿਵਾਇਆ ਕਿ ਉਹ ਉਸਦੀ ਰਿਹਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ, ਪਰ ਹਾਲ ਹੀ ਵਿਚ ਜ਼ਮਾਨਤ ਦੀ ਦਰਖ਼ਾਸਤ ਰੱਦ ਹੋ ਜਾਣ 'ਤੇ ਹਰ ਕੋਈ ਸਦਮੇ 'ਚ ਹੈ।

ਜ਼ਮਾਨਤ ਬਾਰੇ ਅਦਾਲਤੀ ਹੁਕਮ ਪੜ੍ਹ ਕੇ ਪਤਾ ਲੱਗਿਆ ਕਿ ਸਰਕਾਰੀ ਵਕੀਲ ਨੇ ਉਸ ਵਿਰੁੱਧ ਚਾਰ ਹੋਰ ਫ਼ੌਜਦਾਰੀ ਕੇਸ ਦਰਜ ਹੋਣ ਦੀ ਦਲੀਲ ਦੇ ਕੇ ਜ਼ਮਾਨਤ ਦਿੱਤੇ ਜਾਣ ਦਾ ਸਖ਼ਤ ਵਿਰੋਧ ਕੀਤਾ ਸੀ।

ਦੇਈ ਦਾ ਵਕੀਲ ਕਹਿੰਦਾ ਹੈ, "ਕੰਪਨੀ ਅਤੇ ਪੁਲਿਸ ਪਿੰਡ ਵਾਲਿਆਂ ਵਿਰੁੱਧ ਝੂਠੇ ਕੇਸ ਦਰਜ ਕਰਵਾ ਰਹੀਆਂ ਹਨ। ਕੁਹਾੜੀ ਅਤੇ ਤੀਰ-ਕਮਾਨ ਤਾਂ ਆਦਿਵਾਸੀ ਆਪਣੇ ਕੋਲ ਰਵਾਇਤੀ ਤੌਰ 'ਤੇ ਰੱਖਦੇ ਹਨ। ਪਰ ਕੰਪਨੀ ਤੇ ਪੁਲਿਸ ਵਾਲੇ ਰਵਾਇਤੀ ਹਥਿਆਰ ਰੱਖਣ ਨੂੰ ਉਨ੍ਹਾਂ ਦੇ ਵਿਰੁੱਧ ਇਹ ਕਹਿ ਕੇ ਵਰਤਦੇ ਹਨ ਕਿ ਉਨ੍ਹਾਂ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਗੰਭੀਰ ਧਾਰਾਵਾਂ ਲਗਾਈਆਂ ਜਾ ਸਕਣ। ਉਨ੍ਹਾਂ ਵੱਲੋਂ ਲਗਾਇਆ ਕੋਈ ਵੀ ਦੋਸ਼ ਸੱਚ ਨਹੀਂ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਵੱਲੋਂ ਝੂਠੇ ਕੇਸ ਕਿਵੇਂ ਬਣਾਏ ਜਾਂਦੇ ਹਨ ਤਾਂ ਜੋ ਬਾਕੀਆਂ ਨੂੰ ਡਰਾਉਣ ਲਈ ਇਨ੍ਹਾਂ ਕੇਸਾਂ ਨੂੰ ਮਿਸਾਲ ਬਣਾਇਆ ਜਾ ਸਕੇ। ਵਕੀਲ ਦਾ ਕਹਿਣਾ ਹੈ ਕਿ ਕੰਪਨੀ ਵੱਡੇ ਪੈਮਾਨੇ 'ਤੇ ਪੈਸਾ ਖ਼ਰਚ ਕਰ ਰਹੀ ਹੈ ਤਾਂ ਕਿ ਬੇਬਾਕੀ ਨਾਲ ਗੱਲ ਕਰਨ ਵਾਲੇ ਕਾਰਕੁਨ ਜੇਲ੍ਹ ਵਿਚ ਹੀ ਰਹਿਣ। ਹਰ ਵਿਅਕਤੀ 'ਤੇ 15-17 ਕੇਸ ਹਨ, ਜਿਸ ਕਾਰਨ ਜ਼ਮਾਨਤ ਮੁਸ਼ਕਲ ਹੋ ਜਾਂਦੀ ਹੈ।"

### ਜਾਅਲੀ ਗਰਾਮ ਸਭਾਵਾਂ ਅਤੇ ਸੰਘਰਸ਼ ਦੀ ਸ਼ੁਰੂਆਤ

ਸੁਤੰਤਰ ਪੱਤਰਕਾਰ ਬੇਲਾ ਰਾਮ, ਜੋ ਆਦਿਵਾਸੀ ਭਾਈਚਾਰੇ ਤੋਂ ਹਨ ਅਤੇ ਅੰਦੋਲਨ ਦਾ ਹਿੱਸਾ ਹਨ, ਅਨੁਸਾਰ 2023 'ਚ ਵੇਦਾਂਤਾ ਨੇ ਆਂਧਰਾ ਪ੍ਰਦੇਸ਼ ਦੀ ਮਾਇਤਰੀ ਇਨਫ੍ਰਾਸਟਰਕਚਰ ਇੰਡੀਆ ਪ੍ਰਾਈਵੇਟ ਲਿਮਟਿਡ ਨਾਂ ਦੀ ਕੰਪਨੀ ਨੂੰ ਪਿੰਡ ਵਾਲਿਆਂ ਨੂੰ ਧਮਕਾਉਣ ਅਤੇ ਉਨ੍ਹਾਂ ਉੱਪਰ ਹਮਲੇ ਕਰਨ ਦਾ ਠੇਕਾ ਦਿੱਤਾ ਸੀ। ਉਹ ਦੱਸਦਾ ਹੈ, "2023 'ਚ ਉਨ੍ਹਾਂ ਨੇ ਲੋਕਾਂ ਨੂੰ ਡਰਾ-ਧਮਕਾ ਕੇ ਜ਼ਬਰਦਸਤੀ ਦਸਤਖ਼ਤ ਕਰਵਾਉਣੇ ਸ਼ੁਰੂ ਕਰ ਦਿੱਤੇ। ਬਾਅਦ ਵਿਚ ਜੋ ਰਿਪੋਰਟ ਆਈ ਉਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਗ੍ਰਾਮ ਸਭਾ ਹੋਈ ਸੀ ਅਤੇ ਸਾਰਿਆਂ ਨੇ ਪ੍ਰੋਜੈਕਟ ਲਾਉਣ ਲਈ ਸਹਿਮਤੀ ਦੇ ਦਿੱਤੀ ਸੀ। ਓਦੋਂ ਸਾਨੂੰ ਪਤਾ ਲੱਗਿਆ ਕਿ ਜਾਅਲੀ ਗ੍ਰਾਮ ਸਭਾ ਦਾ ਸਹਾਰਾ ਲਿਆ ਗਿਆ ਸੀ।"

ਇਸ ਤੋਂ ਬਾਅਦ ਪੁਲਿਸ ਨੇ ਰਾਏਗੜ੍ਹ ਜ਼ਿਲ੍ਹੇ ਦੇ ਕਾਸ਼ੀਪੁਰ ਥਾਣੇ ਵਿਚ ਪੰਜ ਐੱਫਆਈਆਰ ਦਰਜ ਕੀਤੀਆਂ, ਜਿਨ੍ਹਾਂ ਵਿਚ ਸੈਂਕੜੇ ਬੇਨਾਮ ਆਦਿਵਾਸੀਆਂ ਨੂੰ ਦੰਗਾ, ਇਰਾਦਾ ਕਤਲ ਅਤੇ ਅਜਿਹੀਆਂ ਹੋਰ ਸੰਗੀਨ ਧਾਰਾਵਾਂ ਵਿਚ ਫਸਾ ਦਿੱਤਾ ਗਿਆ। ਇਕ ਮਹੀਨੇ ਵਿਚ ਛੇ ਵੱਖ-ਵੱਖ ਪਿੰਡਾਂ ਦੇ 24 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਹੁਤ ਸਾਰੇ ਪਿੰਡ ਵਾਸੀ ਆਪਣਾ ਬਚਾਅ ਕਰਨ ਲਈ ਜੰਗਲਾਂ ਵਿਚ ਲੁਕੇ ਰਹੇ ਤਾਂ ਕਿ ਪੁਲਿਸ ਉਨ੍ਹਾਂ ਨੂੰ ਨਾ ਫੜ ਨਾ ਸਕੇ। ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਉੱਥੇ ਹੀ ਖਾਣਾ ਤੇ ਹੋਰ ਲੋੜੀਂਦੀਆਂ ਚੀਜ਼ਾਂ ਦਿੰਦੇ ਰਹੇ। "ਅਸੀਂ ਜੰਗਲ ਵਿਚ ਰਹੇ, ਉਹੀ ਸਾਡਾ ਘਰ ਹੈ। ਉੱਥੇ ਹੀ ਸਾਨੂੰ ਸੁਰੱਖਿਆ ਮਹਿਸੂਸ ਹੁੰਦੀ ਹੈ," ਇਕ ਪਿੰਡ ਵਾਸੀ ਨੇ ਦੱਸਿਆ। ਇਸ ਜਾਅਲੀ ਗ੍ਰਾਮ ਸਭਾ, ਲਗਾਤਾਰ ਸਤਾਏ ਜਾਣ ਅਤੇ ਕਾਨੂੰਨੀ ਲੜਾਈ ਤੋਂ ਬਾਅਦ ਹੀ ਮਾ ਮਾਟੀ ਮਾਲੀ ਸੁਰੱਖਿਆ ਮੰਚ ਬਣਾਇਆ ਗਿਆ। ਵਕੀਲ ਬੇਉਰਾ ਦੱਸਦੇ ਹਨ, "ਕਾਨੂੰਨ ਦੇ ਮੁਤਾਬਕ ਸਹੀ ਗ੍ਰਾਮ ਸਭਾ ਆਯੋਜਨ ਕਰਕੇ ਇਜਾਜ਼ਤ ਲੈਣੀ ਜ਼ਰੂਰੀ ਹੈ, ਪਰ ਸਰਕਾਰ ਨੇ ਜਾਅਲੀ ਗ੍ਰਾਮ ਸਭਾ ਦੁਆਰਾ ਪ੍ਰੋਜੈਕਟ ਨੂੰ ਮਨਜ਼ੂਰੀ ਦੀ ਧੋਖਾਧੜੀ ਕਰਕੇ ਇਹ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਪਿੰਡ ਦੇ ਲੋਕਾਂ ਨੇ ਇਸ ਲਈ ਮਨਜ਼ੂਰੀ ਦੇ ਦਿੱਤੀ ਹੈ। ਇਹੀ ਧੋਖਾ ਅੰਦੋਲਨ ਦਾ ਕਾਰਨ ਬਣਿਆ।"

### ਸੰਘਰਸ਼ ਜਾਰੀ ਹੈ

ਹਾਲ ਹੀ ਵਿਚ ਕੇਂਦਰ ਦੇ ਵਾਤਾਵਰਣ ਮੰਤਰਾਲੇ ਵੱਲੋਂ ਪ੍ਰੋਜੈਕਟ ਬਾਰੇ ਫ਼ੈਸਲੇ ਨੂੰ ਟਾਲਣਾ ਮਹਿਜ਼ ਆਰਜ਼ੀ ਰਾਹਤ ਹੀ ਹੈ। 'ਡੈਫਰ' ਦਾ ਮਤਲਬ ਇਹ ਨਹੀਂ ਕਿ ਪ੍ਰੋਜੈਕਟ ਰੱਦ ਹੋ ਗਿਆ ਹੈ। ਇਹ ਲੰਮਾ ਸੰਘਰਸ਼ ਹੈ।

ਹਰ ਸਵੇਰ ਅੰਦੋਲਨ ਵਾਲੀ ਥਾਂ 'ਤੇ ਲੋਕ ਉੱਠਦੇ ਹਨ, ਸਿਜੀਮਾਲੀ ਦੇ ਹਰੇ-ਭਰੇ ਜੰਗਲਾਂ ਨੂੰ ਨਿਹਾਰਦਿਆਂ ਚਾਹ ਬਣਾਉਂਦੇ ਹਨ। ਤੰਬੂਆਂ ਦੇ ਆਲੇ-ਦੁਆਲੇ ਬੱਦਲ ਛਾ ਜਾਂਦੇ ਹਨ। ਲੋਕ ਹੱਥਾਂ 'ਚ ਚਾਹ ਦੇ ਪਿਆਲੇ ਫੜੀ ਆਪਣੀ ਉਸ ਜ਼ਮੀਨ ਦੀਆਂ ਗੱਲਾਂ ਕਰਦੇ ਹਨ ਜਿਸ ਨੂੰ ਉਹ ਛੱਡਣ ਤੋਂ ਇਨਕਾਰੀ ਹਨ। ਲੋਕ ਕਹਿੰਦੇ ਹਨ, "ਉਹ ਇਸ ਨੂੰ ਬਰਬਾਦ ਕਰ ਦੇਣਗੇ। ਅਸੀਂ ਇਸ ਜ਼ਮੀਨ ਦੇ ਰਾਖੇ ਹਾਂ। ਸਾਡੇ ਪੁਰਖੇ ਆਜ਼ਾਦੀ ਤੋਂ ਪਹਿਲਾਂ ਤੋਂ ਇੱਥੇ ਰਹਿੰਦੇ ਆਏ ਹਨ। ਫਿਰ ਉਹ ਕਿਵੇਂ ਕਹਿ ਸਕਦੇ ਹਨ ਕਿ ਇਹ ਜ਼ਮੀਨ ਉਨ੍ਹਾਂ ਦੀ ਹੈ?"

ਕਿਣ-ਮਿਣ ਸ਼ੁਰੂ ਹੁੰਦੇ ਹੀ ਲੋਕ ਤੰਬੂਆਂ ਦੇ ਥੱਲੇ ਸ਼ਰਨ ਲੈਣ ਲੱਗਦੇ ਹਨ, ਅਤੇ ਹਵਾ 'ਚ ਅਪਣੱਤ ਦੀ ਗਹਿਰੀ ਭਾਵਨਾ ਛਾ ਜਾਂਦੀ ਹੈ। ਰੁਕਦੇਈ ਮਾਝੀ ਕਹਿੰਦੀ ਹੈ, "ਜਦੋਂ ਅਸੀਂ ਮਰਨ ਲਈ ਤਿਆਰ ਹਾਂ, ਤਾਂ ਸਾਨੂੰ ਜੇਲ੍ਹ ਤੋਂ ਕੀ ਡਰ?"

ਕੰਪਨੀ ਅਤੇ ਪੁਲਿਸ ਦੋਵੇਂ ਹੀ ਲੋਕਾਂ ਨੂੰ ਲਗਾਤਾਰ ਤੰਗ-ਪ੍ਰੇਸ਼ਾਨ ਕਰ ਰਹੀਆਂ ਹਨ, ਇਸਦੇ ਬਾਵਜੂਦ ਸਿਜੀਮਾਲੀ ਅਤੇ ਆਸ-ਪਾਸ ਦੇ ਪਿੰਡਾਂ ਵਿਚ ਵਿਰੋਧ ਜਾਰੀ ਹੈ।

# ਪੰਜਾਬੀ ਭਾਈਚਾਰੇ ਦੇ ਦਿਲਾਂ ਵਿਚ ਹਮੇਸ਼ਾ ਜਿਊਂਦਾ ਰਹੇਗਾ ਸੰਨੀ ਕੁਲਾਰ

## ਸੰਨੀ ਦੇ ਸਦੀਵੀ ਵਿਛੋੜੇ ਨਾਲ ਪਰਿਵਾਰ ਅਤੇ ਭਾਈਚਾਰੇ ਨੂੰ ਪਿਆ ਨਾ ਪੂਰਾ ਹੋਣ ਵਾਲਾ ਘਾਟਾ

**ਸ਼ਿਕਾਗੋ:** ਇੱਥੋਂ ਦੇ ਪੰਜਾਬੀ ਭਾਈਚਾਰੇ ਵਿਚ ਵਿਸ਼ੇਸ਼ ਥਾਂ ਰੱਖਣ ਵਾਲੇ, ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਅਤੇ ਐਫ.ਆਈ.ਏ. ਦੇ ਸੰਸਥਾਪਕ ਮੈਂਬਰ ਸ. ਸੰਨੀ ਸਿੰਘ ਕੁਲਾਰ ਲੰਘੀ ਦੋ ਅਕਤੂਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉਥੇ ਨਾਲ ਹੀ ਰਿਸ਼ਤੇਦਾਰਾਂ ਅਤੇ ਭਾਈਚਾਰੇ ਦੇ ਲੋਕਾਂ ਨੂੰ ਵੀ ਗ਼ਮਗੀਨ ਕਰ ਗਿਆ ਹੈ। ਸੰਨੀ ਆਪਣੇ ਪਿੱਛੇ ਪਤਨੀ ਡਾ. ਰੁਪਿੰਦਰ ਕੁਲਾਰ, ਬੱਚੇ ਈਸ਼ਾ ਅਤੇ ਪਰਨੀਤ, ਭਰਾ ਰੌਨੀ ਕੁਲਾਰ, ਭਾਬੀ ਡਾ. ਰਜਨੀਸ਼ ਕੁਲਾਰ, ਭਤੀਜਾ ਕਰਮਨ ਅਤੇ ਭਤੀਜੀ ਅਵਨੀਤ ਨੂੰ ਛੱਡ ਗਏ ਹਨ।

ਜ਼ਿਕਰਯੋਗ ਹੈ ਕਿ ਸੰਨੀ ਐਸ.ਆਰ.ਐਸ ਦੀ ਸ਼ੁਰੂਆਤ ਕਰਨ ਵਾਲੇ ਮੁਢਲੇ ਮੈਂਬਰਾਂ ਵਿਚੋਂ ਇਕ ਡਾ. ਰਾਬਰਟ ਸਿੰਘ ਦਾ ਭਾਣਜਾ ਅਤੇ ਅਵਤਾਰ ਸਿੰਘ ਚੀਮਾ ਦਾ ਭਤੀਜਾ ਸੀ।

ਸੰਨੀ ਕੁਲਾਰ ਦਾ ਜਨਮ ਸ. ਸੁਦਾਗਰ ਸਿੰਘ ਅਤੇ ਜਸਮੇਰ ਕੌਰ ਕੁਲਾਰ ਦੇ ਘਰ ਪਿੰਡ ਕਾਉਂਕੇ ਕਲਾਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਸ ਦੀਆਂ 2 ਵੱਡੀਆਂ ਭੈਣਾਂ, ਸਤਿੰਦਰ ਸਿੱਧੂ ਅਤੇ ਰਮਿੰਦਰ ਸੰਧੂ, ਅਤੇ ਇੱਕ ਛੋਟਾ ਭਰਾ, ਰੌਨੀ ਕੁਲਾਰ ਹਨ। ਸੰਨੀ ਨੇ ਆਪਣੀ ਮੁਢਲੀ ਪੜ੍ਹਾਈ ਲੁਧਿਆਣਾ ਵਿਚ ਹੀ ਕੀਤੀ। ਉਹ ਜਿੱਥੇ ਪੜ੍ਹਨ ਵਿਚ ਹੁਸ਼ਿਆਰ ਸੀ, ਉਥੇ ਖੇਡਾਂ ਵਿਚ ਵੀ ਖਾਸ ਦਿਲਚਸਪੀ ਰੱਖਦਾ ਸੀ। ਉਸ ਨੇ ਰਾਸ਼ਟਰੀ ਪੱਧਰ 'ਤੇ ਫੀਲਡ ਹਾਕੀ ਖੇਡੀ ਤੇ ਆਪਣੇ ਪਿੰਡ ਦਾ ਮਾਣ ਵਧਾਇਆ। ਉਸ ਨੂੰ ਆਪਣੇ ਪਿੰਡ ਨਾਲ ਬਹੁਤ ਮੋਹ ਸੀ।

ਸਾਲ 1988 ਵਿਚ ਸੰਨੀ ਸ਼ਿਕਾਗੋ ਆ ਗਿਆ ਤੇ ਇਥੇ ਉਸਨੇ UIC ਵਿਚ ਪੜ੍ਹਾਈ ਕੀਤੀ। ਉਸਨੇ ਇੰਜੀਨੀਅਰਿੰਗ ਵਿਚ ਬੀਐਸ ਨਾਲ ਗ੍ਰੈਜੂਏਸ਼ਨ ਅਤੇ ਡਿਪੌਲ ਯੂਨੀਵਰਸਿਟੀ ਤੋਂ ਦੂਰਸੰਚਾਰ ਵਿਚ ਮਾਸਟਰਜ਼ ਡਿਗਰੀ ਹਾਸਲ ਕੀਤੀ।

ਸੰਨੀ ਦੀ ਪੰਜਾਬੀ ਭਾਈਚਾਰੇ ਵਿਚ ਖਾਸ ਥਾਂ ਸੀ ਤੇ ਉਹ ਸਭਿਆਚਾਰਕ, ਧਾਰਮਿਕ, ਸਮਾਜਿਕ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਸੀ। ਉਹ ਸ਼ਿਕਾਗੋ ਦੀ ਪੰਜਾਬੀ ਕਲਚਰਲ ਸੋਸਾਇਟੀ ਦਾ ਸੰਸਥਾਪਕ ਮੈਂਬਰ ਸੀ। ਉਹ ਦਹਾਕਿਆਂ ਤੱਕ ਇਸ ਨਾਲ ਜੁੜਿਆ ਰਿਹਾ ਅਤੇ ਸਾਲ 2004 ਵਿਚ ਸੰਸਥਾ ਦਾ ਪ੍ਰਧਾਨ ਵੀ ਬਣਿਆ। ਉਹ ਭੰਗੜਾ ਪਾਉਣ ਦਾ ਬਹੁਤ ਸ਼ੌਕੀਨ ਸੀ ਅਤੇ ਸ਼ਿਕਾਗੋ ਦੇ ਨੌਜਵਾਨਾਂ ਨੂੰ ਭੰਗੜੇ ਅਤੇ ਪੰਜਾਬੀ ਸਭਿਆਚਾਰ ਨਾਲ ਜੋੜਨ ਦੇ ਉਪਰਾਲੇ ਕਰਦਾ ਰਹਿੰਦਾ ਸੀ। ਉਹ ਐਫ.ਆਈ.ਏ. ਦਾ ਸੰਸਥਾਪਕ ਮੈਂਬਰ ਵੀ ਸੀ।

ਸੰਨੀ ਨੂੰ ਜਿੱਥੇ ਏਸ਼ੀਅਨ ਅਮਰੀਕਨ ਮਾਡਲ ਫੈਮਿਲੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਉਥੇ ਹੀ ਕਮਿਊਨਿਟੀ ਲਈ ਉਸਦੀ ਸੇਵਾ ਸਦਕਾ ਪ੍ਰੈਜ਼ੀਡੈਂਸ਼ੀਅਲ ਵਾਲੰਟੀਅਰ ਸਰਵਿਸ ਅਵਾਰਡ ਅਤੇ ਮੁੱਖ ਧਾਰਾ ਦੇ ਸਮਾਗਮਾਂ ਵਿਚ ਉਸਦੇ ਯੋਗਦਾਨ ਲਈ ਕਈ ਹੋਰ ਪੁਰਸਕਾਰ ਪ੍ਰਾਪਤ ਹੋਏ।

ਮਿੱਡਵੈਸਟ ਵਿਚ ਉਹ ਪਿਛਲੇ 4 ਦਹਾਕਿਆਂ ਦੌਰਾਨ ਕਈ ਸੱਭਿਆਚਾਰਕ ਸਮਾਗਮਾਂ ਵਿਚ ਸ਼ਾਮਲ ਸੀ ਅਤੇ ਉਸ ਨੇ ਕਈ ਲੋਕਾਂ ਨੂੰ ਆਪਣੇ ਕੰਮਾਂ ਨਾਲ ਪ੍ਰਭਾਵਿਤ ਵੀ ਕੀਤਾ।

ਰੌਨੀ ਕੁਲਾਰ ਨੇ ਆਪਣੇ ਵੱਡੇ ਭਰਾ ਸੰਨੀ ਬਾਰੇ ਦੱਸਿਆ ਕਿ ਉਹ ਬਹੁਤ ਪਿਆਰਾ ਇਨਸਾਨ ਸੀ, ਜੋ ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾ ਰਿਹਾ ਸੀ। ਉਹ ਦੋਵੇਂ ਰਲ ਕੇ ਸਾਰੇ ਕੰਮ ਕਰਦੇ ਸਨ ਤੇ ਪਰਿਵਾਰ ਵਿਚ ਬਹੁਤ ਇਤਫਾਕ ਹੈ, ਉਸ ਦੇ ਜਾਣ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।

ਸੰਨੀ ਦੇ ਸਸਕਾਰ ਅਤੇ ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਵਿਚ ਪੁੱਜੇ ਲੋਕ ਉਸ ਦੀ ਭਾਈਚਾਰੇ ਵਿਚ ਹਰਮਨ-ਪਿਆਰਤਾ ਦੀ ਗਵਾਹੀ ਭਰਦੇ ਸਨ। ਉਸ ਦੀ ਅੰਤਿਮ ਅਰਦਾਸ



ਗੁਰਦੁਆਰਾ ਪੈਲਾਟਾਈਨ ਵਿਖੇ ਹੋਈ, ਜਿੱਥੇ ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ, ਡਾ. ਬਲਵੰਤ ਸਿੰਘ ਹੰਸਰਾ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਸ. ਹਰਦਿਆਲ ਸਿੰਘ ਦਿਓਲ ਨੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ। ਡਾ. ਬਲਵੰਤ ਸਿੰਘ ਹੰਸਰਾ ਨੇ ਕਿਹਾ ਕਿ ਸੰਨੀ ਦੇ ਮਾਮਾ ਡਾ. ਰਾਬਰਟ ਸਿੰਘ ਦੇ ਸਹਿਯੋਗ ਨਾਲ ਪੈਲਾਟਾਈਨ ਗੁਰਦੁਆਰਾ ਸਥਾਪਿਤ ਹੋਇਆ ਸੀ, ਉਨ੍ਹਾਂ ਦੀ ਬਦੌਲਤ ਹੀ ਸੰਨੀ ਕੁਲਾਰ ਅਤੇ ਪਰਿਵਾਰ ਅਮਰੀਕਾ ਪੁੱਜਿਆ। ਸ. ਹਰਦਿਆਲ ਸਿੰਘ ਦਿਓਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕੁਲਾਰ ਪਰਿਵਾਰ ਨਾਲ ਆਪਣੀ ਪਰਿਵਾਰਕ ਸਾਂਝ ਦਾ ਜ਼ਿਕਰ ਕੀਤਾ ਅਤੇ ਭਾਈਚਾਰੇ ਨਾਲ ਸੰਨੀ ਦੇ ਜਾਣ ਦਾ ਦੁਖ ਸਾਂਝਾ ਕਰਦਿਆਂ ਆਪਣੇ ਮਨ ਦੇ ਵਲਵਲੇ ਪ੍ਰਗਟ ਕੀਤੇ। ਇਨ੍ਹਾਂ ਤੋਂ ਇਲਾਵਾ ਡਾ. ਹਰਜਿੰਦਰ ਸਿੰਘ ਖਹਿਰਾ, ਸੰਨੀ ਅਤੇ ਰੌਨੀ ਕੁਲਾਰ ਦੇ ਬੱਚਿਆਂ ਨੇ ਵੀ ਭਰੇ ਮਨ ਨਾਲ ਸੰਨੀ ਨੂੰ ਯਾਦ ਕਰਦਿਆਂ ਉਸ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ।

ਸ. ਸਰਵਣ ਰਾਜੂ ਨੇ ਸੰਨੀ ਨੂੰ ਯਾਦ ਕਰਦਿਆਂ ਕਿਹਾ 'ਸਨੀ ਕੁਲਾਰ ਸਭ ਨੂੰ ਪਿਆਰ ਕਰਨ ਵਾਲਾ ਇਨਸਾਨ ਸੀ, ਮਿਡਵੈਸਟ ਵਿਚ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਉਨ੍ਹਾਂ ਦੀਆਂ ਸੇਵਾਵਾਂ ਅਣਗਿਣਤ ਹਨ। ਉਨ੍ਹਾਂ ਦੱਸਿਆ ਕਿ 2013 ਵਿਚ ਸੀਟੀਏ (ਸ਼ਿਕਾਗੋ ਟ੍ਰਾਂਜ਼ਿਟ ਅਥਾਰਟੀ) ਦੇ ਪਿਛਲੇ ਪਾਸੇ ਤੀਹ ਦਿਨਾਂ ਲਈ 80 ਬੱਸਾਂ ਵਿਚ 'ਵਿਸ਼ਵ ਯੁੱਧਾਂ ਵਿਚ ਸਿੱਖ ਯੋਗਦਾਨ' ਬਾਰੇ ਪ੍ਰਦਰਸ਼ਨ ਕੀਤਾ ਗਿਆ ਸੀ। ਇਸ ਪ੍ਰਾਜੈਕਟ ਲਈ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਬੋਰਡ ਮੈਂਬਰ ਹਰਵਿੰਦਰ ਸਿੰਘ ਲੇਹਲ ਦੀ ਮਦਦ ਨਾਲ ਫੰਡ ਇਕੱਠਾ ਕੀਤਾ ਗਿਆ। ਸੰਨੀ ਸ਼ਿਕਾਗੋ ਡਾਊਨਟਾਊਨ ਵਿਚ ਕੰਮ ਕਰਦਾ ਸੀ। ਉਸ ਨੇ ਇਹ ਬੱਸ ਦੇਖੀ ਤੇ ਉਹ ਬਹੁਤ ਖ਼ੁਸ਼ ਹੋਇਆ। ਉਸ ਨੇ ਆਖਿਆ, 'ਜੇ ਇਸ ਪ੍ਰੋਜੈਕਟ ਲਈ ਕਿਸੇ ਵੀ ਤਰ੍ਹਾਂ ਦੀ ਮਦਦ ਜਾਂ ਫੰਡ ਚਾਹੀਦੇ ਹਨ ਤਾਂ ਮੈਨੂੰ ਦੱਸੋ।' ਮੈਨੂੰ ਅੱਜ ਤੱਕ ਉਸ ਦੀ ਇਹ ਗੱਲ ਯਾਦ ਹੈ।

ਇਸੇ ਤਰ੍ਹਾਂ ਅਗਸਤ, 2019 ਵਿਚ ਇਲੀਨੋਇ ਰਾਜ ਵਿਚ ਅਪ੍ਰੈਲ ਨੂੰ 'ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ' ਵਜੋਂ ਮਾਨਤਾ ਹਾਸਲ ਹੋਈ ਸੀ, ਅਤੇ ਇਸ ਸਬੰਧੀ ਬਿੱਲ ਜਨਵਰੀ 2020 ਵਿਚ ਲਾਗੂ ਹੋਣਾ ਸੀ ਪਰ ਕੋਵਿਡ-19 ਕਾਰਨ ਇਸ ਬਾਰੇ ਜਾਗਰੂਕ ਕਰਨ ਲਈ ਇਸ ਵੱਡੇ ਪ੍ਰੋਜੈਕਟ 'ਤੇ ਕੰਮ ਨਹੀਂ ਸੀ ਕਰ ਸਕਦੇ। ਅਪ੍ਰੈਲ, 2023 ਵਿਚ ਸਕੂਲੀ ਬੱਚਿਆਂ ਨੂੰ ਜਾਗਰੂਕ ਕਰਨ ਲਈ 'ਲੈਪਲ ਪਿੰਨ' ਬਣਾਇਆ ਤਾਂ ਜੋ ਬੱਚੇ ਇਸ ਨੂੰ ਕਮੀਜ਼ਾਂ, ਜੈਕਟਾਂ ਜਾਂ ਬੈਕਪੈਕ ਆਦਿ 'ਤੇ ਪਾ ਸਕਣ। ਸਿੱਖ ਭਾਈਚਾਰੇ ਦੇ ਮੈਂਬਰ ਆਪਣੇ ਗੁਆਂਢੀਆਂ ਅਤੇ ਸਹਿਕਰਮੀਆਂ ਤੱਕ ਪਹੁੰਚ ਸਕਦੇ ਸਨ ਤਾਂ ਜੋ ਸਿੱਖ ਪਛਾਣ ਬਾਰੇ ਉਨ੍ਹਾਂ ਨਾਲ ਗੱਲਬਾਤ ਸ਼ੁਰੂ ਹੋ ਸਕੇ। ਸੰਨੀ ਨੇ ਇਹ ਦੇਖਿਆ ਅਤੇ ਤੁਰੰਤ ਮੈਨੂੰ ਅਗਲੇ ਸਾਲ ਦੀ ਇਹ ਸੇਵਾ ਲੈਣ ਲਈ ਕਿਹਾ।

ਸੰਨੀ ਅਤੇ ਮੇਰੇ ਦਰਮਿਆਨ ਜੋ ਗੱਲਬਾਤ ਹੋਈ, ਉਹ ਇਸ ਤਰ੍ਹਾਂ ਹੈ:

ਸਰਵਣ; ਅਸੀਂ ਕਮਿਊਨਿਟੀ ਮੈਂਬਰਾਂ ਨਾਲ ਪ੍ਰੋਜੈਕਟ ਕਰਦੇ ਹਾਂ। ਇਸ ਨੂੰ ਕੁਝ ਮੈਂਬਰਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਅਤੇ ਹਰੇਕ ਮੈਂਬਰ ਆਪਣੇ ਹਿੱਸੇ ਦਾ ਯੋਗਦਾਨ ਪਾਵੇਗਾ ਅਤੇ ਉਹ ਸਾਰੇ ਆਪਣੇ ਫੰਡ ਕੰਪਨੀ ਨੂੰ ਭੇਜਣਗੇ, ਜੋ ਇਹ ਪ੍ਰੋਜੈਕਟ ਬਣਾ ਰਹੀ ਹੈ। ਹਰੇਕ ਵਿਅਕਤੀ ਕਿੰਨਾ ਯੋਗਦਾਨ ਪਾਉਂਦਾ ਹੈ, ਇਹ ਪਾਸ ਨਹੀਂ ਹੁੰਦਾ, ਸਿਰਫ ਉਨ੍ਹਾਂ ਦੇ ਨਾਮ ਸਾਂਝੇ ਕੀਤੇ ਜਾਣਗੇ।

ਸੰਨੀ; ਭਾਜੀ ਪਿਛਲੇ ਸਾਲ 2023 ਵਿਚ ਇਸਦੀ ਕੀਮਤ ਲਗਭਗ ਕਿੰਨੀ ਹੈ।

ਸਰਵਣ; ਉਸ ਨੂੰ $$ ਦੀ ਰਕਮ ਦੇ ਦਿੱਤੀ।

ਸੰਨੀ; ਭਾਜੀ ਇਹ ਸਭ ਸੇਵਾ ਮੈਨੂੰ ਦੇਵੋ, ਪਰ ਮੇਰਾ ਨਾਮ ਕਿਤੇ ਨਹੀਂ ਆਉਣਾ ਚਾਹੀਦਾ।

ਮੈਂ ਉਸ ਨਾਲ ਵਾਅਦਾ ਕੀਤਾ ਤੇ ਸੰਨੀ ਨੇ ਅਪ੍ਰੈਲ 2024, 2025 ਵਿਚ 'ਲੈਪਲ ਪਿੰਨ' ਲਈ ਭੁਗਤਾਨ ਕੀਤਾ।

ਅਮਰੀਕਨ ਸਿੱਖ ਭਾਈਚਾਰੇ ਵਲੋਂ ਸਾਲਵੇਸ਼ਨ ਆਰਮੀ ਵਿਖੇ ਥੈਂਕਸਗਿਵਿੰਗ ਅਤੇ ਕ੍ਰਿਸਮਿਸ ਦੇ ਦਿਨ ਦੁਪਹਿਰ ਦੇ ਖਾਣੇ ਦੀ ਸੇਵਾ ਕੀਤੀ ਜਾਂਦੀ ਹੈ। ਇਸ ਸੇਵਾ ਵਿਚ ਵੀ ਸੰਨੀ ਕੁਲਾਰ (ਸ਼ਾਇਦ ਉਨ੍ਹਾਂ ਦਾ ਪਰਿਵਾਰ) ਸਿੱਖ ਭਾਈਚਾਰੇ ਦੀ ਤਰਫੋਂ ਕ੍ਰਿਸਮਸ ਦੇ ਸਮੇਂ ਕੰਬਲ ਵੰਡਦਾ ਰਿਹਾ ਹੈ। ਸਿੱਖ ਭਾਈਚਾਰਾ ਹਮੇਸ਼ਾ ਉਸ ਦੀ ਕਮੀ ਮਹਿਸੂਸ ਕਰਦਾ ਰਹੇਗਾ।

# ਭਾਸ਼ਾ ਵਿਭਾਗ ਦੀ ਪੁਸਤਕ ਬੈਠਕ 'ਚ ਸਤੀਸ਼ ਕੁਮਾਰ ਵਰਮਾ ਨੇ ਦੱਸੇ ਕਿਤਾਬਾਂ ਬਾਰੇ ਅਹਿਮ ਨੁਕਤੇ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਹਿਤ ਚਲਾਈ ਗਈ ਮੁਹਿੰਮ ਤਹਿਤ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੋ. ਸਤੀਸ਼ ਕੁਮਾਰ ਵਰਮਾ ਪਾਠਕਾਂ ਦੇ ਰੂਬਰੂ ਹੋਏ। ਜਿਸ ਦੌਰਾਨ ਉਨ੍ਹਾਂ ਆਪਣੇ ਜੀਵਨ 'ਚ ਪੁਸਤਕ ਦੀ ਅਹਿਮੀਅਤ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਾਹਿਤਕ ਤੇ ਸਮਾਜਿਕ ਬਾਤਾਂ ਪਾਈਆਂ।

ਇਸ ਤੋਂ ਪਹਿਲਾ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸਤੰਬਰ ਮਹੀਨੇ 'ਚ ਪੜ੍ਹੀਆਂ ਪੁਸਤਕਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਪ੍ਰੋ. ਸਤੀਸ਼ ਕੁਮਾਰ ਵਰਮਾ ਦਾ ਸਵਾਗਤ ਕਰਦਿਆਂ ਉਨਾਂ ਦੀ ਸ਼ਖ਼ਸੀਅਤ, ਸਾਹਿਤਕ ਅਤੇ ਸੱਭਿਆਚਾਰਕ ਖੇਤਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਵਰਮਾ ਵਰਗੇ ਮਿਹਨਤੀ ਤੇ ਸਿਰੜੀ ਵਿਅਕਤੀ ਸਮਾਜ ਲਈ ਹਮੇਸ਼ਾ ਪ੍ਰੇਰਨਾਸ੍ਰੋਤ ਹੁੰਦੇ ਹਨ, ਜਿੰਨ੍ਹਾਂ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਵੀ ਵੱਡੀਆਂ ਮੰਜ਼ਿਲਾਂ ਸਰ ਕੀਤੀਆਂ ਹੁੰਦੀਆਂ ਹਨ। ਪ੍ਰੋ. ਸਤੀਸ਼ ਵਰਮਾ ਨੇ ਕਿਹਾ ਕਿ ਉਸ ਨੇ ਆਪਣੇ ਜੀਵਨ 'ਚ ਅਕਾਦਮਿਕ ਤੇ ਕਲਾਤਮਕ ਖੇਤਰ 'ਚ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ, ਉਹਨਾਂ ਦਾ ਅਧਾਰ ਪੁਸਤਕਾਂ ਹੀ ਬਣੀਆਂ ਹਨ। ਸਕੂਲ ਪੱਧਰ ਤੋਂ ਹੀ ਉਹ ਪਾਠਕ੍ਰਮ ਤੋਂ ਇਲਾਵਾ ਸਾਹਿਤਕ ਕਿਤਾਬਾਂ ਪੜ੍ਹਨ ਲੱਗ ਗਏ ਸਨ, ਜਿਸ ਦੀ ਬਦੌਲਤ ਉਨ੍ਹਾਂ ਦੀ ਸ਼ਬਦਾਵਲੀ 'ਚ ਵਾਧਾ ਹੁੰਦਾ ਗਿਆ। ਚੰਗੀ ਸ਼ਬਦਾਵਾਲੀ ਸਦਕਾ ਹੀ ਉਨ੍ਹਾਂ ਲਈ ਟੀਵੀ ਪ੍ਰੋਗਰਾਮ, ਫਿਲਮਾਂ ਅਤੇ ਅਖ਼ਬਾਰੀ ਕਾਲਮ ਲਿਖਣ ਲਈ ਰਸਤੇ ਖੁੱਲ੍ਹਦੇ ਗਏ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਲੰਬਾ ਅਰਸਾ ਪੰਜਾਬੀ ਯੂਨੀਵਰਸਿਟੀ 'ਚ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਦਿੱਤੀਆਂ ਪਰ ਉਨ੍ਹਾਂ ਦੀ ਵੱਡੀ ਪਹਿਚਾਣ ਐਂਕਰ ਵਜੋਂ ਬਣੀ।

ਐਂਕਰਿੰਗ ਤੇ ਕਾਲਮਨਵੀਸੀ ਨੇ ਉਸ ਨੂੰ ਪਰਿਆਂ-ਸੱਥਾਂ ਤੱਕ ਪਹੁੰਚਾ ਦਿੱਤਾ। ਪ੍ਰੋ. ਵਰਮਾ ਨੇ ਨਵੀਂ ਪੀੜ੍ਹੀ ਨੂੰ ਅਪੀਲ ਕੀਤੀ ਕਿ ਕਿਤਾਬਾਂ ਮਨੁੱਖ ਦੇ ਹਰ ਦੁੱਖ-ਸੁੱਖ 'ਚ ਸਹਾਈ ਹੁੰਦੀਆਂ ਹਨ ਅਤੇ ਮਾਰਗਦਰਸ਼ਕ ਬਣਦੀਆਂ ਹਨ। ਇਸ ਕਰਕੇ ਕਿਤਾਬਾਂ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਆਪਣੇ ਜੀਵਨ 'ਚੋਂ ਬਹੁਤ ਸਾਰੀਆਂ ਪ੍ਰੇਰਨਾਮਈ ਉਦਾਹਰਨਾਂ ਰਾਹੀਂ



ਸਰੋਤਿਆਂ ਨੂੰ ਪੁਸਤਕਾਂ ਨਾਲ ਜੁੜਨ ਦਾ ਸੰਦੇਸ਼ ਦਿੱਤਾ ਅਤੇ ਭਾਸ਼ਾ ਵਿਭਾਗ ਚਲਾਈ ਗਈ ਪੁਸਤਕ ਬੈਠਕ ਲੜੀ ਦੀ ਸ਼ਲਾਘਾ ਕੀਤੀ। ਡਾ. ਸੰਤੋਖ ਸੁੱਖੀ, ਡਾ. ਮਨਜਿੰਦਰ ਸਿੰਘ ਤੇ ਸਤਪਾਲ ਸਿੰਘ ਚਹਿਲ ਨੇ ਕਵਿਤਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ ਤੇ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਰਿੰਦਰ ਕੌਰ, ਜਸਪ੍ਰੀਤ ਕੌਰ, ਰਾਬੀਆ ਤੇ ਵੱਡੀ ਗਿਣਤੀ 'ਚ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।

# ਖੰਘ ਦੀਆਂ ਦਵਾਈਆਂ ਵਿਚ ਵਰਤੇ ਜਾਂਦੇ ਹਨ ਜ਼ਹਿਰੀਲੇ ਰਸਾਇਣ

**ਭੁਪਾਲ:** ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਖਾਂਸੀ ਦੀ ਦਵਾਈ ਦੇ ਸੇਵਨ ਕਾਰਨ 12 ਬੱਚਿਆਂ ਦੀ ਮੌਤ ਦੇ ਮਾਮਲੇ ਵਿਚ ਆ ਰਹੀਆਂ ਆਪਾ-ਵਿਰੋਧੀ ਖ਼ਬਰਾਂ ਨਾ ਸਿਰਫ਼ ਕਫ ਸਿਰਪ ਦੀ ਗੁਣਵੱਤਾ ਨੂੰ ਲੈ ਕੇ ਸੰਦੇਹ ਪੈਦਾ ਕਰਦੀਆਂ ਹਨ ਸਗੋਂ ਉਸ ਸਰਕਾਰੀ ਤੰਤਰ 'ਤੇ ਵੀ ਬੇਭਰੋਸਗੀ ਨੂੰ ਜਨਮ ਦਿੰਦੀਆਂ ਹਨ, ਜਿਸ ਦਾ ਕੰਮ ਦਵਾਈਆਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣਾ ਹੈ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਸਰਕਾਰਾਂ ਅਨੁਸਾਰ ਬੱਚਿਆਂ ਦੀ ਮੌਤ ਦਾ ਕਾਰਨ ਸਮਝੀ ਜਾ ਰਹੀ ਕਫ ਸਿਰਪ ਕੋਲਡਿਫ ਵਿਚ ਕੋਈ ਜ਼ਹਿਰੀਲਾ ਰਸਾਇਣ ਨਹੀਂ ਮਿਲਿਆ ਪਰ ਜਿਸ ਤਮਿਲਨਾਡੂ ਵਿਚ ਉਸ ਦਾ ਨਿਰਮਾਣ ਹੁੰਦਾ ਹੈ, ਉਥੇ ਦੀ ਸਰਕਾਰੀ ਏਜੰਸੀ ਦਾ ਕਹਿਣਾ ਹੈ ਕਿ ਇਸ ਵਿਚ ਖ਼ਤਰਨਾਕ ਜ਼ਹਿਰੀਲਾ ਤੱਤ ਮਿਲਿਆ ਹੈ। ਆਖ਼ਰ ਸੱਚ ਕੀ ਹੈ? ਇਸ ਸਵਾਲ ਦੌਰਾਨ ਕਈ ਰਾਜਾਂ ਵੱਲੋਂ ਇਸ ਕਫ ਸਿਰਪ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਕੇਂਦਰ ਸਰਕਾਰ ਵੱਲੋਂ ਇਹ ਮਸ਼ਵਰਾ ਜਾਰੀ ਕੀਤਾ ਗਿਆ ਹੈ ਕਿ ਦੋ ਸਾਲ ਤੋਂ ਛੋਟੇ ਬੱਚਿਆਂ ਨੂੰ ਕਫ ਸਿਰਪ ਨਾ ਦਿੱਤਾ ਜਾਵੇ। ਕੀ ਇਹ ਐਡਵਾਇਜ਼ਰੀ ਜਾਰੀ ਕਰਨ ਲਈ 12 ਬੱਚਿਆਂ ਦੀ ਮੌਤ ਦਾ ਇੰਤਜ਼ਾਰ ਕੀਤਾ ਜਾ ਰਿਹਾ ਸੀ? ਇਹ ਬਹੁਤ ਸ਼ਰਮਨਾਕ ਗੱਲ ਹੈ ਕਿ ਪਹਿਲਾਂ ਵੀ ਭਾਰਤ ਵਿਚ ਨਿਰਮਿਤ ਜ਼ਹਿਰੀਲੇ ਕਫ ਸਿਰਪ ਕਾਰਨ ਗਾਂਬੀਆ ਅਤੇ ਉਜ਼ਬੇਕਿਸਤਾਨ ਵਿਚ ਬੱਚਿਆਂ ਦੀ ਮੌਤ ਦੇ ਮਾਮਲੇ ਸਾਹਮਣੇ ਆਉਣ ਅਤੇ ਉਨ੍ਹਾਂ ਕਾਰਨ ਭਾਰਤੀ ਦਵਾਈ ਕੰਪਨੀਆਂ ਦੀ ਸਾਖ 'ਤੇ ਬੱਟਾ ਲੱਗਣ ਤੋਂ ਬਾਅਦ ਵੀ ਇਹ ਯਕੀਨੀ ਨਹੀਂ ਬਣਾਇਆ ਜਾ ਸਕਿਆ ਕਿ ਦੇਸ਼ 'ਚ ਬਣਨ ਵਾਲੀਆਂ ਦਵਾਈਆਂ ਦੀ



ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਾ ਹੋ ਸਕੇ। ਮੱਧ ਪ੍ਰਦੇਸ਼ ਤੇ ਰਾਜਸਥਾਨ ਦੇ ਮਾਮਲੇ ਦੱਸ ਰਹੇ ਹਨ ਕਿ ਇਹ ਹੋ ਰਿਹਾ ਹੈ ਤੇ ਉਹ ਤੰਤਰ ਨਾਕਾਬਲ ਹੈ ਜਿਸ ਦਾ ਕੰਮ ਦਵਾਈਆਂ ਦੀ ਗੁਣਵੱਤਾ ਨੂੰ ਦੇਖਣਾ ਹੈ। ਇਹ ਸਿੱਧੇ ਤੌਰ 'ਤੇ ਸਰਕਾਰੀ ਤੰਤਰ ਦੀ ਨਾਕਾਮੀ ਹੈ। ਇਸ ਨਾਕਾਮੀ ਦੀ ਇਕ ਵੱਡੀ ਵਜ੍ਹਾ ਸਰਕਾਰੀ ਤੰਤਰ ਵਿਚ ਫੈਲਿਆ ਹੋਇਆ ਭ੍ਰਿਸ਼ਟਾਚਾਰ ਹੈ। ਇਸ ਭ੍ਰਿਸ਼ਟਾਚਾਰ ਕਾਰਨ ਹੀ ਦੋਇਮ ਦਰਜੇ ਦੀਆਂ ਦਵਾਈਆਂ ਬਣਦੀਆਂ ਤੇ ਧੜੱਲੇ ਨਾਲ ਵਿਕਦੀਆਂ ਹਨ। ਜੇ ਦੋਇਮ ਦਰਜੇ ਦੀਆਂ ਦਵਾਈਆਂ ਦੇ ਨਿਰਮਾਣ ਦਾ ਸਿਲਸਿਲਾ ਜਾਰੀ ਰਿਹਾ ਤਾਂ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਜਾਨਲੇਵਾ ਮਾਮਲੇ ਤਾਂ ਸਾਹਮਣੇ ਆਉਣਗੇ ਹੀ, ਭਾਰਤ ਦਾ ਦੁਨੀਆ ਦੇ ਦਵਾਈਆਂ ਦੇ ਕਾਰਖਾਨੇ ਵਾਲਾ ਅਕਸ ਵੀ ਮਿੱਟੀ ਵਿਚ ਮਿਲ ਜਾਵੇਗਾ। ਦਵਾਈਆਂ ਤਦ ਹੀ ਦੋਇਮ ਦਰਜੇ ਦੀਆਂ ਬਣਦੀਆਂ ਹਨ ਜਦੋਂ ਉਨ੍ਹਾਂ ਦਾ ਨਿਰਮਾਣ ਮਾਪਦੰਡਾਂ ਮੁਤਾਬਕ ਨਹੀਂ ਹੁੰਦਾ ਤੇ ਗੁਣਵੱਤਾ ਪ੍ਰੀਖਣ ਦੇ ਨਾਂ 'ਤੇ ਖਾਨਾਪੂਰਤੀ ਕੀਤੀ ਜਾਂਦੀ ਹੈ। ਇਹ ਦੋਇਮ ਦਰਜੇ ਦੀਆਂ ਦਵਾਈਆਂ ਕਈ ਵਾਰ ਜ਼ਹਿਰੀਲੀਆਂ ਹੋ ਜਾਂਦੀਆਂ ਹਨ। ਆਪਣੇ ਦੇਸ਼ 'ਚ ਕਿਸ ਤਰ੍ਹਾਂ ਵੱਡੇ ਪੈਮਾਨੇ 'ਤੇ ਦੋਇਮ ਦਰਜੇ ਦੀਆਂ ਦਵਾਈਆਂ ਬਣਦੀਆਂ ਹਨ, ਇਸ ਦਾ ਸਬੂਤ ਹਰ ਰੋਜ਼ ਆਉਣ ਵਾਲੀਆਂ ਉਹ ਖ਼ਬਰਾਂ ਹਨ ਜੋ ਦੱਸਦੀਆਂ ਹਨ ਕਿ ਦਵਾਈਆਂ ਦੇ ਇੰਨੇ ਨਮੂਨੇ ਗੁਣਵੱਤਾ ਦੀ ਕਸੌਟੀ 'ਤੇ ਖਰੇ ਨਹੀਂ ਉਤਰਦੇ। ਇਹ ਸਰਕਾਰੀ ਤੰਤਰ ਦੀ ਲਾਪਰਵਾਹੀ ਕਾਰਨ ਹੁੰਦਾ ਹੈ। ਉਹ ਚਾਹੇ ਤਾਂ ਕਿਸੇ ਵੀ ਦਵਾਈ ਦੇ ਨਿਰਮਾਣ ਵਿਚ ਮਾਪਦੰਡਾਂ ਦੀ ਅਣਦੇਖੀ ਨਹੀਂ ਹੋਣ ਦੇ ਸਕਦਾ ਪਰ ਇੰਜ ਲੱਗਦਾ ਹੈ ਕਿ ਤਰ੍ਹਾਂ-ਤਰ੍ਹਾਂ ਦੀਆਂ ਏਜੰਸੀਆਂ ਨਾਲ ਲੈਸ ਸਰਕਾਰੀ ਤੰਤਰ 'ਚ ਕੋਈ ਵੀ ਨਿਯਮ-ਕਾਨੂੰਨਾਂ ਦੀ ਪਾਲਣਾ ਕਰਵਾਉਣ ਤੇ ਆਪਣੇ ਫਰਜ਼ਾਂ ਨੂੰ ਨਿਭਾਉਣ ਪ੍ਰਤੀ ਚੌਕਸ ਨਹੀਂ ਹੈ। ਇਹ ਉਹ ਰਵੱਈਆ ਹੈ ਜੋ ਨਾ ਤਾਂ ਸਵਦੇਸ਼ੀ ਦੇ ਸੁਪਨੇ ਨੂੰ ਸਾਕਾਰ ਕਰੇਗਾ ਤੇ ਨਾ ਹੀ ਦੇਸ਼ ਨੂੰ ਆਤਮ-ਨਿਰਭਰ ਬਣਾ ਸਕੇਗਾ।

# ਪਾਕਿਸਤਾਨ ਨੇ ਨਾਪਾਕ ਹਰਕਤ ਕੀਤੀ ਤਾਂ ਬਦਲ ਦਿਆਂਗੇ ਭੂਗੋਲ: ਰਾਜਨਾਥ ਸਿੰਘ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਭੁਜ 'ਚ ਭਾਰਤ-ਪਾਕਿ ਸਰਹੱਦ ਨੇੜੇ ਇਕ ਫ਼ੌਜੀ ਅੱਡੇ 'ਤੇ ਜਵਾਨਾਂ ਨਾਲ ਦੁਸਹਿਰੇ ਦਾ ਤਿਉਹਾਰ ਮਨਾਇਆ। ਉਨ੍ਹਾਂ ਨੇ ਸ਼ਸਤਰ ਪੂਜਾ ਕੀਤੀ ਅਤੇ ਪਾਕਿਸਤਾਨ ਨੂੰ ਚਿਤਾਵਨੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਸਰ ਕ੍ਰੀਕ ਖੇਤਰ ਵਿਚ ਪਾਕਿਸਤਾਨ ਦੀ ਕਿਸੇ ਵੀ ਨਾਪਾਕ ਹਰਕਤ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਅਤੇ ਇਹ ਇੰਨਾ ਮਾਰੂ ਹੋਵੇਗਾ ਕਿ ਇਤਿਹਾਸ ਤੇ ਭੂਗੋਲ ਸਭ ਬਦਲ ਜਾਣਗੇ।

ਰਾਜਨਾਥ ਨੇ ਇਹ ਚਿਤਾਵਨੀ ਭੁਜ ਦੇ ਆਲੇ-ਦੁਆਲੇ ਵਿਵਾਦਤ ਖੇਤਰ ਵਿਚ ਪਾਕਿਸਤਾਨ ਦੇ ਫ਼ੌਜੀ ਢਾਂਚੇ 'ਚ ਹੋ ਰਹੇ ਵਿਸਥਾਰ ਨੂੰ ਦੇਖਦਿਆਂ ਦਿੱਤੀ। ਉਨ੍ਹਾਂ ਕਿਹਾ ਕਿ 1965 ਵਿਚ ਭਾਰਤੀ ਫ਼ੌਜ ਨੇ ਲਾਹੌਰ ਤੱਕ ਕਬਜ਼ਾ ਕਰ ਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ ਸੀ ਅਤੇ 2025 ਵਿਚ ਪਾਕਿਸਤਾਨ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਰਾਚੀ ਦਾ ਰਸਤਾ ਸਰ ਕ੍ਰੀਕ ਤੋਂ ਹੋ ਕੇ ਜਾਂਦਾ ਹੈ। ਭੁਜ ਵਿਚ ਜਵਾਨਾਂ ਨੂੰ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਸਰ ਕੀਕ ਖੇਤਰ 'ਚ ਸਰਹੱਦੀ ਵਿਵਾਦ ਨੂੰ ਹਵਾ ਦਿੱਤੀ ਜਾ ਰਹੀ ਹੈ। ਭਾਰਤ ਨੇ ਇਸ ਨੂੰ ਗੱਲਬਾਤ ਰਾਹੀਂ ਸੁਲਝਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਹਨ ਪਰ ਪਾਕਿਸਤਾਨ ਦੀ ਨੀਤ 'ਚ ਖੋਟ ਹੈ। ਇਸ ਦੌਰਾਨ ਰਾਜਨਾਥ ਸਿੰਘ ਨੇ ਆਪ੍ਰੇਸ਼ਨ ਸਿੰਧੂਰ ਦਾ ਜ਼ਿਕਰ ਕਰਦਿਆਂ ਫ਼ੌਜ ਦੇ ਸ਼ੌਰਿਆ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਦੌਰਾਨ ਸਾਡੇ ਹਥਿਆਰਬੰਦ ਬਲਾਂ ਨੇ ਇਹ ਸਾਬਤ ਕਰ ਦਿੱਤਾ ਕਿ ਭਾਰਤ ਦੀ ਖ਼ੁਦਮੁਖਤਾਰੀ ਨੂੰ ਚੁਣੌਤੀ ਦੇਣ ਵਾਲੀਆਂ ਤਾਕਤਾਂ, ਭਾਵੇਂ ਉਹ ਜਿੱਥੇ ਮਰਜ਼ੀ ਲੁਕੀਆਂ ਹੋਣ, ਸਾਡੇ ਕੋਲ ਉਨ੍ਹਾਂ ਨੂੰ ਲੱਭ ਕੇ ਖ਼ਤਮ ਕਰਨ ਦੀ ਤਾਕਤ ਹੈ। ਦੁਨੀਆ ਦੀ ਕੋਈ ਵੀ ਤਾਕਤ ਜੇਕਰ ਸਾਡੀ ਖ਼ੁਦਮੁਖਤਾਰੀ ਨੂੰ ਚੁਣੌਤੀ ਦਿੰਦੀ ਹੈ ਤਾਂ ਭਾਰਤ ਚੁੱਪ ਨਹੀਂ ਬੈਠੇਗਾ। ਅੱਜ ਦਾ ਭਾਰਤ ਕਹਿੰਦਾ ਹੈ ਕਿ ਭਾਵੇਂ ਅੱਤਵਾਦ ਹੋਵੇ ਜਾਂ ਕੋਈ ਹੋਰ ਸਮੱਸਿਆ, ਅਸੀਂ ਉਸ ਦਾ ਸਾਹਮਣਾ ਕਰਨ ਅਤੇ ਉਸ ਨੂੰ ਹਰਾਉਣ ਦੀ ਸਮਰੱਥਾ ਰੱਖਦੇ ਹਾਂ। ਉਨ੍ਹਾਂ ਕਿਹਾ ਕਿ ਆਪਣੀਆਂ ਸਮਰੱਥਾਵਾਂ ਦੇ ਬਾਵਜੂਦ ਅਸੀਂ ਸੰਜਮ ਵਰਤਿਆ ਕਿਉਂਕਿ ਸਾਡੀ ਫ਼ੌਜੀ ਕਾਰਵਾਈ ਅੱਤਵਾਦ ਦੇ ਖ਼ਿਲਾਫ਼ ਸੀ। ਜੰਗ ਛੇੜਨੀ ਆਪ੍ਰੇਸ਼ਨ ਸਿੰਧੂਰ ਦਾ ਟੀਚਾ ਨਹੀਂ ਸੀ।



## ਰਾਮਾਇਣ ਤੇ ਮਹਾਭਾਰਤ ਦੀ ਦਿੱਤੀ ਉਦਾਹਰਣ

ਰੱਖਿਆ ਮੰਤਰੀ ਨੇ ਕਿਹਾ ਕਿ ਜਦੋਂ ਅਸੀਂ ਸ਼ਸਤਰ ਪੂਜਨ ਕਰਦੇ ਹਾਂ ਤਾਂ ਇਹ ਪ੍ਰਣ ਕਰਦੇ ਹਾਂ ਕਿ ਇਸ ਤਾਕਤ ਦੀ ਵਰਤੋਂ ਸਿਰਫ਼ ਧਰਮ ਤੇ ਨਿਆਂ ਦੀ ਰੱਖਿਆ ਲਈ ਕਰਾਂਗੇ। ਭਗਵਾਨ ਰਾਮ ਨੇ ਰਾਵਣ ਨਾਲ ਯੁੱਧ ਆਪਣੇ ਲਈ ਨਹੀਂ ਸਗੋਂ ਧਰਮ ਦੀ ਸਥਾਪਨਾ ਲਈ ਲੜਿਆ ਸੀ। ਮਹਾਭਾਰਤ ਦੇ ਯੁੱਧ ਦਾ ਮਕਸਦ ਵੀ ਧਰਮ ਦੀ ਰੱਖਿਆ ਸੀ, ਕਿਸੇ ਦੀ ਜਿੱਤ ਜਾਂ ਹਾਰ ਨਹੀਂ। ਸ਼ਸਤਰ ਪੂਜਨ ਦਾ ਸੰਕੇਤ ਇਹ ਹੈ ਕਿ ਭਾਰਤ ਸ਼ਸਤਰਾਂ ਦੀ ਪੂਜਾ ਹੀ ਨਹੀਂ ਕਰਦਾ ਸਗੋਂ ਉਨ੍ਹਾਂ ਦੀ ਵਰਤੋਂ ਕਰਨੀ ਵੀ ਜਾਣਦਾ ਹੈ।

## ਪਾਕਿ ਦੇ ਡ੍ਰੋਨ ਸੁੱਟਣ ਵਾਲੀ ਐੱਲ-70 ਗੰਨ ਵੀ ਦੇਖੀ

ਇਸ ਮੌਕੇ ਰੱਖਿਆ ਮੰਤਰੀ ਨੇ ਫ਼ੌਜ ਮੁਖੀ ਉਪੇਂਦਰ ਦਿਵੇਦੀ ਨਾਲ ਐੱਲ-70 ਏਅਰ ਡਿਫੈਂਸ ਗੰਨ ਦਾ ਮੁਆਇਨਾ ਕੀਤਾ ਜਿਸ ਨੇ ਆਪ੍ਰੇਸ਼ਨ ਸਿੰਧੂਰ ਦੌਰਾਨ ਅਹਿਮ ਭੂਮਿਕਾ ਨਿਭਾਈ ਸੀ। ਇਸ ਦੀ ਇਕ ਮਿੰਟ ਵਿਚ 300 ਰਾਊਂਡ ਫਾਇਰ ਕਰਨ ਦੀ ਸਮਰੱਥਾ ਹੈ ਜੋ 3500 ਮੀਟਰ (ਸਾਢੇ ਤਿੰਨ ਕਿਲੋਮੀਟਰ) ਦੂਰ ਟੀਚੇ ਨੂੰ ਭੇਦ ਸਕਦੀ ਹੈ।

# ਸੁਰਜੀਤ ਰਾਮਪੁਰੀ ਦੀ ਕਾਵਿ-ਕਲਾ ਅਤੇ ਜੀਵਨ ਬਾਰੇ ਸਮਾਗਮ



*ਸੁਰਜੀਤ ਰਾਮਪੁਰੀ ਬਾਰੇ ਹੋਏ ਸਮਾਗਮ ਵਿਚ ਗੁਰਜੰਟ ਸਿੰਘ ਆਪਣੀ ਖੋਜ ਪੁਸਤਕ ਪ੍ਰਧਾਨਗੀ ਮੰਡਲ ਨੂੰ ਭੇਟ ਕਰਦੇ ਹੋਏ।*

**ਰਾਮਪੁਰ:** ਭਾਰਤੀ ਸਾਹਿਤ ਅਕਾਦੇਮੀ ਦਿੱਲੀ ਵੱਲੋਂ ਪੰਜਾਬੀ ਲਿਖਾਰੀ ਸਾਹਿਤ ਸਭਾ ਰਾਮਪੁਰ ਦੇ ਸਹਿਯੋਗ ਨਾਲ ਰਾਮਪੁਰ ਦੇ ਜੰਮਪਲ ਪੰਜਾਬੀ ਦੇ ਪ੍ਰਸਿੱਧ ਕਵੀ ਸੁਰਜੀਤ ਰਾਮਪੁਰੀ ਦੀ ਕਾਵਿ-ਕਲਾ ਅਤੇ ਜੀਵਨ ਬਾਰੇ ਇਕ ਵਿਸ਼ੇਸ਼ ਸਮਾਗਮ ਗੁਰਚਰਨ ਰਾਮਪੁਰੀ ਲਾਇਬਰੇਰੀ ਵਿਖੇ ਵਿਖੇ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਨਾਵਲਕਾਰ ਤੇ ਕਹਾਣੀਕਾਰ ਬਲਜਿੰਦਰ ਨਸਰਾਲੀ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਪੰਜਾਬੀ ਦੇ ਬਹੁਪੱਖੀ ਲੇਖਕ ਅਤੇ ਭਾਰਤੀ ਸਾਹਿਤ ਅਕਾਦੇਮੀ ਦਿੱਲੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਵੱਲੋਂ ਅਕਾਦੇਮੀ ਦੇ ਪੰਜਾਬ ਵਿਚ ਹੋਏ ਤੇ ਹੋਣ ਵਾਲੇ ਸਮਾਗਮਾਂ ਦੀ ਜਾਣਕਾਰੀ ਦੇਣ ਉਪਰੰਤ ਹੋਈ। ਸਭਾ ਦੇ ਸਰਪ੍ਰਸਤ ਜਸਵੀਰ ਝੱਜ ਨੇ ਸਭਨਾਂ ਨੂੰ ਜੀ ਆਇਆਂ ਕਿਹਾ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਪੰਜਾਬੀ ਅਕੈਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਅਤੇ ਸ਼ਾਇਰ ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਮੈਂ ਸੁਰਜੀਤ ਰਾਮਪੁਰੀ ਦਾ ਜਨੂੰਨੀ ਕਦਰਦਾਨ ਸੀ। ਦੂਰਦਰਸ਼ਨ ਜਲੰਧਰ 'ਤੇ ਸੇਵਾ ਨਿਭਾਉਂਦਿਆਂ ਮੈਂ ਸੁਰਜੀਤ ਰਾਮਪੁਰੀ ਦੇ ਚਰਚਿਤ ਗੀਤ ਜਗਜੀਤ ਜੀਰਵੀ ਤੇ ਹੋਰ ਗਾਇਕਾਂ ਦੀ ਆਵਾਜ਼ ਵਿਚ ਰਿਕਾਰਡ ਕਰਵਾਏ ਸਨ ਅਤੇ ਉਨ੍ਹਾਂ ਦੇ ਜੀਵਨ ਅਤੇ ਕਾਵਿ-ਕਲਾ ਦੇ ਆਧਾਰ 'ਤੇ ਇਕ ਡਾਕੂਮੈਂਟਰੀ ਵੀ ਬਣਾਈ। ਉਹ ਪੰਜਾਬੀ ਦੇ ਬੜੇ ਨਫੀਸ ਤੇ ਪਰਪੱਕ ਸ਼ਾਇਰ ਸਨ। ਡਾ. ਗੁਰਜੰਟ ਸਿੰਘ ਸਾਬਕਾ ਪ੍ਰਿੰਸੀਪਲ ਨੇ ਕਿਹਾ ਕਿ ਉਨ੍ਹਾਂ ਦੇ ਗੀਤਾਂ ਵਿਚ ਲੋਕ ਗੀਤਾਂ ਵਰਗੀ ਨਫ਼ਾਸਤ ਹੈ ਅਤੇ ਮਨੁੱਖੀ ਜਜ਼ਬਿਆਂ ਦੀ ਮਾਰਮਿਕ ਪੇਸ਼ਕਾਰੀ ਹੈ। ਸਾਬਕਾ ਪਿੰਸੀਪਲ ਸਮਸ਼ਾਦ ਅਲੀ ਨੇ ਸੁਰਜੀਤ ਰਾਮਪੁਰੀ ਦੇ ਚਾਰ ਚਰਚਿਤ ਗੀਤ ਸਾਜ਼ਾਂ ਨਾਲ ਪੇਸ਼ ਕੀਤੇ। ਉਨ੍ਹਾਂ ਨੇ ਰਾਮਪੁਰੀ ਦਾ ਰੇਖਾ ਚਿੱਤਰ ਵੀ ਪੜ੍ਹਿਆ। ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਰਾਮਪੁਰੀ ਦੇ ਗੀਤਾਂ ਵਿਚ ਸੰਗੀਤ ਡੁੱਲ੍ਹ -ਡੁੱਲ੍ਹ ਪੈਂਦਾ ਸੀ।ਬਲਜਿੰਦਰ ਨਸਰਾਲੀ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਅਕਾਦੇਮੀ ਵੱਲੋਂ ਪ੍ਰਸਿੱਧ ਲੇਖਕਾਂ ਦੇ ਪਿੰਡਾਂ ਵਿਚ ਜਾ ਕੇ ਸਮਾਗਮ ਕਰਨ ਦੀ ਸ਼ਲਾਘਾ ਕੀਤੀ। ਇਸ ਮੌਕੇ ਸੁਰਿੰਦਰ ਰਾਮਪੁਰੀ ਜਸਵੀਰ ਝੱਜ ਡਾਕਟਰ ਪਰਮਿੰਦਰ ਸਿੰਘ ਬੈਨੀਪਾਲ ਅਤੇ ਹੋਰ ਲੇਖਕਾਂ ਨੇ ਵੀ ਆਪਣੇ ਵਿਚਾਰ ਰੱਖੇ। ਮੰਚ 'ਤੇ ਸਭਾ ਦੇ ਪ੍ਰਧਾਨ ਗ਼ਜ਼ਲਕਾਰ ਅਮਰਿੰਦਰ ਸਿੰਘ ਸੋਹਲ ਅਤੇ ਸਰਪੰਚ ਜਸਵੰਤ ਸਿੰਘ ਮਾਂਗਟ ਵੀ ਸ਼ਾਮਲ ਹੋਏ ਅਤੇ ਸਭਨਾਂ ਦਾ ਧੰਨਵਾਦ ਵੀ ਕੀਤਾ। ਸਮਾਗਮ ਵਿਚ ਪੰਜਾਬੀ ਕਵੀ ਭਗਵਾਨ ਢਿੱਲੋਂ, ਐਸ ਨਸੀਮ, ਨਿਰੰਜਣ ਸੂਖਮ ਤੋਂ ਇਲਾਵਾ ਹੋਰ ਲੇਖਕਾਂ ਵੀ ਹਾਜ਼ਰ ਸਨ।

# ਚੋਣ ਕਮਿਸ਼ਨ ਹੁਕਮਰਾਨ ਧਿਰ ਦੇ ਹੱਥਾਂ ਦੀ 'ਕਠਪੁਤਲੀ': ਕਾਂਗਰਸ



**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਚੋਣ ਕਮਿਸ਼ਨ ਹੁਕਮਰਾਨ ਧਿਰ ਦੇ ਹੱਥਾਂ ਦੀ 'ਕਠਪੁਤਲੀ' ਹੈ ਅਤੇ ਉਸ ਨੇ ਬਿਹਾਰ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਪੜਤਾਲ (ਐੱਸ ਆਈ ਆਰ) ਭਾਜਪਾ ਤੇ ਉਸ ਦੇ ਭਾਈਵਾਲਾਂ ਨੂੰ ਲਾਹਾ ਪਹੁੰਚਾਉਣ ਦੇ ਮਕਸਦ ਨਾਲ ਕਰਵਾਈ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਇਕ ਖ਼ਬਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਮੁਈ ਦੇ ਇਕ ਘਰ 'ਚ 247 ਵੋਟਰ ਹਨ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਭਾਜਪਾ ਦੀ 'ਬੀ ਟੀਮ' ਦੀ ਬਜਾਏ ਨਿਰਪੱਖਤਾ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਬਿਹਾਰ ਦੀ ਅੰਤਿਮ ਵੋਟਰ ਸੂਚੀ 'ਚ ਕਈ ਗੜਬੜੀਆਂ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਕੱਟੇ ਗਏ ਵੋਟਰਾਂ ਦੇ ਨਾਮ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਕੁਝ ਹਲਕਿਆਂ ਦੇ ਜਿੱਤ ਦੇ ਫ਼ਰਕ ਨਾਲੋਂ ਜ਼ਿਆਦਾ ਹੈ।

# ਪਾਕਿ ਨੂੰ ਲੜਾਕੂ ਜਹਾਜ਼ਾਂ ਲਈ ਇੰਜਣ ਨਹੀਂ ਦੇ ਰਿਹਾ ਰੂਸ: ਭਾਜਪਾ



**ਨਵੀਂ ਦਿੱਲੀ:** ਭਾਜਪਾ ਆਗੂ ਅਮਿਤ ਮਾਲਵੀਆ ਨੇ ਦਾਅਵਾ ਕੀਤਾ ਕਿ ਰੂਸ ਪਾਕਿਸਤਾਨ ਨੂੰ ਉਸ ਦੇ ਜੇਐੱਫ-17 ਥੰਡਰ ਬਲਾਕ 3 ਲੜਾਕੂ ਜਹਾਜ਼ਾਂ ਲਈ ਆਰਡੀ-93ਐੱਮਏ ਇੰਜਣ ਦੀ ਸਪਲਾਈ ਨਹੀਂ ਕਰ ਰਿਹਾ। ਮਾਲਵੀਆ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇੰਜਣ ਦੀ ਸਪਲਾਈ ਦੇ ਦਾਅਵਿਆਂ ਨੂੰ ਸਮਰਥਨ ਦੇਣ ਲਈ ਕੋਈ ਅਧਿਕਾਰਤ ਪੁਸ਼ਟੀ ਜਾਂ ਭਰੋਸੇਯੋਗ ਜਾਣਕਾਰੀ ਨਹੀਂ ਹੈ। ਭਾਜਪਾ ਆਗੂ ਨੇ ਕਾਂਗਰਸ ਦੇ ਮੁੱਖ ਸਕੱਤਰ ਜੈਰਾਮ ਰਮੇਸ਼ 'ਤੇ ਇਕ ਮੀਡੀਆ ਸੰਸਥਾ ਦੁਆਰਾ ਪ੍ਰਕਾਸ਼ਿਤ ਖ਼ਬਰ ਦਾ ਹਵਾਲਾ ਦੇ ਕੇ ਲਾਪਰਵਾਹ ਸੂਚਨਾ ਜੰਗ ਫੈਲਾਉਣ ਦਾ ਦੋਸ਼ ਲਗਾਇਆ। ਇਸ ਖ਼ਬਰ ਵਿਚ ਇਕ ਅਜਿਹੀ ਵੈੱਬਸਾਈਟ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਨੂੰ ਬਹੁਤੇ ਲੋਕ ਨਹੀਂ ਜਾਣਦੇ ਤੇ ਜੋ ਪਾਕਿਸਤਾਨ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਮਸ਼ਹੂਰ ਹੈ।

# ਐੱਚ-1ਬੀ ਵੀਜ਼ਿਆਂ ਲਈ ਇਕ ਲੱਖ ਡਾਲਰ ਦੀ ਫੀਸ ਖ਼ਿਲਾਫ਼ ਕੇਸ

**ਸਿਆਟਲ:** ਅਮਰੀਕਾ ਵਿੱਚ ਐੱਚ-1ਬੀ ਵੀਜ਼ਾ ਅਰਜ਼ੀਆਂ ਲਈ 1,00,000 ਡਾਲਰ ਦੀ ਫੀਸ ਖ਼ਿਲਾਫ਼ ਸਿਹਤ ਸੰਭਾਲ ਪ੍ਰੋਵਾਈਡਰਾਂ, ਧਾਰਮਿਕ ਸਮੂਹਾਂ, ਯੂਨੀਵਰਸਿਟੀ ਪ੍ਰੋਫੈਸਰਾਂ ਅਤੇ ਹੋਰਾਂ ਦੇ ਧੜੇ ਨੇ ਸ਼ੁੱਕਰਵਾਰ ਨੂੰ ਸੰਘੀ ਅਦਾਲਤ ਵਿੱਚ ਕੇਸ ਦਾਖ਼ਲ ਕੀਤਾ ਹੈ। ਅਦਾਲਤ ਤੋਂ ਮੰਗ ਕੀਤੀ ਗਈ ਹੈ ਕਿ ਟਰੰਪ ਦੇ ਆਦੇਸ਼ 'ਤੇ ਤੁਰੰਤ ਰੋਕ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਦੀ ਇਸ ਯੋਜਨਾ ਨੇ ਕਰਮਚਾਰੀਆਂ, ਕਾਮਿਆਂ ਅਤੇ ਸੰਘੀ ਏਜੰਸੀਆਂ ਲਈ ਦੁਚਿੱਤੀ ਵਾਲਾ ਮਾਹੌਲ ਪੈਦਾ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਨਵੇਂ ਐੱਚ-1ਬੀ ਵਰਕਿੰਗ ਵੀਜ਼ਾ ਲਈ 1,00,000 ਡਾਲਰ ਦੀ ਇੱਕਮੁਸ਼ਤ ਫੀਸ ਦਾ ਐਲਾਨ ਕੀਤਾ ਹੈ।




# ਨੈਸ਼ਨਲ ਗਾਰਡ ਦੀ ਤਾਇਨਾਤੀ ਵਾਲੇ ਟਰੰਪ ਦੇ ਹੁਕਮ 'ਤੇ ਰੋਕ



**ਪੋਰਟਲੈਂਡ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੋਰਟ ਤੋਂ ਇਕ ਹੋਰ ਝਟਕਾ ਲੱਗਾ ਹੈ। ਓਰੇਗਨ ਦੇ ਇਕ ਸੰਘੀ ਜੱਜ ਨੇ ਪ੍ਰਸ਼ਾਸਨ ਨੂੰ ਪੋਰਟਲੈਂਡ 'ਚ ਨੈਸ਼ਨਲ ਗਾਰਡ ਤਾਇਨਾਤ ਕਰਨ ਤੋਂ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਅਮਰੀਕੀ ਜ਼ਿਲ੍ਹਾ ਜਸਟਿਸ ਕਰਿਨ ਇਮਰਗੁਟ ਨੇ ਮੁਕੱਦਮੇ 'ਚ ਅੱਗੇ ਦੀ ਬਹਿਸ ਲੰਬਿਤ ਰਹਿਣ ਤੱਕ ਇਹ ਹੁਕਮ ਜਾਰੀ ਕੀਤਾ ਹੈ।

ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਤਾਇਨਾਤੀ ਅਮਰੀਕੀ ਸੰਵਿਧਾਨ ਦੇ ਨਾਲ ਨਾਲ ਉਸ ਸੰਘੀ ਕਾਨੂੰਨ ਦੀ ਵੀ ਉਲੰਘਣਾ ਕਰੇਗੀ, ਜੋ .ਜੋ ਆਮ ਤੌਰ 'ਤੇ ਘਰੇਲੂ ਕਾਨੂੰਨਾਂ ਨੂੰ ਲਾਗੂ ਕਰਨ ਲਈ ਫ਼ੌਜ ਦੀ ਵਰਤੋਂ 'ਤੇ ਰੋਕ ਲਗਾਉਂਦਾ ਹੈ। ਇਸ ਤੋਂ ਪਹਿਲਾਂ ਬੋਸਟਨ ਦੀ ਸੰਘੀ ਅਪੀਲ ਅਦਾਲਤ ਨੇ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਦੇਸ਼ 'ਚ ਨਾਜਾਇਜ਼ ਤੌਰ 'ਤੇ ਜਾਂ ਅਸਥਾਈ ਤੌਰ 'ਤੇ ਰਹਿ ਰਹੇ ਲੋਕਾਂ ਦੇ ਪੈਦਾ ਹੋਏ ਬੱਚਿਆਂ ਦਾ ਨਾਗਰਿਕਤਾ ਨਹੀਂ ਖੋਹ ਸਕਦੇ। ਇਮਰਗੁਟ ਨੇ ਲਿਖਿਆ ਕਿ ਇਹ ਮਾਮਲਾ ਤਿੰਨ ਮੁੱਢਲੇ ਲੋਕਤੰਤਰਿਕ ਸਿਧਾਂਤਾਂ ਦੇ ਅੰਤਰਸਬੰਧ ਨਾਲ ਜੁੜਿਆ ਹੈ। ਸੰਘੀ ਸਰਕਾਰ ਤੇ ਸੂਬਿਆਂ ਦੇ ਵਿਚਾਲੇ ਸਬੰਧ, ਫ਼ੌਜ ਤੇ ਘਰੇਲੂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਚਾਲੇ ਸਬੰਧ ਤੇ ਸਰਕਾਰ ਦੀ ਕਾਰਜਪਾਲਿਕਾ, ਵਿਧਾਨਕ ਤੇ ਨਿਆਇਕ ਸ਼ਾਖਾਵਾਂ ਵਿਚਾਲੇ ਤਾਕਤਾਂ ਦਾ ਸੰਤੁਲਨ, ਅਸੀਂ ਇਨ੍ਹਾਂ ਤਿੰਨ ਸਬੰਧਾਂ ਦੇ ਸਬੰਧ 'ਚ ਸੰਵਿਧਾਨ ਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ ਜਾਂ ਨਹੀਂ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਮਰੀਕਾ 'ਚ ਕਾਨੂੰਨ ਦੇ ਸ਼ਾਸਨ ਦੇ ਤਹਿਤ ਰਹਿਣ ਦਾ ਕੀ ਅਰਥ ਹੈ। ਆਮ ਤੌਰ 'ਤੇ ਰਾਸ਼ਟਰਪਤੀ ਨੂੰ ਉਨ੍ਹਾਂ ਹਾਲਾਤ 'ਚ ਨੈਸ਼ਨਲ ਗਾਰਡ ਤਾਇਨਾਤ ਕਰਨ ਦੀ ਤਾਕਤ ਹੈ, ਜਿਥੇ ਰੈਗੂਲਰ ਕਾਨੂੰਨ ਲਾਗੂ ਕਰਨ ਕਰਨ ਵਾਲੇ ਬਲ ਅਮਰੀਕਾ ਦੇ ਕਾਨੂੰਨਾਂ ਦੀ ਪਾਲਣਾ ਕਰਨ 'ਚ ਸਮਰੱਥ ਨਹੀਂ ਹੁੰਦੇ ਪਰ ਪੋਰਟਲੈਂਡ 'ਚ ਅਜਿਹਾ ਨਹੀਂ ਹੋਇਆ ਹੈ।

# ਜਾਂਚ ਹੋਣ ਤੱਕ ਜੇਲ੍ਹ 'ਚ ਰਹਿਣ ਲਈ ਹਾਂ ਤਿਆਰ: ਵਾਂਗਚੁਕ



**ਜੈਪੁਰ:** ਰਾਜਸਥਾਨ ਦੀ ਜੋਧਪੁਰ ਸੈਂਟਰਲ ਜੇਲ ਵਿਚ ਬੰਦ ਜਨਤਕ ਕਾਰਕੁੰਨ ਸੋਨਮ ਵਾਂਗਚੁਕ ਨੇ ਵੱਡੇ ਭਰਾ ਦੇ ਜ਼ਰੀਏ ਨਾਲ ਲੇਹ ਵਿਚ ਹੋਈ ਹਿੰਸਾ ਵਿਚ ਚਾਰ ਜਣਿਆਂ ਦੀ ਮੌਤ ਦੀ ਆਜ਼ਾਦਾਨਾ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਜਾਂਚ ਨਹੀਂ ਹੁੰਦੀ, ਉਦੋਂ ਤੱਕ ਜੇਲ੍ਹ ਵਿਚ ਰਹਿਣ ਲਈ ਤਿਆਰ ਹਾਂ। ਵਾਂਗਚੁਕ ਦੇ ਵੱਡੇ ਵੀਰ ਤਸੇਤਨ ਦੋਰਜੇ ਤੇ ਉਨ੍ਹਾਂ ਦੇ ਵਕੀਲ ਮੁਸਤਫ਼ਾ ਹਾਜੀ ਖ਼ਾਸ ਪ੍ਰਵਾਨਗੀ ਤਹਿਤ ਸ਼ਨਿੱਚਰਵਾਰ ਨੂੰ ਜੇਲ੍ਹ ਵਿਚ ਉਨ੍ਹਾਂ ਨੂੰ ਮਿਲੇ।

ਵਕੀਲ ਮੁਸਤਫ਼ਾ ਨੇ ਸੋਨਮ ਵਾਂਗਚੁਕ ਦੇ ਸੰਦੇਸ਼ ਨੂੰ ਇੰਟਰਨੈੱਟ ਮੀਡੀਆ ਐਕਸ 'ਤੇ ਸਾਂਝਾ ਕੀਤਾ ਹੈ। ਵਕੀਲ ਮੁਤਾਬਕ ਵਾਂਗਚੁੱਕ ਮਾਨਸਿਕ ਤੇ ਸਰੀਰਕ ਪੱਖੋਂ ਸਿਹਤਮੰਦ ਹਨ।ਉਨ੍ਹਾਂ ਨੇ ਹਿੰਸਾ ਵਿਚ ਜਾਨ ਗਵਾਉਣ ਵਾਲੇ ਪਰਿਵਾਰਾਂ ਪ੍ਰਤੀ ਹਮਦਰਦੀ ਜ਼ਾਹਰ ਕੀਤੀ ਹੈ।ਵਾਂਗਚੁਕ ਦੀ ਬੀਵੀ ਗੀਤਾਂਜਲੀ ਜੇ.ਅੰਗਮੋ ਨੇ ਪਤੀ ਦੀ ਰਿਹਾਈ ਦੀ ਮੰਗ ਕਰਦੇ ਹੋਏ ਸਰਬਉੱਚ ਅਦਾਲਤ ਦਾ ਰੁਖ਼ ਕੀਤਾ ਹੈ।

# ਚੁੱਪ ਦੀ ਚਾਦਰ ਤੇ ਸਿਆਸਤ ਦੇ ਨਵੇਂ ਨੇਮ

**ਲੋਕਤੰਤਰ 'ਚ 'ਸਵਾਲ' ਹੀ ਤਾਂ ਸਭ ਤੋਂ ਅਹਿਮ ਹੁੰਦੇ ਹਨ ਅਤੇ ਲੋਕਾਂ ਪ੍ਰਤੀ ਜਵਾਬਦੇਹੀ ਤੋਂ ਭੱਜਿਆ ਨਹੀਂ ਜਾ ਸਕਦਾ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਵਿਰੋਧੀ ਧਿਰ ਦੇ ਆਗੂ ਵੱਲੋਂ ਤੱਥ ਆਧਾਰਿਤ ਉਦਾਹਰਨਾਂ ਦੇ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ ਜਾਂ 'ਸਵਾਲ ਖੜ੍ਹੇ ਕਰ ਕੇ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ' ਇਸ ਨਵੀਂ ਧਾਰਨਾ ਨੂੰ ਅਪਣਾਉਂਦਿਆਂ ਚੋਣ ਕਮਿਸ਼ਨ ਵੱਲੋਂ 'ਚੁੱਪ ਦੀ ਚਾਦਰ' ਵਲੇਟ ਲਈ ਜਾਵੇਗੀ'?**

ਪਿਛਲੇ ਕੁਝ ਸਾਲਾਂ ਤੋਂ ਇੱਕ ਖਾਸ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ ਕਿ ਸਿਆਸਤਦਾਨ ਕਿਸੇ ਵੀ ਮਸਲੇ ਬਾਰੇ ਪੁੱਛੇ ਸਵਾਲਾਂ ਨੂੰ ਆਪਣੇ ਬਿਆਨਾਂ ਨਾਲ ਇਉਂ ਭਟਕਾਉਂਦੇ ਹਨ ਕਿ ਬਿਆਨਾਂ ਦੇ ਭੇੜ 'ਚ ਬੁਨਿਆਦੀ ਸਵਾਲ ਕਿਤੇ ਦਬ ਕੇ ਰਹਿ ਜਾਂਦੇ ਹਨ। ਅਜਿਹਾ ਹੀ ਕੁਝ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੱਲੋਂ 18 ਸਤੰਬਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ, ਜਿਸ ਵਿਚ ਚੋਣ ਕਮਿਸ਼ਨ ਵੱਲੋਂ



**ਅਰਵਿੰਦਰ ਜੌਹਲ**

ਵੋਟਾਂ ਕੱਟਣ ਦੀ ਪ੍ਰਕਿਰਿਆ 'ਤੇ ਸਵਾਲ ਉਠਾਏ ਗਏ, ਮਗਰੋਂ ਵਾਪਰਿਆ ਹੈ। ਇਸ ਨਾਲ ਚੋਣ ਕਮਿਸ਼ਨ ਇੱਕ ਵਾਰ ਫਿਰ ਵਿਵਾਦਾਂ 'ਚ ਘਿਰ ਗਿਆ ਹੈ। ਖ਼ੈਰ, ਇਸ ਵਾਰੀ ਚੋਣ ਕਮਿਸ਼ਨ ਦੇ ਪ੍ਰਤੀਕਰਮ 'ਚ ਵੱਡਾ ਫ਼ਰਕ ਹੈ। ਜਿੱਥੇ ਪਿਛਲੀ ਵਾਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਬਾਕਾਇਦਾ ਪ੍ਰੈੱਸ ਕਾਨਫਰੰਸ ਕਰ ਕੇ ਰਾਹੁਲ ਗਾਂਧੀ ਨੂੰ ਉਨ੍ਹਾਂ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਸੱਤ ਦਿਨਾਂ ਅੰਦਰ ਹਲਫ਼ਨਾਮਾ ਦੇਣ ਦੀ ਚੁਣੌਤੀ ਦਿੰਦਿਆਂ ਆਖਿਆ ਸੀ ਕਿ 'ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਹ ਦੇਸ਼ ਤੋਂ ਮੁਆਫ਼ੀ ਮੰਗਣ, ਇਸ ਤੋਂ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਬਦਲ ਨਹੀਂ ਹੈ' ਪਰ ਇਸ ਵਾਰ ਚੋਣ ਕਮਿਸ਼ਨ ਨੇ ਆਪਣੀ ਵੈੱਬਸਾਈਟ 'ਤੇ ਇੱਕ ਬਿਆਨ ਨਾਲ ਹੀ ਸਾਰ ਲਿਆ। ਇਸ 'ਚ ਕਿਹਾ ਗਿਆ ਕਿ ਵੋਟਾਂ ਕੱਟਣ ਦਾ ਅਮਲ ਆਨਲਾਈਨ ਨਹੀਂ ਹੋ ਸਕਦਾ (ਜਦੋਂਕਿ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ 26 ਦਸੰਬਰ 2019 ਨੂੰ ਕੀਤੇ ਟਵੀਟ 'ਚ ਕਿਹਾ ਗਿਆ ਸੀ ਕਿ ਵੋਟ ਕਟਵਾਉਣ ਲਈ ਫਾਰਮ-7 ਔਨਲਾਈਨ ਭਰਿਆ ਜਾ ਸਕਦਾ ਹੈ) ਅਤੇ ਦੂਜਾ ਇਹ ਕਿ ਆਲੰਦ ਸੀਟ, ਜਿਸ ਦਾ ਵੇਰਵੇ ਨਾਲ ਜ਼ਿਕਰ ਇਸ ਪ੍ਰੈੱਸ ਕਾਨਫਰੰਸ 'ਚ ਕੀਤਾ ਗਿਆ ਸੀ, ਬਾਰੇ ਐੱਫ ਆਈ ਆਰ ਚੋਣ ਕਮਿਸ਼ਨ ਵੱਲੋਂ ਹੀ ਦਰਜ ਕਰਵਾਈ ਗਈ ਸੀ। ਇਸ ਤੋਂ ਇਲਾਵਾ ਮੋਟੇ ਤੌਰ 'ਤੇ ਚੋਣ ਕਮਿਸ਼ਨ ਨੇ ਖ਼ਾਮੋਸ਼ੀ ਹੀ ਅਖ਼ਤਿਆਰ ਕੀਤੀ ਹੋਈ ਹੈ। ਹਾਲਾਂਕਿ, ਪਿਛਲੀ ਵਾਰ ਮੁੱਖ ਚੋਣ ਕਮਿਸ਼ਨਰ ਨੇ ਵੋਟਰਾਂ ਦੀ ਵੀਡੀਓ ਫੁਟੇਜ ਮੰਗੇ ਜਾਣ ਦੇ ਜਵਾਬ 'ਚ ਦਲੀਲ ਦਿੱਤੀ ਸੀ ਕਿ ਮਾਤਾਵਾਂ, ਭੈਣਾਂ ਦੀ ਵੀਡੀਓ ਕਿਵੇਂ ਜਾਰੀ ਕੀਤੀ ਜਾ ਸਕਦੀ ਹੈ? ਇਸ ਨਾਲ ਤਾਂ ਉਨ੍ਹਾਂ ਦੀ ਨਿੱਜਤਾ ਦੀ ਉਲੰਘਣਾ ਹੋਵੇਗੀ। ਇਸ ਵਾਰ ਉਪ-ਰਾਸ਼ਟਰਪਤੀ ਦੀ ਚੋਣ ਮੌਕੇ ਮਹਿਲਾ ਸੰਸਦ ਮੈਂਬਰਾਂ ਵੱਲੋਂ ਵੋਟਾਂ ਪਾਉਣ ਦੀਆਂ ਤਸਵੀਰਾਂ ਜਾਰੀ ਹੋਣ ਮਗਰੋਂ ਸੋਸ਼ਲ ਮੀਡੀਆ 'ਤੇ ਮੁੱਖ ਚੋਣ ਕਮਿਸ਼ਨਰ ਨੂੰ ਸਵਾਲ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਦੇ ਹੁੰਦਿਆਂ ਇਹ ਤਸਵੀਰਾਂ ਜਨਤਕ ਕਰ ਕੇ ਮਾਤਾਵਾਂ, ਭੈਣਾਂ ਦੀ ਨਿੱਜਤਾ ਦਾ ਉਲੰਘਣ ਕਿਵੇਂ ਹੋਇਆ ਹੈ? ਮੁੱਖ ਚੋਣ ਕਮਿਸ਼ਨਰ ਦੀਆਂ ਅਜਿਹੀਆਂ ਦਲੀਲਾਂ ਹਮੇਸ਼ਾ ਲਈ ਇਤਿਹਾਸ 'ਚ ਦਰਜ ਹੋ ਗਈਆਂ ਨੇ, ਜੋ ਭਵਿੱਖ ਵਿੱਚ ਵੱਖ ਵੱਖ ਮੌਕਿਆਂ 'ਤੇ ਵਾਰ ਵਾਰ ਉਨ੍ਹਾਂ ਦੇ ਸਾਹਮਣੇ ਆਉਂਦੀਆਂ ਰਹਿਣਗੀਆਂ।

ਖ਼ੈਰ, ਇਸ ਵਾਰੀ ਰਾਹੁਲ ਗਾਂਧੀ ਵੱਲੋਂ ਵੱਡਾ ਸਵਾਲ ਕਰਨਾਟਕ ਦੀ ਆਲੰਦ ਸੀਟ ਬਾਰੇ ਉਠਾਇਆ ਗਿਆ ਸੀ। ਵੋਟਾਂ ਦੇ ਫ਼ਰਜ਼ੀਵਾੜੇ 'ਚ ਜਿੱਥੇ ਪਿਛਲੀ ਵਾਰ ਕਰਨਾਟਕ ਦੀ ਮਹਾਦੇਵਪੁਰਾ ਸੀਟ, ਜਿੱਥੇ 6 ਲੱਖ ਵੋਟਰ ਸਨ, ਉੱਥੇ 1,00,250 ਵੋਟਰ ਫ਼ਰਜ਼ੀ ਜੋੜੇ ਜਾਣ ਦਾ ਦੋਸ਼ ਲਾਇਆ ਗਿਆ ਸੀ ਪਰ ਇਸ ਵਾਰ ਮਾਮਲਾ ਵੋਟਾਂ ਕੱਟਣ ਦਾ ਸੀ। ਇਨ੍ਹਾਂ ਵਿਚ ਸਭ ਤੋਂ ਵੱਧ ਗੰਭੀਰ ਦੋਸ਼ ਇਹ ਹੈ ਕਿ ਵੋਟਰਾਂ ਦੇ ਨਾਂ ਕੱਟ ਕੇ ਜਾਂ ਜੋੜ ਕੇ ਇਹ ਵੋਟ ਚੋਰੀ ਕੌਮੀ ਪੱਧਰ 'ਤੇ ਹੋ ਰਹੀ ਹੈ ਅਤੇ ਇਸ ਲਈ ਨੈਸ਼ਨਲ ਨੈੱਟਵਰਕ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਵਾਰ ਰਾਹੁਲ ਗਾਂਧੀ ਵੱਲੋਂ ਚੋਣ ਕਮਿਸ਼ਨ 'ਤੇ ਵੀ ਸਪੱਸ਼ਟ ਦੋਸ਼ ਲਾਇਆ ਜਾ ਰਿਹਾ ਹੈ ਕਿ ਉਸ ਦੀ ਸ਼ਹਿ 'ਤੇ ਹੀ ਦੇਸ਼ ਭਰ 'ਚ ਵੋਟ ਚੋਰੀ ਹੋ ਰਹੀ ਹੈ।

ਕਰਨਾਟਕ ਦੀ ਜਿਸ ਆਲੰਦ ਸੀਟ ਦਾ ਜ਼ਿਕਰ ਇਸ ਪ੍ਰੈੱਸ ਕਾਨਫਰੰਸ 'ਚ ਹੋਇਆ ਸੀ, ਅਸਲ 'ਚ ਇਹ ਹਲਕਾ ਤਿਲੰਗਾਨਾ ਦੀ ਸਰਹੱਦ ਨਾਲ ਲੱਗਦਾ ਹੈ। ਇਸ ਸੀਟ 'ਤੋਂ ਕਾਂਗਰਸ ਦੇ ਉਮੀਦਵਾਰ ਬੀ ਆਰ ਪਾਟਿਲ ਪਿਛਲੀ ਵਿਧਾਨ ਸਭਾ ਚੋਣ ਸਿਰਫ਼ 500 ਵੋਟਾਂ ਦੇ ਫ਼ਰਕ ਨਾਲ ਹਾਰ ਗਏ, ਜਦੋਂਕਿ 2023 ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਸਭ ਨੂੰ ਪਾਟਿਲ ਦੇ ਹੀ ਜਿੱਤਣ ਦੀ ਉਮੀਦ ਸੀ। ਆਲੰਦ ਸੀਟ ਦੇ ਮਾਮਲੇ ਦਾ ਖੁਲਾਸਾ ਉਦੋਂ ਹੋਇਆ ਜਦੋਂ ਇਨ੍ਹਾਂ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਚੋਣ ਕਮਿਸ਼ਨ ਕੋਲ 6,000 ਲੋਕਾਂ ਦੇ ਨਾਂ ਕੱਟਣ ਲਈ ਆਨਲਾਈਨ ਅਰਜ਼ੀਆਂ ਆਈਆਂ, ਜਿਸ ਮਗਰੋਂ ਇਸ ਸਬੰਧੀ ਢੁਕਵੀਂ ਪ੍ਰਕਿਰਿਆ ਤਹਿਤ ਚੋਣ ਕਮਿਸ਼ਨ ਵੱਲੋਂ ਨੋਟਿਸ ਅਤੇ ਸੁਣਵਾਈ ਦਾ ਅਮਲ ਸ਼ੁਰੂ ਹੋ ਗਿਆ। ਹੋਇਆ ਇਹ ਕਿ ਇੱਕ ਬੀ ਐੱਲ ਓ (ਬਲਾਕ ਲੈਵਲ ਅਫ਼ਸਰ) ਦੇ ਚਾਚੇ ਦੀ ਵੋਟ ਕੱਟਣ ਲਈ ਵੀ



ਆਨਲਾਈਨ ਅਰਜ਼ੀ ਆਈ ਹੋਈ ਸੀ। ਉਸ ਨੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਉਸ ਦੇ ਚਾਚੇ ਦੀ ਵੋਟ ਕੌਣ ਕਟਵਾ ਰਿਹਾ ਹੈ, ਕਿਉਂਕਿ ਉਸ ਦਾ ਚਾਚਾ ਨਾ ਤਾਂ ਉਹ ਜਗ੍ਹਾ ਛੱਡ ਕੇ ਕਿਧਰੇ ਗਿਆ ਹੈ ਅਤੇ ਨਾ ਹੀ ਉਸ ਦੀ ਵੋਟ ਕੱਟੇ ਜਾਣ ਦਾ ਕੋਈ ਹੋਰ ਕਾਰਨ ਬਣਦਾ ਹੈ। ਜਾਂਚ ਕਰਨ 'ਤੇ ਪਤਾ ਲੱਗਿਆ ਕਿ ਉਨ੍ਹਾਂ ਦੇ ਕਿਸੇ ਗੁਆਂਢੀ ਵੱਲੋਂ ਇਹ ਅਰਜ਼ੀ ਦਿੱਤੀ ਗਈ ਸੀ। ਉਸ ਨੇ ਜਦੋਂ ਗੁਆਂਢੀ ਕੋਲੋਂ ਜਾ ਕੇ ਇਸ ਦਾ ਕਾਰਨ ਪੁੱਛਿਆ ਤਾਂ ਗੁਆਂਢੀ ਨੇ ਕਿਹਾ ਕਿ ਉਸ ਨੇ ਨਾ ਤਾਂ ਕੋਈ ਅਜਿਹੀ ਅਰਜ਼ੀ ਦਿੱਤੀ ਹੈ ਅਤੇ ਨਾ ਹੀ ਉਸ ਨੂੰ ਇਸ ਬਾਰੇ ਕੋਈ ਜਾਣਕਾਰੀ ਹੈ; ਕਿਸੇ ਨੇ ਉਸ ਦਾ ਨਾਂ ਵਰਤਿਆ ਹੈ। ਰੌਲਾ ਪੈਣ ਮਗਰੋਂ ਇਹ ਗੱਲ ਸਾਹਮਣੇ ਆਈ ਕਿ ਜਿਹੜੀਆਂ 6,000 ਵੋਟਾਂ ਕੱਟਣ ਲਈ ਅਰਜ਼ੀਆਂ ਆਈਆਂ ਸਨ, ਉਨ੍ਹਾਂ 'ਚ ਬਹੁਗਿਣਤੀ ਕਾਂਗਰਸੀ ਵੋਟਰਾਂ ਦੇ ਨਾਂ ਕੱਟਣ ਸਬੰਧੀ ਸਨ। ਫਿਰ ਇਹ ਮਾਮਲਾ ਕਾਂਗਰਸੀ ਉਮੀਦਵਾਰ ਬੀ ਆਰ ਪਾਟਿਲ ਤੱਕ ਜਾ ਪੁੱਜਿਆ। ਉਨ੍ਹਾਂ ਬੰਗਲੂਰੂ 'ਚ ਸੂਬਾਈ ਚੋਣ ਕਮਿਸ਼ਨ ਕੋਲ ਵੋਟਾਂ ਕੱਟਣ ਲਈ ਆਈਆਂ ਅਰਜ਼ੀਆਂ ਦਾ ਮਾਮਲਾ ਉਠਾਇਆ। ਜਦੋਂ ਮਾਮਲੇ ਦੀ ਜਾਂਚ ਹੋਈ ਤਾਂ ਇਹ ਗੱਲ ਸਾਹਮਣੇ ਆਈ ਕਿ ਇਹ ਅਰਜ਼ੀਆਂ ਅਤੇ ਸ਼ਿਕਾਇਤਾਂ ਝੂਠੀਆਂ ਸਨ। ਪਾਟਿਲ ਉਸ ਹਲਕੇ ਤੋਂ ਚੋਣ ਜਿੱਤ ਗਏ। ਕਾਂਗਰਸ ਦੀ ਸਰਕਾਰ ਉੱਥੇ ਸੱਤਾ 'ਚ ਆ ਗਈ ਤੇ ਉਸ ਮਗਰੋਂ ਪਾਟਿਲ ਨੇ ਇਸ ਫ਼ਰਜ਼ੀਵਾੜੇ ਬਾਰੇ ਦਬਾਅ ਪਾ ਕੇ ਐੱਫ ਆਈ ਆਰ ਦਰਜ ਕਰਵਾਈ ਅਤੇ ਮਾਮਲੇ ਦੀ ਜਾਂਚ ਸੀ ਆਈ ਡੀ ਨੂੰ ਸੌਂਪ ਦਿੱਤੀ ਗਈ। ਇਸ ਦੌਰਾਨ ਜਦੋਂ ਜਾਂਚਕਰਤਾ ਵੋਟ ਕਟਵਾਉਣ ਵਾਸਤੇ ਅਰਜ਼ੀਆਂ ਦੇਣ ਵਾਲਿਆਂ ਤੱਕ ਪੁੱਜੇ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਤਾਂ ਕਦੇ ਕੋਈ ਅਜਿਹੀ ਅਰਜ਼ੀ ਦਿੱਤੀ ਹੀ ਨਹੀਂ। ਇਨ੍ਹਾਂ ਅਰਜ਼ੀਆਂ ਲਈ ਨਾਲ ਫੋਨ ਨੰਬਰ ਦੇਣਾ ਪੈਂਦਾ ਹੈ। ਜਦੋਂ ਅੱਗੇ ਜਾਂਚ ਕੀਤੀ ਗਈ ਤਾਂ ਪਤਾ ਲੱਗਿਆ ਕਿ ਸਾਰੇ ਫੋਨ ਨੰਬਰ ਅਤੇ ਹੋਰ ਵੇਰਵੇ ਵੀ ਫ਼ਰਜ਼ੀ ਸਨ। ਜਾਂਚ ਇਸ ਪੜਾਅ ਤੱਕ ਪੁੱਜਣ ਮਗਰੋਂ ਚੋਣ ਕਮਿਸ਼ਨ ਤੋਂ ਆਈ ਪੀ ਐਡਰੈਸ ਅਤੇ ਕਿਸ ਡਿਵਾਈਸ ਤੋਂ ਇਹ ਫ਼ਰਜ਼ੀ ਅਰਜ਼ੀ ਦਿੱਤੀ ਗਈ, ਉਸ ਦੀ ਮੰਗ ਕੀਤੀ ਜਾ ਰਹੀ ਹੈ।

ਕਰਨਾਟਕ ਸੀ ਆਈ ਡੀ ਪਿਛਲੇ 18 ਮਹੀਨਿਆਂ ਦੌਰਾਨ 18 ਵਾਰ ਚੋਣ ਕਮਿਸ਼ਨ ਤੋਂ ਇਸ ਦੇ ਵੇਰਵੇ ਮੰਗ ਚੁੱਕੀ ਹੈ। ਇਹ ਸਾਰੀ ਜਾਣਕਾਰੀ ਕੇਂਦਰੀ ਚੋਣ ਕਮਿਸ਼ਨ ਦੇ ਸਰਵਰ 'ਤੇ ਮੌਜੂਦ ਹੈ ਕਿ ਵੋਟ ਕਟਵਾਉਣ ਲਈ ਫ਼ਰਜ਼ੀ ਅਰਜ਼ੀਆਂ ਕਿਸ ਆਈ ਪੀ ਐਪ ਦੇ ਕਿਸ ਡੈਸਟੀਨੇਸ਼ਨ ਆਈ ਪੀ ਤੋਂ ਆਈਆਂ ਸਨ ਕਿਉਂਕਿ ਇਸ ਲਈ ਓ ਟੀ ਪੀ ਲੈਣਾ ਪੈਂਦਾ ਹੈ। ਓ ਟੀ ਪੀ ਪ੍ਰੋਸੈੱਸ ਕਿਵੇਂ ਹੋਇਆ ਅਤੇ ਉਹ ਡਿਵਾਈਸ ਕੀ ਸੀ, ਕੰਪਿਊਟਰ ਸੀ ਜਾਂ ਲੈਪਟੌਪ, ਜਿਸ ਨਾਲ ਇਸ ਅਮਲ ਨੂੰ ਅੰਜਾਮ ਦਿੱਤਾ ਗਿਆ ਪਰ ਇਹ ਜਾਣਕਾਰੀਆਂ ਦਿੱਤੀਆਂ ਨਹੀਂ ਜਾ ਰਹੀਆਂ। ਕਰਨਾਟਕ ਚੋਣ ਕਮਿਸ਼ਨ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਥਾਂਇਹ ਕਹਿ ਕੇ ਸਾਰ ਦਿੱਤਾ ਕਿ ਇਨ੍ਹਾਂ ਛੇ ਹਜ਼ਾਰ ਵੋਟਰਾਂ ਦੇ ਨਾਂ ਡਿਲੀਟ ਨਹੀਂ ਹੋਣਗੇ। ਇਸ ਮਗਰੋਂ ਸਿਰਫ਼ ਐੱਫ ਆਈ ਆਰ ਕਰਵਾ ਕੇ ਅੱਗੇ ਕੋਈ ਕਾਰਵਾਈ ਨਹੀਂ ਕੀਤੀ। ਆਪਣੇ ਬਚਾਅ 'ਚ ਹੁਣ ਇਹੀ ਦਲੀਲ ਚੋਣ ਕਮਿਸ਼ਨ ਵੱਲੋਂ ਦਿੱਤੀ ਜਾ ਰਹੀ ਹੈ ਕਿ ਉਸ ਨੇ ਤਾਂ ਖ਼ੁਦ ਇਸ ਮਾਮਲੇ 'ਚ ਐੱਫ ਆਈ ਆਰ ਦਰਜ ਕਰਵਾਈ ਹੈ। ਉਧਰ ਕੇਂਦਰੀ ਚੋਣ ਕਮਿਸ਼ਨ ਤੋਂ ਇਸ ਸਬੰਧੀ ਵੇਰਵੇ ਨਾ ਮਿਲਣ ਕਰਕੇ ਕਰਨਾਟਕ ਸੀ ਆਈ ਡੀ ਦੀ ਜਾਂਚ ਰੁਕੀ ਹੋਈ ਹੈ।

ਇਨ੍ਹਾਂ ਸਾਰੇ ਸਵਾਲਾਂ 'ਚ ਘਿਰਨ ਮਗਰੋਂ ਕੇਂਦਰੀ ਮੁੱਖ ਚੋਣ ਕਮਿਸ਼ਨਰ ਨੇ ਤਾਂ ਲਗਪਗ ਖ਼ਾਮੋਸ਼ੀ ਹੀ ਅਖ਼ਤਿਆਰ ਕਰੀ ਰੱਖੀ ਹੈ ਪਰ ਕਰਨਾਟਕ ਸੀ ਆਈ ਡੀ ਦੀਆਂ 18 ਚਿੱਠੀਆਂ ਜਨਤਕ ਹੋਣ ਮਗਰੋਂ ਉੱਠ ਰਹੇ ਸਵਾਲਾਂ ਦੇ ਸੰਦਰਭ 'ਚ ਕਰਨਾਟਕ ਦੇ ਮੁੱਖ ਚੋਣ ਕਮਿਸ਼ਨਰ ਨੇ ਇੱਕ ਪੋਸਟ ਪਾ ਕੇ ਸਪੱਸ਼ਟ ਕੀਤਾ ਕਿ ਇਸ ਮਾਮਲੇ 'ਚ 21 ਫਰਵਰੀ 2023 ਨੂੰ ਐੱਫ ਆਈ ਆਰ ਚੋਣ ਕਮਿਸ਼ਨ ਨੇ ਹੀ ਦਰਜ ਕਰਵਾਈ ਸੀ ਅਤੇ ਕਰਨਾਟਕ ਸੀ ਈ ਓ ਨੇ ਕੇਂਦਰੀ ਚੋਣ ਕਮਿਸ਼ਨ ਦੇ ਨਿਰਦੇਸ਼ 'ਤੇ ਉਹ ਸਾਰੇ ਸਬੰਧਿਤ ਦਸਤਾਵੇਜ਼ ਅਤੇ ਸੂਚਨਾਵਾਂ ਕਲਬੁਰਗੀ ਜ਼ਿਲ੍ਹੇ ਦੇ ਐੱਸ ਪੀ ਨੂੰ 6 ਸਤੰਬਰ 2023 ਨੂੰ ਮੁਹੱਈਆ ਕਰਵਾ ਦਿੱਤੇ ਸਨ। ਇੱਥੇ ਦਿਲਚਸਪ ਗੱਲ ਇਹ ਹੈ ਕਿ ਇਹ ਸਾਰੀ ਜਾਣਕਾਰੀ ਕਰਨਾਟਕ ਦੇ ਮੁੱਖ ਚੋਣ ਕਮਿਸ਼ਨਰ ਦੇ ਲੈਟਰਹੈੱਡ 'ਤੇ ਜਾਰੀ ਨਹੀਂ ਹੋਈ ਅਤੇ ਨਾ ਹੀ ਇਸ 'ਤੇ ਕਿਸੇ ਦੇ ਦਸਤਖ਼ਤ ਹਨ। ਜੇ ਸਾਰੀ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ ਤਾਂ ਉਨ੍ਹਾਂ 18 ਚਿੱਠੀਆਂ 'ਚ ਕੀ ਮੰਗਿਆ ਗਿਆ ਹੈ ਜੋ ਕਰਨਾਟਕ ਦੇ ਮੁੱਖ ਚੋਣ ਕਮਿਸ਼ਨਰ ਰਾਹੀਂ ਕੇਂਦਰੀ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਗੁਪਤਾ ਨੂੰ ਲਿਖੀਆਂ ਗਈਆਂ ਹਨ?

ਵੱਡਾਸਵਾਲ ਇਹ ਹੈ ਕਿ ਜੇਕਰ ਵਿਰੋਧੀ ਧਿਰ ਦੇ ਆਗੂ ਵੱਲੋਂ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ ਗਏ ਹਨ ਤਾਂ ਜਵਾਬ ਵੀ ਚੋਣ ਕਮਿਸ਼ਨ ਨੂੰ ਹੀ ਦੇਣਾ ਬਣਦਾ ਹੈ। ਇਸ ਬਾਰੇ ਜਵਾਬ ਦੇਣ ਦੀ ਜ਼ਿੰਮੇਵਾਰੀ ਚੋਣ ਕਮਿਸ਼ਨ ਜਾਂ ਮੁੱਖ ਚੋਣ ਕਮਿਸ਼ਨਰ ਦੀ ਬਣਦੀ ਹੈ ਕਿ ਸਵਾਲ ਜਾਂ ਇਲਜ਼ਾਮ ਪੂਰੀ ਤਰ੍ਹਾਂ ਸਹੀ ਹਨ, ਕੁਝ ਹੱਦ ਤੱਕ ਸਹੀ ਹਨ, ਕਾਫ਼ੀ ਹੱਦ ਤੱਕ ਗ਼ਲਤ ਹਨ ਜਾਂ ਪੂਰੀ ਤਰ੍ਹਾਂ ਹੀ ਗ਼ਲਤ ਹਨ। ਰਾਹੁਲ ਗਾਂਧੀ ਦੀ ਪ੍ਰੈੱਸ ਕਾਨਫਰੰਸ ਤੋਂ ਬਾਅਦ ਸਾਬਕਾ ਮੰਤਰੀ ਅਤੇ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇਹ ਸਵਾਲ ਪੁੱਛ ਕੇ ਰਾਹੁਲ ਗਾਂਧੀ ਜਾਣ-ਬੁੱਝ ਕੇ ਯੋਜਨਾਬੱਧ ਢੰਗ ਨਾਲ ਜਮਹੂਰੀਅਤ ਨੂੰ ਕਮਜ਼ੋਰ ਕਰ ਰਿਹਾ ਹੈ।

ਲੋਕਤੰਤਰ 'ਚ ਸਵਾਲ ਹੀ ਤਾਂ ਸਭ ਤੋਂ ਅਹਿਮ ਹੁੰਦੇ ਹਨ ਅਤੇ ਲੋਕਾਂ ਪ੍ਰਤੀ ਜਵਾਬਦੇਹੀ ਤੋਂ ਭੱਜਿਆ ਨਹੀਂ ਜਾ ਸਕਦਾ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਵਿਰੋਧੀ ਧਿਰ ਦੇ ਆਗੂ ਵੱਲੋਂ ਤੱਥ ਆਧਾਰਿਤ ਉਦਾਹਰਨਾਂ ਦੇ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ ਜਾਂ 'ਸਵਾਲ ਖੜ੍ਹੇ ਕਰ ਕੇ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ' ਇਸ ਨਵੀਂ ਧਾਰਨਾ ਨੂੰ ਅਪਣਾਉਂਦਿਆਂ ਚੋਣ ਕਮਿਸ਼ਨ ਵੱਲੋਂ 'ਚੁੱਪ ਦੀ ਚਾਦਰ' ਵਲੇਟ ਲਈ ਜਾਵੇਗੀ'?

# ਹਾਲੇ ਤੁਰਨਾ ਸਿੱਖ ਰਿਹਾਂ...

ਦੋ ਮਹੀਨੇ ਹੋਣ ਵਾਲੇ ਨੇ ਸਪੁੱਤਰੀ ਦੀ ਦਾਤ ਮਿਲਿਆਂ। ਪਿਤਾ ਹੋਣ ਦੇ ਅਹਿਸਾਸ ਨੇ ਮੈਨੂੰ ਅਨੰਦਿਤ ਕਰ ਦਿੱਤਾ। ਨਵਾਂ ਜੀਅ ਆਇਆ ਤਾਂ ਨਵੇਂ ਅਹਿਸਾਸ, ਨਵੀਆਂ ਗੱਲਾਂ, ਇਕ ਦਿਨ ਮੈਂ ਗੱਲਾਂ ਗੱਲਾਂ ਵਿਚ ਸਹਿਜੇ ਹੀ ਮਾਂ ਨੂੰ ਪੁੱਛ ਲਿਆ - ਮਾਂ ਆਪਣੀ ਯਸ਼ਲੀਨ ਕਦੋਂ ਤੀਕ ਤੁਰਨਾ ਸਿੱਖ ਜਾਵੇਗੀ?

ਮਾਂ ਕਿਸੇ ਸੰਤ ਵਾਂਗ ਮੁਸਕਰਾਈ ਤੇ ਕਿਹਾ - ਪੁੱਤਰਾ, ਅਸੀਂ ਪੈਰਾਂ 'ਤੇ ਖੜ੍ਹੇ ਤਾਂ ਹੋ ਜਾਂਦੇ ਆਂ ਪਰ ਕਈ ਵਾਰ ਸਾਰੀ ਉਮਰ



**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 70873-20578**

ਤੁਰਨਾ ਨਹੀਂ ਆਉਂਦਾ। ਪਰ ਤੂੰ ਦੇਖਦਾ ਜਾਈਂ ਇਹ ਮੇਰੀ ਪੋਤੀ ਆ, ਆਪਣੇ ਪੈਰਾਂ 'ਤੇ ਖੜ੍ਹੀ ਵੀ ਮਾਣ ਨਾਲ ਹੋਵੇਗੀ ਤੇ ਤੁਰਨਾ ਵੀ ਜਲਦੀ ਸਿੱਖ ਜਾਵੇਗੀ।

'ਅਸੀਂ ਪੈਰਾਂ 'ਤੇ ਖੜ੍ਹੇ ਤਾਂ ਹੋ ਜਾਂਦੇ ਆਂ ਪਰ ਕਈ ਵਾਰ ਸਾਰੀ ਉਮਰ ਤੁਰਨਾ ਨਹੀਂ ਆਉਂਦਾ।' ਮਾਂ ਦਾ ਇਹ ਵਾਕ ਸੁਣ ਕੇ ਮੈਨੂੰ ਲੱਗਾ ਕਿ ਮੈਂ ਕਵਿਤਾ ਉਪਰ ਪੀ-ਐੱਚ.ਡੀ. ਕੀਤੀ ਆ ਪਰ ਐਸੀ ਸੋਹਣੀ ਤੇ ਦਾਰਸ਼ਨਿਕ ਗੱਲ ਤੁਰਨ ਬਾਰੇ ਬਹੁਤ ਘੱਟ ਕਵੀਆਂ ਨੇ ਕੀਤੀ ਆ। ਮੈਂ ਆਪਣੀ ਮਾਂ ਦੀ ਦਾਰਸ਼ਨਿਕਤਾ ਤੋਂ ਬਲਿਹਾਰ ਹੋ ਗਿਆ। ਉਹ ਮਾਂ ਜਿਸਨੇ ਦੁਨਿਆਵੀ ਸਕੂਲ 'ਚ ਦਾਖਲਾ ਨਹੀਂ ਲਿਆ ਕਦੀ ਪਰ ਜ਼ਿੰਦਗੀ ਦੀਆਂ ਬਹੁਤੀਆਂ ਡਿਗਰੀਆਂ ਪਹਿਲੀ ਪੁਜ਼ੀਸ਼ਨ ਵਿਚ ਪਾਸ ਕਰ ਲਈਆਂ। ਅਸੀਂ ਉੱਥੇ ਪੜ੍ਹੇ ਜਿੱਥੇ ਪਹਿਲਾਂ ਸਬਕ ਮਿਲਦਾ ਤੇ ਫੇਰ ਇਮਤਿਹਾਨ ਹੁੰਦਾ, ਮਾਂ ਉੱਥੇ ਪੜ੍ਹੀ ਜਿੱਥੇ ਜ਼ਿੰਦਗੀ ਪਹਿਲਾਂ ਇਮਤਿਹਾਨ ਲੈਂਦੀ ਆ ਤੇ ਫੇਰ ਸਬਕ ਦਿੰਦੀ ਆ। ਹੁਣ ਜਦ ਮੈਂ ਕਦੀ ਕਦਮ ਪੁੱਟਦਾ ਹਾਂ ਤਾਂ ਮਾਂ ਦਾ ਵਾਕ ਮੇਰੀ ਉਵੇਂ ਉਂਗਲ ਫੜ ਲੈਂਦਾ ਹੈ ਜਿਵੇਂ ਨਿੱਕੇ ਬਾਲ ਦੀ ਉਂਗਲ ਫੜ ਕੇ ਤੁਰਨਾ ਸਿਖਾਇਆ ਜਾਂਦਾ ਹੈ।

ਮੈਂ ਇਸ ਸਿੱਖਿਆ ਦਾ ਸਾਥ ਮਾਣਦਾ ਮਾਣਦਾ ਕਰਮ ਭੂਮੀ ਕਾਲਜ ਪਹੁੰਚ ਗਿਆ। ਮੇਰੇ ਨਾਲ ਹਿੰਦੀ ਵਾਲੇ ਬਲਰਾਜ ਸਰ ਹਨ। ਕੁਦਰਤੀ ਤੌਰ 'ਤੇ ਉਹ ਸਾਡੇ ਨਾਲੋਂ ਵਿਲੱਖਣ ਹਨ। ਅਸੀਂ ਚਿਹਰੇ 'ਤੇ ਉੱਗੀਆਂ ਅੱਖਾਂ ਨਾਲ ਵੇਖਣ ਦੀ ਕੋਸ਼ਿਸ਼ ਕਰਦੇ ਹਾਂ ਤੇ ਉਹ ਦਿਲ ਦੀਆਂ ਅੱਖਾਂ ਨਾਲ ਵੇਖਦੇ ਹਨ। ਪਰ ਅੱਜ ਤਾਂ ਗੱਲ ਤੁਰਨ ਦੀ ਸਮਝ ਆਣ ਲੱਗੀ ਹੈ, ਸੋ ਦੇਖਣ ਦੀ ਜਾਚ ਬਾਰੇ ਕਦੇ ਫੇਰ ਗੱਲ ਕਰਾਂਗੇ।

ਬਲਰਾਜ ਸਰ ਜਨਮਜਾਤ ਹੀ ਅੱਖਾਂ ਦੀ ਰੌਸ਼ਨੀ ਤੋਂ ਵਾਂਝੇ ਹਨ ਪਰ ਮੈਂ ਇਹ ਗੱਲ ਮਹਿਸੂਸ ਕੀਤੀ ਉਹ ਅੱਖਾਂ ਦੀ ਰੌਸ਼ਨੀ ਵਾਲਿਆਂ ਤੋਂ ਵਧੇਰੇ ਚੰਗੀ ਤਰ੍ਹਾਂ ਤੁਰਨਾ ਜਾਣਦੇ ਹਨ। ਅੱਖਾਂ ਵਾਲੇ ਥਾਂ ਪੁਰ ਥਾਂ ਅਟਕਦੇ, ਠੁੱਡੇ ਖਾਂਦੇ, ਡਿੰਗਦੇ ਦੇਖੇ। ਤਿੰਨ ਕੁ ਮਹੀਨੇ ਪਹਿਲਾਂ ਜਦੋਂ ਬਲਰਾਜ ਸਰ ਨੇ ਕਾਲਜ ਜੁਆਇਨ ਕੀਤਾ ਤਾਂ ਅਜਿਹੇ ਵਿਲੱਖਣ ਵਿਅਕਤੀ ਦਾ ਸਾਥ ਮੇਰੇ ਲਈ ਬਿਲਕੁਲ ਅਦਭੁਤ ਵਰਤਾਰਾ ਹੋ ਗਿਆ।

ਕੁਝ ਦਿਨਾਂ ਬਾਅਦ ਮੈਂ ਬਲਰਾਜ ਸਰ ਨੂੰ ਕਿਹਾ - ਚਲੋ ਸਰ ਕਾਲਜ ਘੁਮਾ ਦੇਵਾਂ। ਅਸੀਂ



ਆਪਣੇ ਕਮਰੇ 'ਚੋਂ ਨਿਕਲੇ ਅਤੇ ਹੌਲੀ-ਹੌਲੀ ਕਾਲਜ ਦੇ ਲਾਅਨ ਵੱਲ ਚੱਲਣ ਲੱਗੇ। ਮੈਂ ਉਨ੍ਹਾਂ ਦੀ ਬਾਂਹ ਫੜੀ। ਨਾਲ ਨਾਲ ਦੱਸਦਾ ਜਾ ਰਿਹਾਂ ਕਿ ਹੁਣ ਕਲਾਸ ਰੂਮਾਂ ਕੋਲੋਂ ਲੰਘ ਰਹੇ ਹਾਂ। ਸਾਡੇ ਸੱਜੇ ਪਾਸੇ ਲਾਅਨ ਹੈ।

ਆਹ ਅਮਰੂਦ ਦਾ ਬੂਟਾ ਆ-ਮੈਂ ਕਿਹਾ।

ਸਰ, ਅਮਰੂਦ ਲੱਗੇ ਹੋਏ ਆ? - ਬਲਰਾਜ ਨੇ ਪੁੱਛਿਆ।

ਹਾਂ ਜੀ, ਪਰ ਹਾਲੇ ਕੱਚੇ ਆ। - ਮੈਂ ਅਮਰੂਦਾਂ ਨੂੰ ਗਹੁ ਨਾਲ ਤੱਕਿਆ।

ਵੈਸੇ ਸਰ ਉਹ ਕਿਉਂ ਕਹਿੰਦੇ ਕਿ ਕੌਣ ਪੁੱਛਦਾ ਮੇਲੇ 'ਚ 'ਮਰੂਦਾਂ' ਨੂੰ? - ਉਨ੍ਹਾਂ ਦੀ ਗੱਲ 'ਚ ਬੱਚਿਆਂ ਵਾਲੀ ਉਤਸੁਕਤਾ ਹੈ।

ਮੈਂ ਕਿਹਾ -ਕਿਉਂਕਿ ਅਸੀਂ ਗੁਣਾਂ ਦੇ ਗਾਹਕ ਨਹੀਂ, ਅਸੀਂ ਚੰਗੇ ਜੌਹਰੀ ਨਹੀਂ। ਅਸੀਂ ਬਸ ਐਪਲ ਐਪਲ ਖੇਡਦੇ ਆਂ। ਬੱਚਿਆਂ ਨੂੰ ਏ ਫਾਰ ਐਪਲ ਜੋ ਪੜ੍ਹਾਉਣ ਲੱਗ ਪਏ। ਜਦੋਂ ਕਿ ਗੁਣਾਂ ਦੇ ਤੌਰ 'ਤੇ ਅਮਰੂਦ ਵਿਚ ਸੇਬ ਨਾਲੋਂ ਹਰ ਖਣਿਜ ਵਧੇਰੇ ਹੁੰਦਾ ਹੈ। ਅੰਗਰੇਜ਼ੀ ਮਾਧਿਅਮ ਨੇ ਸਾਡੇ ਜਵਾਕਾਂ ਦੇ ਦਿਮਾਗਾਂ 'ਚ ਸਿਰਫ਼ ਏ ਬੀ ਸੀ ਨਹੀਂ ਵਾੜੀ ਸਗੋਂ ਘਰਾਂ 'ਚ ਵੀ ਏ ਫਾਰ ਐਪਲ ਵਾੜਤਾ।

ਬਲਰਾਜ ਸਰ, ਹੌਲੀ ਜਿਹੇ ਗੰਭੀਰਤਾ ਨਾਲ ਮੁਸਕਰਾਏ।

ਮੈਂ ਦੱਸਦਾ ਜਾ ਰਿਹਾਂ - ਹੁਣ ਅਰਜਨ ਕੋਲੋਂ ਲੰਘ ਰਹੇ ਹਾਂ, ਹੁਣ ਪਾਰਕਿੰਗ ਆ ਗਈ ਹੈ। ਇਸ ਦੇ ਉਪਰ ਕੰਟੀਨ ਬਣੀ ਹੋਈ ਹੈ। ਇਹ ਪ੍ਰਿੰਸੀਪਲ ਲਈ ਘਰ ਬਣਾਇਆ ਗਿਆ ਹੈ। ਫੇਰ ਕਿਹਾ ਕਿ ਆਪਾਂ ਕੁਝ ਸਮਾਂ ਏਥੇ ਰੁੱਖਾਂ ਦੀ ਸੰਗਤ ਮਾਣਦੇ ਹਾਂ। ਉਹ ਰਾਜ਼ੀ ਹੋ ਗਏ। ਕੁਝ ਪਲ ਬੈਠਣ ਤੋਂ ਬਾਅਦ ਉਹ ਕਹਿੰਦੇ - ਸਰ ਕਾਲਜ ਬਹੁਤ ਸੋਹਣਾ ਹੈ, ਨਿੱਕਾ ਜਿਹਾ ਤੇ ਹਰਾ-ਭਰਾ ਤੇ ਗੁਣਕਾਰੀ ਅਮਰੂਦਾਂ-ਅਰਜਣਾਂ ਵਾਲਾ। ਮੈਂ ਇਹ ਸੁਣ ਕੇ ਅਚੰਭਿਤ ਹੋ ਗਿਆ ਕਿ ਜਿਸ ਵਿਅਕਤੀ ਦੀਆਂ ਅੱਖਾਂ ਦੀ ਬਚਪਨ ਤੋਂ ਹੀ ਰੌਸ਼ਨੀ ਨਹੀਂ, ਉਹ ਦਿਲ ਦੀਆਂ ਅੱਖਾਂ ਨਾਲ ਕਿੰਨਾ ਸੋਹਣਾ ਦੇਖ ਰਿਹਾ ਹੈ। ਮੈਂ ਉਨ੍ਹਾਂ ਦਾ ਵਾਕ ਸੁਣ ਕੇ ਅਨੰਦਿਤ ਹੋ ਗਿਆ।

ਅਸੀਂ ਕਿੰਨਾ ਸਮਾਂ ਮੌਨ ਹੋ ਕੇ ਹਵਾ ਦੀ ਸੁਰ ਸੁਣਦੇ ਰਹੇ। ਰੁੱਖਾਂ ਦੀ ਛਾਂ ਦਾ ਅਸ਼ੀਰਵਾਦ, ਕੁਦਰਤ ਦੀ ਰਸ-ਭਿੰਨੀ ਖ਼ੁਸ਼ਬੂ, ਪੱਤਿਆਂ ਦੀ ਤਾਲ ਤੇ ਪੰਛੀਆਂ ਦੀ ਚਹਿਲ-ਪਹਿਲ।

ਵਾਪਿਸ ਕਮਰੇ ਵੱਲ ਪਰਤਣ ਦਾ ਵੇਲਾ ਹੋਇਆ। ਬਲਰਾਜ ਸਰ, ਸਹਿਜੇ ਹੀ ਉੱਠੇ। ਜਿਧਰ ਦੀ ਆਏ ਸਾਂ ਉਸੇ ਪਾਸੇ ਦੀ ਸਹਿਜਤਾ ਨਾਲ ਚੱਲਣ ਲੱਗੇ। ਜਿਵੇਂ ਉਨ੍ਹਾਂ ਦੇ ਪੈਰਾਂ 'ਤੇ ਅੱਖਾਂ ਉੱਗ ਆਈਆਂ ਹੋਣ। ਮੈਂ ਫੇਰ ਵੀ ਕਦੇ ਕਦੇ ਬਾਂਹ ਫੜਣ ਦੀ ਕੋਸ਼ਿਸ਼ ਕਰਦਾ ਪਰ ਮੈਨੂੰ ਅਹਿਸਾਸ ਹੋ ਗਿਆ ਸੀ ਇਸ ਬੰਦੇ ਨੂੰ ਤੁਰਨਾ ਆਉਂਦਾ ਹੈ, ਚਿਹਰੇ 'ਤੇ ਉੱਗੀਆਂ ਅੱਖਾਂ ਵਾਲਿਆਂ ਨਾਲੋਂ ਬਿਹਤਰ।

ਮੈਨੂੰ ਮਹਿਸੂਸ ਹੋਇਆ ਕਿ ਉਹ ਜਦੋਂ ਕਦਮ ਪੁੱਟਦੇ ਤਾਂ ਜਿਹੇ ਪੈਰਾਂ ਨਾਲ ਧਰਤੀ ਨੂੰ ਮਹਿਸੂਸ ਕਰਦੇ। ਉਹ ਕਦਮ ਇਸ ਤਰ੍ਹਾਂ ਪੁੱਟਦੇ ਜਿਵੇਂ ਕੋਈ ਜਿਮਨਾਸਟਿਕ ਦਾ ਖਿਡਾਰੀ ਆਪਣੇ ਸਰੀਰ ਨੂੰ ਇਕ ਲੈਅ ਵਿਚ ਲਿਆਉਂਦਾ, ਕਲਾਬਾਜ਼ੀਆਂ ਪਾਉਂਦਾ। ਉਹ ਤੁਰ ਰਹੇ ਹਨ ਜਾਂ ਤੈਰ ਰਹੇ ਹਨ, ਇਹ ਕਹਿਣਾ ਮੇਰੇ ਲਈ ਔਖਾ ਹੈ।

ਪਰ ਉਨ੍ਹਾਂ ਵਰਗਾ ਤੁਰਨਾ ਮੈਂ ਅੱਜ ਤੀਕ ਨਹੀਂ ਦੇਖਿਆ।

ਤੇ ਮੈਂ ਮਾਂ ਦੇ ਵਾਕ ਆਸਰੇ ਤੇ ਬਲਰਾਜ ਸਰ ਦੇ ਸਾਥ ਨਾਲ ਤੁਰਨਾ ਸਿੱਖ ਰਿਹਾ ਹਾਂ...

# ਕੌਮ ਦੀ ਚੜ੍ਹਦੀ ਕਲਾ ਨੂੰ ਪ੍ਰਣਾਈ ਹੋਈ ਭਾਈ ਜੈਤਾ ਫਾਊਂਡੇਸ਼ਨ ਤੇ ਇਸਦਾ ਸੰਸਥਾਪਕ ਹਰਪਾਲ ਸਿੰਘ

ਆ ਗਏ, ਆ ਗਏ। ਹਾਲ ਵਿਚ ਖੜ੍ਹੇ ਸਾਰੇ ਲੋਕਾਂ ਦੀਆਂ ਗਰਦਨਾਂ ਇਕ ਦਮ ਉਸ ਬਜ਼ੁਰਗ ਵੱਲ ਘੁੰਮ ਗਈਆਂ ਜੋ ਹੁਣੇ ਹੀ ਅੰਦਰ ਆਇਆ ਹੈ। ਦੁੱਧ ਚਿੱਟੀ ਪੱਗ ਤੇ ਉਸੇ ਰੰਗ ਦੇ ਕੁੜਤੇ-ਪਜਾਮੇ ਵਾਲਾ ਵਡੇਰੀ ਉਮਰ ਦਾ ਬਜ਼ੁਰਗ ਲੰਬੀਆਂ ਪੁਲਾਂਘਾਂ ਪੁੱਟਦਾ ਕਾਹਲੀ-ਕਾਹਲੀ ਤੁਰਦਾ ਹਾਲ ਵਿਚ ਦੀ ਹੁੰਦਾ ਹੋਇਆ ਨਾਲ ਲਗਦੇ ਕੋਰੀਡੋਰ ਦੇ ਸਿਰੇ 'ਤੇ ਲੱਗੀ ਲਿਫਟ ਵਿਚ ਜਾ ਚੜ੍ਹਿਆ। ਲੋਕਾਂ ਦੀਆਂ ਨਜ਼ਰਾਂ ਉਸਦਾ ਲਿਫਟ ਤੱਕ ਪਿੱਛਾ ਕਰਦੀਆਂ ਗਈਆਂ। ਕਈਆਂ ਦੇ ਬੁੱਝੇ-ਬੁੱਝੇ ਜਿਹੇ ਚਿਹਰੇ ਖਿੜ ਗਏ। ਕੋਈ ਵੱਡੀ ਉਮੀਦ ਨਾਲ ਆਏ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਲੱਗਦੇ ਸੀ ਇਹ ਲੋਕ ਏਥੇ। ਉਨ੍ਹਾਂ 'ਚੋਂ ਬਹੁਤਿਆਂ ਦੇ ਨਾਲ 15-16 ਸਾਲ ਦੇ ਬੱਚੇ ਹਨ। ਫਿਰ ਲੋਕ ਆਪਸ ਵਿਚ ਗੱਲਾਂ ਕਰਨ ਲੱਗ ਪਏ, ਕੁਝ ਨਾਲ ਲੱਗਦੀ ਕੰਟੀਨ ਵਿਚ ਚਾਹ ਪੀਣ ਤੇ ਪਰਾਉਠੇ ਛਕਣ ਚਲੇ ਗਏ। ਕੁਝ ਉਥੇ ਪਈਆਂ ਕੁਰਸੀਆਂ ਅਤੇ ਬੈਂਚਾਂ 'ਤੇ ਬੈਠ ਕੇ ਸੁਸਤਾਣ ਲੱਗ ਪਏ।

ਮੈਂ ਥੋੜ੍ਹੀ ਦੇਰ ਲਈ ਹਾਲ 'ਚ ਰੁਕ ਗਿਆ। ਇਹ ਹਾਲ ਚੰਡੀਗੜ੍ਹ ਦੇ 28 ਸੈਕਟਰ ਦੇ ਪਲਾਟ ਨੰਬਰ ਇਕ 'ਚ ਬਣੇ ਸ੍ਰੀ ਗੁਰੂ ਗਰੰਥ ਸਾਹਿਬ ਭਵਨ ਵਿਚਲੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਵੱਡੀ ਇਮਾਰਤ ਦਾ ਪ੍ਰਵੇਸ਼ ਦੁਆਰ ਹੈ। ਮੈਂ ਕਈ ਵਾਰ ਪਹਿਲਾਂ ਵੀ ਇਸ ਬਜ਼ੁਰਗ ਨੂੰ ਲੰਬੀਆਂ ਪੁਲਾਂਘਾਂ ਭਰਦੇ ਹੋਏ ਕਾਹਲੀ-ਕਾਹਲੀ ਤੁਰਦੇ ਜਾਂਦੇ ਵੇਖਿਆ ਸੀ, ਪਰ ਸਰਸਰੀ ਜਿਹੀ। ਕਦੇ ਬਹੁਤੀ ਤਵੱਜੋਂ ਨਹੀਂ ਸੀ ਦਿਤੀ। ਹਾਂ ਏਨਾ ਜ਼ਰੂਰ ਸੀ ਕਿ ਜਦੋਂ ਮੈਂ ਉਨ੍ਹਾਂ ਨੂੰ ਹਾਲ ਦੇ ਕੋਰੀਡੋਰ ਵਿਚ ਦੀ ਵਿਚਰਦਾ ਦੇਖਦਾ ਸੀ ਤਾਂ ਮੈਨੂੰ ਉਨ੍ਹਾਂ ਦੀ ਖੂੰਡੀ ਦਾ ਖੜਾਕ ਸੁਣ ਕੇ ਤੇ ਤੋਰ ਵਿਚਲੀ ਬਰਕਤ ਦੇਖ ਕੇ ਹੈਰਾਨੀ ਜ਼ਰੂਰ ਹੁੰਦੀ, ਨਾਲੇ ਖੁਸ਼ੀ ਵੀ।

ਹਾਲ ਵਿਚ ਖੜ੍ਹੇ ਕੁਝ ਮਾਂ-ਪਿਓ ਵਾਰ-ਵਾਰ ਬੇਚੈਨ ਜਿਹੇ ਹੋਏ ਅੰਦਰ ਵੱਲ ਦੇਖ ਰਹੇ ਸੀ। ਕੁਝ ਆਪਣੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ ਵਿਚ ਰੁੱਝੇ ਹੋਏ ਸੀ। ਕਹਿ ਰਹੇ ਸੀ ਘਬਰਾਉਣਾ ਨਹੀਂ। ਹਰ ਸਵਾਲ ਦਾ ਜਵਾਬ ਸੋਚ ਸਮਝ ਕੇ ਦੇਣਾ। ਕਾਹਲੀ ਨਹੀਂ ਕਰਨੀ। ਪਹਿਲਾਂ ਧਿਆਨ ਨਾਲ ਸਵਾਲ ਸਮਝਣਾ ਤੇ ਫਿਰ ਉੱਤਰ ਦੇਣਾ। ਗੱਲਬਾਤ ਤੋਂ ਇਹ ਤਾਂ ਸਪੱਸ਼ਟ ਹੋ ਗਿਆ ਸੀ ਕਿ ਇਹ ਬੱਚੇ ਕੋਈ ਟੈਸਟ ਦੇਣ ਆਏ ਨੇ। ਪਰ ਅੰਦਰ ਤਾਂ ਕੋਈ ਸਕੂਲ ਜਾਂ ਕਾਲਜ ਨਹੀਂ। ਨਾ ਹੀ ਇਨ੍ਹਾਂ ਬੱਚਿਆਂ ਦੀ ਅਜੇ ਕਿਸੇ ਅਦਾਰੇ 'ਚ ਨੌਕਰੀ ਲਈ ਭਰਤੀ ਹੋਣ ਵਾਲੀ ਉਮਰ ਲਗਦੀ ਹੈ। ਸਾਰੇ ਸਧਾਰਨ ਜਿਹੇ ਪਰਿਵਾਰਾਂ ਦੇ ਬੱਚੇ ਲੱਗ ਰਹੇ ਨੇ। ਕੋਈ ਜ਼ਿਆਦਾ ਸੂ-ਪਾਂ ਨਜ਼ਰ ਨਹੀਂ ਆਉਂਦੀ। ਮੇਰੀ ਜਗਿਆਸਾ ਇਸ ਸਾਰੇ ਵਰਤਾਰੇ ਬਾਰੇ ਵਧ ਜਾਂਦੀ ਹੈ।

ਮੈਂ ਇਕ ਲੜਕੇ ਦੇ ਪਿਤਾ ਤੋਂ ਪੁੱਛਦਾ ਹਾਂ ਕਿ ਉਹ ਇਥੇ ਕਿਸ ਸਿਲਸਿਲੇ 'ਚ ਆਏ ਨੇ? ਅਸੀਂ ਆਪਣੇ ਬੱਚੇ ਨੂੰ ਇਥੇ ਭਾਈ ਜੈਤਾ ਫਾਉਂਡੇਸ਼ਨ 'ਚ ਦਾਖਲਾ ਦਿਵਾਉਣ ਆਏ ਹਾਂ। ਜਿਹੜੇ ਬਜ਼ੁਰਗ ਥੋੜ੍ਹੀ ਦੇਰ ਪਹਿਲਾਂ ਇਥੋਂ ਦੀ ਲੰਘ ਕੇ ਗਏ ਨੇ ਉਹ ਇਸ ਫਾਉਂਡੇਸ਼ਨ ਦੇ ਕਰਤਾ-ਧਰਤਾ ਨੇ। ਮੈਂ ਲੜਕੇ ਦੇ ਪਿਤਾ ਨੂੰ ਪੁੱਛਦਾ ਹਾਂ ਕਿ ਉਹ ਕਿਥੋਂ ਆਏ ਨੇ ਤਾਂ ਉਹ ਦੱਸਦਾ ਹੈ ਕਿ ਮਾਨਸਾ ਨੇੜੇ ਇਕ ਪਿੰਡ ਤੋਂ ਆਏ ਨੇ। ਏਡੀ ਦੂਰੋਂ ਇਥੇ ਦਾਖਲਾ ਲੈਣ ਆਏ ਹੋ? ਜੀ ਹਾਂ, ਇਥੇ ਤਾਂ ਬਹੁਤ ਦੂਰ-ਦੂਰ ਤੋਂ ਪਠਾਨਕੋਟ, ਫ਼ਿਰੋਜ਼ਪੁਰ, ਬਠਿੰਡਾ, ਸੰਗਰੂਰ ਤੇ ਪੰਜਾਬ ਦੇ ਲਗਭਗ ਸਾਰੇ ਜ਼ਿਲ੍ਹਿਆਂ ਤੋਂ ਹੀ ਬੱਚੇ ਆਏ ਹੋਏ ਨੇ। ਕੁਝ ਬੱਚੇ ਹਰਿਆਣੇ ਤੋਂ ਵੀ ਆਏ ਨੇ। ਇਥੇ ਦਾਖਲਾ ਮਿਲ ਗਿਆ ਤਾਂ ਸਾਡੇ ਬੱਚੇ ਦੀ ਜ਼ਿੰਦਗੀ ਬਣ ਜਾਵੇਗੀ ਤੇ ਨਾਲੇ ਖਰਚਾ ਵੀ ਮਾਮੂਲੀ ਹੈ। ਠੇਠ ਮਲਵਈ ਲਹਿਜ਼ੇ 'ਚ ਗੱਲ ਕਰਦੇ ਹੋਏ ਉਸਨੇ ਕਿਹਾ ਕਿ ਬਾਹਰ ਟਿਊਸ਼ਨ ਸੈਂਟਰਾਂ ਵਾਲੇ ਦੋ ਸਾਲਾਂ 'ਚ ਮਾਂ-ਪਿਓ ਤੋਂ ਤਿੰਨ ਤੋਂ ਚਾਰ ਲੱਖ ਝੁੱਕ ਲੈਂਦੇ ਨੇ ਤੇ ਇਥੇ ਸਾਰਾ ਕੁਝ ਮੁਫ਼ਤ ਹੀ ਸਮਝੋ ਤੇ ਨਾਲੇ ਕੋਚਿੰਗ ਵੀ ਸਿਰੇ ਦੀ ਹੈ। ਏਨੇ ਨੂੰ ਸਾਰੇ ਬੱਚਿਆਂ ਨੂੰ ਅੰਦਰ ਬੁਲਾ ਲਿਆ ਜਾਂਦਾ ਹੈ। ਤੇ ਉਹ ਮੇਰੇ ਨਾਲ ਗੱਲਬਾਤ ਵਿਚੇ ਛੱਡ ਕੇ ਆਪਣੇ ਬੱਚੇ ਨੂੰ ਛੱਡਣ ਚਲੇ ਜਾਂਦੇ ਨੇ।

ਭਾਈ ਜੈਤਾ (ਭਾਈ ਜੀਵਨ ਸਿੰਘ) ਦਾ ਨਾਂ ਸੁਣ ਕੇ ਮੇਰੀ ਦਿਲਚਸਪੀ ਹੋਰ ਗਹਿਰੀ ਹੋ ਗਈ। ਭਾਈ ਜੈਤਾ ਗੁਰੂ ਕਾਲ ਦਾ ਅਤੇ ਸਿੱਖ ਇਤਿਹਾਸ ਦਾ ਮਹਾਂ ਨਾਇਕ ਹੈ। ਉਸਦੀ ਯਾਦ ਵਿਚ ਫਾਉਂਡੇਸ਼ਨ ਬਣਾਉਣ ਵਾਲਾ ਜ਼ਰੂਰ ਕੋਈ ਗੁਰੂਆਂ ਦੀ ਸੋਚ ਦਾ ਧਾਰਨੀ ਵਿਅਕਤੀ ਹੋਵੇਗਾ। ਨਾਲ ਹੀ ਮੈਂ ਉਸ ਬਜ਼ੁਰਗ ਨੂੰ ਮਿਲਣ ਬਾਰੇ ਸੋਚਣ ਲੱਗ ਪੈਂਦਾ ਹਾਂ। ਮੈਂ ਪੰਜਾਬੀ ਦੇ ਨਾਮਵਰ ਲੇਖਕ ਰਾਜਿੰਦਰ ਸਿੰਘ ਰਾਹੀ, ਜਿਸਨੇ ਹਰਮਨ-ਪਿਆਰੇ ਨਾਵਲਕਾਰ ਜਸਵੰਤ ਸਿੰਘ ਕੰਵਲ ਬਾਰੇ 'ਪੰਜਾਬ ਦੀ ਪੱਗ' ਕਿਤਾਬ ਲਿਖੀ ਹੈ, ਨੂੰ ਉਨ੍ਹਾਂ ਨੂੰ ਮਿਲਦੇ ਵੇਖਿਆ ਸੀ। ਰਾਹੀ ਮੇਰੇ ਵੀ ਮਿੱਤਰ ਨੇ। ਉਹ ਮੈਨੂੰ ਦੱਸਦੇ ਨੇ ਕਿ ਜੋ ਭਾਈ ਜੈਤਾ ਫਾਉਂਡੇਸ਼ਨ ਚਲਾ ਰਹੇ ਨੇ ਉਨ੍ਹਾਂ ਦਾ ਨਾਮ ਸਰਦਾਰ ਹਰਪਾਲ ਸਿੰਘ ਹੈ। ਉਹ ਬੜੇ ਪੜ੍ਹੇ-ਲਿਖੇ ਵਿਅਕਤੀ ਨੇ। ਉਨ੍ਹਾਂ ਨੇ ਦੁਨੀਆ ਭਰ ਵਿਚ ਮਸ਼ਹੂਰ ਹਾਵਰਡ ਯੂਨੀਵਰਸਿਟੀ ਤੋਂ ਐਮ.ਬੀ.ਏ. ਕੀਤੀ ਹੈ। ਅਮਰੀਕਾ ਜਾਣ ਤੋਂ ਪਹਿਲਾਂ ਇਨ੍ਹਾਂ ਨੇ ਪੈਕ (ਪੀ ਈ ਸੀ), ਜੋ ਸੱਤ ਸਾਲ ਰੁੜਕੀ ਇੰਜੀਨੀਅਰਿੰਗ ਕਾਲਜ ਵਿਚ ਚਲਦਾ ਰਿਹਾ, ਤੋਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ। ਇਸ ਉਪਰੰਤ ਪੀ.ਡਬਲਯੂ.ਡੀ. ਵਿਭਾਗ ਵਿਚ ਐਸ.ਡੀ.ਓ. ਭਰਤੀ ਹੋ ਗਏ। 1952 ਤੋਂ 1965 ਤਕ ਇਸ ਵਿਭਾਗ 'ਚ ਰਹੇ ਤੇ ਫਿਰ ਐਕਸੀਅਨ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਅਮਰੀਕਾ ਪੜ੍ਹਨ ਚਲੇ ਗਏ।

ਉਨ੍ਹਾਂ ਦੇ ਜੀਵਨ ਦਾ ਅਕੀਦਾ ਸਾਧਾਰਨ ਘਰਾਂ ਦੇ ਲਾਇਕ ਬੱਚਿਆਂ ਤੇ ਖਾਸ ਕਰਕੇ ਹੁਸ਼ਿਆਰ ਪੇਂਡੂ ਗਰੀਬ ਬੱਚਿਆਂ ਨੂੰ ਡਾਕਟਰ, ਇੰਜੀਨੀਅਰ ਬਣਾਉਣਾ ਅਤੇ ਦੇਸ਼ ਤੇ ਦੁਨੀਆ ਦੀਆਂ ਵਧੀਆ ਯੂਨੀਵਰਸਿਟੀਆਂ 'ਚ ਵਿਦਿਆ ਹਾਸਿਲ ਕਰਨ 'ਚ ਉਨ੍ਹਾਂ ਦੀ ਮਦਦ ਕਰਨਾ ਹੈ। ਉਹ ਇਸ ਸੰਬੰਧ 'ਚ ਕਈ ਪ੍ਰੋਜੈਕਟ ਚਲਾ ਰਹੇ ਨੇ ਤੇ ਹਰ ਸਾਲ ਕਈ ਕਰੋੜ ਰੁਪਏ ਖਰਚ ਕਰਦੇ ਨੇ। ਇਸ ਵਿਚ ਸਭ ਤੋਂ ਵੱਧ ਯੋਗਦਾਨ ਇਨ੍ਹਾਂ ਦੇ ਇੱਥੇ ਰਹਿੰਦੇ ਪਰਿਵਾਰ, ਖਾਸ ਕਰਕੇ ਇਨ੍ਹਾਂ ਦੀ ਪਤਨੀ ਹਰਦਰਸ਼ਨ ਕੌਰ ਤੇ ਇਨ੍ਹਾਂ ਦੇ ਅਮਰੀਕਾ ਰਹਿੰਦੇ ਲੜਕੇ ਕੁਲਮੀਤ ਸਿੰਘ ਦਾ ਹੈ। ਯਾਰ ਦੋਸਤ ਵੀ ਮਦਦ ਕਰਦੇ ਹਨ।

ਕੁਝ ਦਿਨਾਂ ਬਾਅਦ ਮੈਨੂੰ ਉਨ੍ਹਾਂ ਦਾ ਸਹਿਯੋਗੀ ਸ. ਜਸਵਿੰਦਰ ਸਿੰਘ ਪਸਰੀਚਾ ਨੂੰ ਮਿਲ ਗਿਆ। ਮੈਂ ਉਸਨੂੰ ਕਿਹਾ ਕਿ ਮੈਂ ਸਰਦਾਰ ਹਰਪਾਲ ਸਿੰਘ ਨੂੰ ਮਿਲਣਾ ਚਾਹੁੰਦਾ ਹਾਂ। ਮੁਲਾਕਾਤ ਤੈਅ ਹੋ ਗਈ। ਗੱਲਬਾਤ ਦੇ ਸ਼ੁਰੂ 'ਚ ਹੀ ਹਰਪਾਲ ਸਿੰਘ ਨੇ ਦੱਸਿਆ ਕਿ ਉਹ ਇਸ ਸਮੇਂ ਆਪਣੀ ਉਮਰ ਦੇ 95 ਸਾਲ ਪੂਰੇ ਕਰਨ ਵੱਲ ਵਧ ਰਹੇ ਨੇ। ਉਨ੍ਹਾਂ ਦਾ ਪਿੰਡ/ਜਾਂ ਸ਼ਹਿਰ ਕਹਿ ਲਵੋ ਫਰੀਦਕੋਟ ਹੈ। "ਉਥੇ ਸਾਡੇ ਕੋਲ ਚੰਗੀ ਗੁਜ਼ਾਰੇ ਜੋਗੀ ਜ਼ਮੀਨ ਸੀ ਤੇ ਮੈਂ ਪੜ੍ਹਾਈ ਨਾਲ ਕੁਝ ਸਾਲ ਖੇਤੀ ਵੀ ਕੀਤੀ। ਪੜ੍ਹਨ ਵਿਚ ਮੈਂ ਸ਼ੁਰੂ ਤੋਂ ਹੀ ਚੰਗਾ ਸੀ। ਦਸਵੀਂ ਤੋਂ ਬਾਅਦ ਨੌਨ-ਮੈਡੀਕਲ ਲਿਆ। ਸਿਵਲ ਇੰਜੀਨੀਅਰਿੰਗ ਕਰ ਕੇ 13 ਕੁ ਸਾਲ ਪੀ.ਡਬਲਯੂ.ਡੀ. ਵਿਚ ਨੌਕਰੀ ਕੀਤੀ ਤੇ ਫਿਰ ਅਮਰੀਕਾ 'ਚ ਹਾਵਰਡ ਯੂਨੀਵਰਸਿਟੀ ਤੋਂ ਬਿਜ਼ਨੈਸ ਐਡਮਿਨਿਸਟ੍ਰੇਸ਼ਨ ਦੀ ਡਿਗਰੀ ਕਰ ਕੇ ਉਥੇ ਹੀ ਕੰਮ ਸ਼ੁਰੂ ਕਰ ਲਿਆ। ਮੈਨੂੰ ਹਾਵਰਡ ਬਿਜ਼ਨੈੱਸ ਸਕੂਲ ਦੇ ਪਹਿਲੇ ਪਗੜੀਧਾਰੀ ਵਿਦਿਆਰਥੀ ਹੋਣ ਦਾ ਗੌਰਵ ਪ੍ਰਾਪਤ ਹੈ। ਮੇਰਾ ਪਰਿਵਾਰ ਓਥੇ ਮੇਰੇ ਨਾਲ ਸੀ। ਉਥੇ ਹੀ ਮੇਰਾ ਲੜਕਾ ਕੁਲਮੀਤ ਸਿੰਘ ਪੈਦਾ ਹੋਇਆ। ਮੈਂ ਅਮਰੀਕਾ ਰਹਿ ਰਿਹਾ ਸੀ। ਕੰਮ ਵੀ ਚੰਗਾ ਚੱਲ ਪਿਆ, ਪਰ ਪੰਜਾਬ ਹਰ ਵੇਲੇ ਦਿਮਾਗ 'ਤੇ ਭਾਰੂ ਰਹਿੰਦਾ ਸੀ। ਸੋਚਿਆ ਕਿ ਪੰਜਾਬ ਦੇ ਹੁਸ਼ਿਆਰ ਪੇਂਡੂ ਬੱਚਿਆਂ ਨੂੰ ਵਧੀਆ ਨੌਕਰੀਆਂ ਹਾਸਲ ਕਰਨ ਦੇ ਯੋਗ ਬਣਾਉਣ 'ਚ ਮਦਦ ਕੀਤੀ ਜਾਵੇ।"

ਅਮਰੀਕਾ 'ਚ ਰਹਿੰਦੇ ਹੀ ਭਾਈ ਜੈਤਾ ਫਾਉਂਡੇਸ਼ਨ ਬਣਾਈ। ਅਮਰੀਕਾ ਰਹਿੰਦੇ ਹੋਏ ਹੀ ਲਾਇਕ ਗਰੀਬ ਬੱਚਿਆਂ ਨੂੰ ਮੈਡੀਕਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ 'ਚ ਦਾਖਲੇ ਦੇ ਯੋਗ ਬਣਾਉਣ ਲਈ ਦੋਸਤਾਂ ਦੀ ਮਦਦ ਨਾਲ ਪੰਜਾਬ 'ਚ ਮੁਫ਼ਤ ਟਿਊਸ਼ਨ ਪੜ੍ਹਾਉਣ ਦਾ ਇੰਤਜ਼ਾਮ ਕੀਤਾ। ਬਹੁਤੀ ਕਾਮਯਾਬੀ ਨਹੀਂ ਮਿਲੀ ਤੇ ਤਸੱਲੀ ਵੀ ਨਾ ਹੋਈ। ਫੈਸਲਾ ਕਰ ਲਿਆ ਕਿ ਪੰਜਾਬ ਵਾਪਿਸ ਪਰਤਿਆ ਜਾਵੇ ਤੇ ਉਥੇ ਜਾ ਕੇ ਨਿੱਠ ਕੇ ਕੰਮ ਕੀਤਾ ਜਾਵੇ। ਵਾਪਿਸ ਆ ਗਿਆ। ਦੁਬਾਰਾ ਸਰਕਾਰੀ ਨੌਕਰੀ ਨਹੀਂ ਕੀਤੀ। ਇਥੇ ਮੈਨੂੰ ਕੰਸਲਟੈਂਸੀ ਦਾ ਠੀਕ-ਠਾਕ ਕੰਮ ਮਿਲ ਗਿਆ। 2011 ਵਿਚ ਮੈਂ ਪੱਕੇ ਤੌਰ 'ਤੇ ਪੰਜਾਬ ਦੇ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਦੇ ਲਾਇਕ ਬੱਚਿਆਂ ਨੂੰ ਵਧੀਆ ਕਿੱਤਿਆਂ ਜਿਵੇਂ ਡਾਕਟਰ, ਇੰਜੀਨੀਅਰ ਬਣਾਉਣ ਲਈ ਮੁਫ਼ਤ ਕੋਚਿੰਗ ਦਾ ਪ੍ਰਬੰਧ ਕਰਨ ਦਾ ਬੀੜਾ ਚੁੱਕ ਲਿਆ। ਮੇਰਾ ਲੜਕਾ ਜਿਸ ਨੇ ਸ਼ਿਕਾਗੋ ਤੇ ਕੋਲੰਬੀਆ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਤੇ ਇਕਨੌਮਿਕਸ ਦੀ ਡਿਗਰੀ ਹਾਸਿਲ ਕੀਤੀ ਹੈ, ਅਮਰੀਕਾ 'ਚ ਕੰਪਨੀ ਚਲਾ ਰਿਹਾ ਹੈ ਤੇ ਆਪਣੀ ਕਮਾਈ 'ਚੋਂ 90 ਫੀਸਦੀ ਹਿੱਸਾ ਮੈਨੂੰ ਭਾਈ ਜੈਤਾ ਫਾਉਂਡੇਸ਼ਨ ਚਲਾਉਣ ਲਈ ਦੇ ਰਿਹਾ ਹੈ। ਮੇਰੇ ਕੋਲ ਇਸ ਲਈ ਇਨਕਮ ਟੈਕਸ ਐਕਟ, ਸੀ.ਐਸ.ਆਰ. ਤੇ ਐਫ.ਸੀ.ਆਰ.ਏ. ਤਹਿਤ ਇਜਾਜ਼ਤ ਹੈ।"

ਅਸੀਂ ਇਸ ਵੇਲੇ ਕਈ ਕੰਮ ਕਰ ਰਹੇ ਹਾਂ। ਸਭ ਤੋਂ ਪ੍ਰਮੁੱਖ ਹੈ ਬੱਚਿਆਂ ਨੂੰ IIT JEE ਤੇ Neet ਦੇ ਟੈਸਟਾਂ ਵਾਸਤੇ ਤਿਆਰ ਕਰਨਾ। ਲੜਕੇ ਤੇ ਲੜਕੀਆਂ ਦੇ ਠਹਿਰਨ ਦਾ ਇੰਤਜ਼ਾਮ ਸਾਡਾ ਹੈ। ਅਸੀਂ ਚੰਡੀਗੜ੍ਹ 'ਚ ਹੀ ਵਧੀਆ ਸਕੂਲ 'ਚ ਇਨ੍ਹਾਂ ਬੱਚਿਆਂ ਨੂੰ ਦਾਖ਼ਲ ਕਰਵਾਉਂਦੇ ਹਾਂ। ਸਾਡੇ ਚੈਰਿਟੀ ਵਾਲੇ ਕੰਮ ਨੂੰ ਦੇਖਦੇ ਹੋਏ ਸਕੂਲ ਵਾਲੇ ਸਾਨੂੰ ਫੀਸ ਵਗੈਰਾ 'ਚ ਕਾਫੀ ਰਿਆਇਤ ਦੇ ਦਿੰਦੇ ਨੇ। ਅਸੀਂ ਆਪਣੀ ਫਾਉਂਡੇਸ਼ਨ 'ਚ ਦਸਵੀਂ ਪਾਸ ਬੱਚੇ ਲੈਂਦੇ ਹਾਂ ਤੇ ਉਸ ਲਈ ਮਾਪਦੰਡ ਤੈਅ ਕੀਤੇ ਹੋਏ ਨੇ। ਟੈਸਟ ਹੁੰਦਾ ਹੈ ਤੇ ਉਸਦੇ ਅਧਾਰ 'ਤੇ ਹੀ ਦਾਖਲਾ। ਸਿਫਾਰਿਸ਼ ਨਹੀਂ ਚਲਦੀ। ਵਿਦਿਆਰਥੀ ਦੀ ਯੋਗਤਾ ਹੀ ਉਸਦੀ ਸਿਫਾਰਿਸ਼ ਹੈ। ਤੇ ਫਿਰ ਦੋ ਸਾਲ ਦੱਬ ਕੇ ਤਿਆਰੀ ਕਰਾਉਂਦੇ ਹਾਂ।

ਹੁਣ ਤੱਕ ਸਾਡੇ ਕੋਲ 433 (231 ਇੰਜੀਨੀਅਰਿੰਗ ਸਟ੍ਰੀਮ ਤੇ 202 ਮੈਡੀਕਲ ਸਟ੍ਰੀਮ ਲਈ) ਬੱਚੇ (ਲੜਕੇ, ਲੜਕੀਆਂ) ਕੋਚਿੰਗ ਲੈ ਚੁਕੇ ਨੇ। ਸਾਲ 2014 ਤੋਂ ਲੈ ਕੇ ਹੁਣ ਤਕ ਇਨ੍ਹਾਂ 'ਚੋਂ 33 ਬੱਚਿਆਂ ਨੂੰ IITs ਵਿਚ, 32 ਨੂੰ IIITs ਵਿਚ, 79 ਨੂੰ ਪੰਜਾਬ ਇੰਜੀਨੀਅਰਿੰਗ ਕਾਲਜ (ਪੈਕ) ਵਿਚ, 2 ਨੂੰ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰੀਸਰਚ ਵਿਚ, 14 ਨੂੰ UIET ਵਿਚ, 14 ਨੂੰ CCET ਵਿਚ, 1 ਨੂੰ ਇੰਡੀਅਨ ਇੰਸਟੀਚਿਊਟ ਆਫ ਸਪੇਸ ਟੈਕਨੌਲੋਜੀ ਵਿਚ ਤੇ 17 ਨੂੰ ਹੋਰ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲਾ ਮਿਲ ਚੁੱਕਿਆ ਹੈ। ਹੁਣ ਤਕ ਸਾਡੇ 9 ਬੱਚਿਆਂ ਨੂੰ AIIMS ਵਿਚ, 67 ਨੂੰ ਸਰਕਾਰੀ ਮੈਡੀਕਲ ਕਾਲਜਾਂ ਵਿਚ, 11 ਨੂੰ ਗੈਰ-ਸਰਕਾਰੀ ਮੈਡੀਕਲ ਕਾਲਜਾਂ, 10 ਸਰਕਾਰੀ ਡੈਂਟਲ ਕਾਲਜਾਂ, 4 ਨੂੰ ਗੈਰ-ਸਰਕਾਰੀ ਡੈਂਟਲ ਕਾਲਜਾਂ, 4 ਨੂੰ ਵੈਟਰਨਰੀ ਸਾਇੰਸ ਵਿਚ, 21 ਨੂੰ ਬੀ.ਐਸ.ਸੀ. ਨਰਸਿੰਗ (ਪੀ ਜੀ ਆਈ ਤੇ ਏਮਜ਼) ਵਿਚ, 12 ਨੂੰ ਸਰਕਾਰੀ ਨਰਸਿੰਗ ਕੋਰਸ ਵਿਚ ਤੇ ਚਾਰ ਨੂੰ ਗੈਰ-ਸਰਕਾਰੀ ਨਰਸਿੰਗ ਕਾਲਜਾਂ ਵਿਚ ਦਾਖਲਾ ਮਿਲ ਚੁੱਕਿਆ ਹੈ। ਜਿਨ੍ਹਾਂ ਬੱਚਿਆਂ ਨੂੰ ਮਰਜ਼ੀ ਦੇ ਮੈਡੀਕਲ ਜਾਂ ਇੰਜੀਨੀਅਰਿੰਗ ਕਾਲਜ ਵਿਚ ਦਾਖਲਾ ਨਹੀਂ ਮਿਲਦਾ ਜਾਂ ਫਿਰ ਉਂਝ ਮੁਤਾਬਿਕ ਸਫਲਤਾ ਨਹੀਂ ਮਿਲਦੀ ਉਨ੍ਹਾਂ ਲਈ ਰੀਪੀਟਰ ਬੈਚ 2019 ਤੋਂ ਸ਼ੁਰੂ ਕੀਤਾ ਗਿਆ ਹੈ। ਕੁੱਝ ਸਾਬਕਾ ਵਿਦਿਆਰਥੀ ਕੈਲੀਫੋਰਨੀਆ, ਬ੍ਰਿਟਿਸ਼ ਕੋਲੰਬੀਆ, ਕੈਰੋਲਾਈਨਾ, ਇੰਡੀਅਨਐਪੋਲਿਸ ਤੇ ਜਰਮਨੀ ਵਿਖੇ ਸਥਿਤ ਯੂਨੀਵਰਸਿਟੀਆਂ ਵਿਚ ਪੀਐਚ. ਡੀ, ਐਮ.ਐਸ., ਐਮ.ਬੀ.ਏ. ਕਰ ਰਹੇ ਨੇ। ਤੇ ਕੁਝ IIT ਖੜਗਪੁਰ, ਬਿਟਸ ਪਿਲਾਨੀ, IIM ਮੁੰਬਈ, NIPER; AIIMS; ਪੀ ਜੀ ਆਈ ਤੇ ਹੋਰ ਨਾਮੀ ਵਿੱਦਿਅਕ ਅਦਾਰਿਆਂ ਵਿਚ ਐਮ ਟੈਕ, ਐਮ ਐਸ, ਐਮ ਡੀ, ਐਮ ਫਾਰਮਾ ਕਰ ਰਹੇ ਨੇ।



*ਭਾਈ ਜੈਤਾ ਫਾਉਂਡੇਸ਼ਨ ਦੇ ਸੰਸਥਾਪਕ ਸ. ਹਰਪਾਲ ਸਿੰਘ ਸੰਸਥਾ ਦੇ ਵਿਦਿਆਰਥੀਆਂ ਨਾਲ।*

ਸਾਡੀ ਸਫਲਤਾ ਦੀ ਦਰ ਹੁਣ ਤਕ 87.20 ਪ੍ਰਤੀਸ਼ਤ ਹੈ। ਕੋਚਿੰਗ ਦਾ ਕੋਈ ਪੈਸਾ ਨਹੀਂ ਲਿਆ ਜਾਂਦਾ। ਰਹਿਣ ਦਾ ਪ੍ਰਬੰਧ ਮੁਫ਼ਤ ਹੈ। ਖਾਣ-ਪੀਣ ਮੁਫ਼ਤ। ਜਿਹੜੇ ਮਾਂ-ਪਿਓ ਕੁਝ ਵਿੱਤੀ ਯੋਗਦਾਨ ਪਾਉਣ ਦੇ ਸਮਰੱਥ ਹਨ ਉਹ ਪਾ ਸਕਦੇ ਨੇ ਤੇ ਪਾਉਂਦੇ ਵੀ ਨੇ। ਖਰਚਾ ਕਾਫ਼ੀ ਜ਼ਿਆਦਾ ਹੁੰਦਾ ਹੈ ਪਰ ਭਾਈ ਜੈਤਾ ਫਾਉਂਡੇਸ਼ਨ ਕਿਸੇ ਤੋਂ ਦਾਨ ਨਹੀਂ ਮੰਗਦੀ। ਕਈ ਦਿਆਨਤਦਾਰ ਤੇ ਪੰਜਾਬ ਤੇ ਕੌਮ ਦਾ ਫ਼ਿਕਰ ਰੱਖਣ ਵਾਲੇ ਆਪਣਾ ਵਿੱਤੀ ਯੋਗਦਾਨ ਪਾਉਂਦੇ ਨੇ। ਪੀ.ਜੀ.ਆਈ. ਦੇ ਸਾਬਕਾ ਡਾਇਰੈਕਟਰ ਡਾ. ਬੀ.ਐਨ.ਐਸ. ਵਾਲੀਆ ਨੇ ਵੱਡਾ ਵਿੱਤੀ ਯੋਗਦਾਨ ਪਾਇਆ ਹੈ। ਅਸੀਂ ਹੋਰ ਵੀ ਬਹੁਤ ਕੁਝ ਪੇਂਡੂ ਬੱਚਿਆਂ ਲਈ ਕਰਨਾ ਚਾਹੁੰਦੇ ਹਾਂ ਪਰ ਸੀਮਤ ਵਿੱਤੀ ਸਾਧਨ ਅੜਿੱਕਾ ਬਣ ਰਹੇ ਨੇ।

ਨੌਵੀਂ ਤੇ ਦਸਵੀਂ ਦੇ ਬੱਚਿਆਂ ਦਾ ਸਾਇੰਸ ਤੇ ਮੈਥ ਵਿਚ ਆਧਾਰ ਮਜ਼ਬੂਤ ਕਰਨ ਦੇ ਮਕਸਦ ਨਾਲ ਮੈਥ, ਸਾਇੰਸ ਤੇ ਹੋਰ ਵਿਸ਼ਿਆਂ 'ਚ ਕੋਚਿੰਗ ਦੇਣ ਲਈ ਆਨਲਾਈਨ ਕਲਾਸਾਂ 100 ਸਕੂਲਾਂ ਦੇ ਲਗਭਗ 1000 ਵਿਦਿਆਰਥੀਆਂ ਲਈ ਸਾਲ 2020 ਤੋਂ ਚਲਾਈਆਂ ਜਾ ਰਹੀਆਂ ਨੇ। ਭਾਈ ਜੈਤਾ ਫਾਉਂਡੇਸ਼ਨ ਨੇ 'ਮਿਸ਼ਨ ਨਵੋਦਿਆ' ਵੀ ਸ਼ੁਰੂ ਕੀਤਾ ਹੋਇਆ ਹੈ। ਪੇਂਡੂ ਬੱਚਿਆਂ ਨੂੰ ਨਵੋਦਿਆ ਸਕੂਲਾਂ 'ਚ ਦਾਖਲੇ ਲਈ ਤਿਆਰ ਕਰਨ ਵਾਸਤੇ ਪੰਜਵੀਂ ਦੇ ਬੱਚਿਆਂ ਲਈ ਕੋਚਿੰਗ ਦਾ ਪ੍ਰਬੰਧ ਹੈ। 2014 ਤੋਂ ਲੈ ਕੇ ਹੁਣ ਤੱਕ ਫਾਉਂਡੇਸ਼ਨ ਵੱਲੋਂ 1452 ਬੱਚਿਆਂ ਨੂੰ ਕੋਚਿੰਗ ਦੇ ਕੇ ਨਵੋਦਿਆ ਸਕੂਲਾਂ ਵਿਚ ਦਾਖ਼ਲ ਕਰਵਾਇਆ ਜਾ ਚੁਕਾ ਹੈ।

ਇਕ ਹੋਰ ਵੱਡਾ ਉਪਰਾਲਾ ਭਾਈ ਜੈਤਾ ਫਾਉਂਡੇਸ਼ਨ ਨੇ ਜੋ ਕੀਤਾ ਹੈ, ਉਹ ਹੈ ਚਾਰ ਸਾਲਾ ਕੋਚਿੰਗ ਪ੍ਰੋਗਰਾਮ। ਇਹ ਨੌਵੀਂ ਤੋਂ ਬਾਰ੍ਹਵੀਂ ਕਲਾਸ ਤਕ ਹੈ। ਪਹਿਲੀ ਵਾਰ ਇਸ ਸਾਲ ਭਾਈ ਜੈਤਾ ਫਾਉਂਡੇਸ਼ਨ ਨੇ ਅੱਠਵੀਂ ਪਾਸ ਬੱਚਿਆਂ ਨੂੰ ਚੁਣਿਆ ਹੈ। ਇਨ੍ਹਾਂ ਲਈ ਵੱਖਰਾ ਪ੍ਰਬੰਧ ਚੰਡੀਗੜ੍ਹ ਕੀਤਾ ਗਿਆ ਹੈ। ਇਨ੍ਹਾਂ ਨੂੰ ਪਲੱਸ ਟੂ ਤੱਕ ਫਾਉਂਡੇਸ਼ਨ ਚੰਡੀਗੜ੍ਹ ਹੀ ਪੜ੍ਹਾਏਗੀ। ਮਕਸਦ ਇਨ੍ਹਾਂ ਨੂੰ ਦੁਨੀਆ ਦੀਆਂ ਸਭ ਤੋਂ ਬਿਹਤਰ ਯੂਨੀਵਰਸਿਟੀਆਂ ਵਿਚ ਦਾਖਲੇ ਲਈ ਤਿਆਰ ਕਰਨਾ ਹੈ। ਸਰਦਾਰ ਹਰਪਾਲ ਸਿੰਘ ਦਾ ਮੰਨਣਾ ਹੈ ਕਿ ਇਸ ਵੇਲੇ ਚੀਨ ਦੀਆਂ ਯੂਨੀਵਰਸਿਟੀਆਂ ਵਿਚ ਸਭ ਤੋਂ ਵਧੀਆ ਪੜ੍ਹਾਈ ਹੋ ਰਹੀ ਹੈ। "ਇਹ ਮੇਰੀ ਸੋਚ ਹੈ ਕਿ ਸਾਡੀ ਕੌਮ ਦੇ ਸਾਧਾਰਣ ਘਰਾਂ ਦੇ ਲਾਇਕ ਬੱਚੇ ਦੁਨੀਆ ਦੀਆਂ ਸਭ ਤੋਂ ਵਧੀਆ ਯੂਨੀਵਰਸਿਟੀਆਂ 'ਚ ਪੜ੍ਹਨ।" ਇਸ ਤੋਂ ਇਲਾਵਾ ਮੈਂ ਇਨ੍ਹਾਂ ਬੱਚਿਆਂ ਨੂੰ ਹੁਣੇ ਤੋਂ ਹੀ ਪ੍ਰਸ਼ਾਸਨਿਕ ਸੇਵਾਵਾਂ ਲਈ ਤਿਆਰੀ ਕਰਨ ਦਾ ਜਾਗ ਵੀ ਲਾ ਰਿਹਾ ਹਾਂ।

ਭਾਈ ਜੈਤਾ ਦੇ ਨਾਮ 'ਤੇ ਫਾਉਂਡੇਸ਼ਨ ਬਣਾਉਣ ਦਾ ਖਿਆਲ ਕਿਵੇਂ ਆਇਆ?

ਮੈਂ ਪੜ੍ਹਾਈ ਨਾਲ ਖੇਤੀ ਦਾ ਕੰਮ ਵੀ ਦੇਖਦਾ ਸੀ। ਸਾਡੇ ਨਾਲ ਖੇਤ ਵਿਚ ਹਿੱਸੇ 'ਤੇ ਅਰਾਈਂ ਮੁਸਲਿਮ ਭਾਈਚਾਰੇ ਦੇ ਲੋਕ ਕੰਮ ਕਰਦੇ ਸੀ। 1947 ਵਿਚ ਉਹ ਪਾਕਿਸਤਾਨ ਚਲੇ ਗਏ। ਫਿਰ ਮੇਰੇ ਨਾਲ ਸਾਂਝੀ ਦੇ ਤੌਰ 'ਤੇ ਦਲਿਤ ਭਾਈਚਾਰੇ ਦੇ ਲੋਕ ਖੇਤੀ ਦਾ ਕੰਮ ਕਰਨ ਲੱਗ ਪਏ। ਉਹ ਗਰੀਬ ਜ਼ਰੂਰ ਸਨ ਪਰ ਮੈਂ ਉਨ੍ਹਾਂ ਦੀ ਇਮਾਨਦਾਰੀ, ਕੰਮ ਕਰਨ ਦੀ ਲਗਨ ਤੇ ਚਾਲ-ਚਲਣ (ਕਰੈਕਟਰ) ਤੋਂ ਬਹੁਤ ਪ੍ਰਭਾਵਿਤ ਹੋਇਆ। ਮੇਰੇ ਪਿਤਾ ਸਰਦਾਰ ਮਨੋਹਰ ਸਿੰਘ 'ਵੰਡ ਛਕੋ' ਸੋਚ ਦੇ ਧਾਰਨੀ ਸਨ। ਮੈਨੂੰ ਲਗਦਾ ਹੈ ਕਿ ਚੜ੍ਹਦੀ ਜਵਾਨੀ ਵਿਚ ਮੈਂ ਜਿਹੜੇ ਇਹ ਪ੍ਰਭਾਵ ਗ੍ਰਹਿਣ ਕੀਤੇ ਉਨ੍ਹਾਂ ਵਿਚੋਂ ਭਾਈ ਜੈਤਾ ਫਾਉਂਡੇਸ਼ਨ ਦਾ ਉਦੈ ਹੋਇਆ। ਸਵਰਗਵਾਸੀ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਮੇਰੇ ਨਜ਼ਦੀਕੀ ਮਿੱਤਰ ਸਨ। ਅਸੀਂ ਅਕਸਰ ਮਿਲਦੇ ਸੀ ਤੇ ਹਿਊਮਨ ਰਿਸੋਰਸ ਡਿਵੈਲਪਮੈਂਟ ਬਾਰੇ ਗੱਲਾਂ ਕਰਦੇ ਸੀ।"

ਫਾਉਂਡੇਸ਼ਨ ਵਲੋਂ ਚੰਡੀਗੜ੍ਹ ਵਿਚ ਸਥਿਤ ਨਾਮੀ ਇੰਡੋ-ਸਵਿਸ ਸੈਂਟਰ 'ਚ ਦਾਖਲੇ ਲਈ ਵੀ 40 ਦਿਨਾਂ ਦੀ ਕੋਚਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਤਕ 23 ਬੱਚੇ ਇਸ ਵਿਚ ਦਾਖਲਾ ਲੈ ਚੁੱਕੇ ਨੇ। ਇਸ ਤੋਂ ਇਲਾਵਾ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਤੇ ਹੈਲਥ ਤੇ ਫਿੱਟਨੈੱਸ ਪ੍ਰੋਗਰਾਮ ਵੀ ਚਲਦੇ ਨੇ। ਬਾਕੀ ਜਾਣਕਾਰੀ www.bjfindia.com 'ਤੇ ਮਿਲ ਸਕਦੀ ਹੈ। "ਮੈਂ ਬਹੁਤ ਕੋਸ਼ਿਸ਼ ਕਰ ਰਿਹਾਂ ਕਿ ਸਾਡੇ ਕੋਲ ਲਾਇਕ ਪੇਂਡੂ ਬੱਚੇ ਵੱਧ ਤੋਂ ਵੱਧ ਆਉਣ। ਜੇਕਰ ਤੁਸੀਂ ਸਧਾਰਨ ਘਰਾਂ ਦੇ ਲਾਇਕ ਪੇਂਡੂ ਬੱਚੇ ਸਾਡੇ ਕੋਲ ਵੱਧ ਤੋਂ ਵੱਧ ਭੇਜੋਗੇ ਤਾਂ ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ। ਸਾਡੀ ਸਾਰੀ ਕਾਰਗੁਜ਼ਾਰੀ ਤੁਹਾਡੇ ਸਾਹਮਣੇ ਹੈ।" ਹਰਪਾਲ ਸਿੰਘ ਨੇ ਗੱਲ ਖਤਮ ਕਰਦੇ ਹੋਏ ਕਿਹਾ।

# ਮੈਂ ਬਹੁਤ ਵੱਡਾ ਅਪਰਾਧੀ ਹਾਂ!

ਫਰੈਡਰਿਕ ਮਹਾਨ ਨੇ ਆਪਣੀ ਡਾਇਰੀ ਵਿਚ ਇੱਕ ਘਟਨਾ ਦਾ ਉਲੇਖ ਕੀਤਾ ਹੈ। ਉਸਨੇ ਲਿਖਿਆ ਹੈ ਕਿ ਇੱਕ ਵਾਰ ਮੈਂ ਆਪਣੀ ਰਾਜਧਾਨੀ ਦੀ ਵੱਡੀ ਜੇਲ੍ਹ ਵਿਚ ਗਿਆ। ਸਮਰਾਟ ਖੁਦ ਆ ਰਿਹਾ ਸੀ, ਕੁਦਰਤੀ ਤੌਰ 'ਤੇ, ਹਰ ਆਦਮੀ ਨੇ ਉਸਦੇ ਪੈਰ ਫੜੇ, ਹੱਥ ਜੋੜੇ ਅਤੇ ਕਿਹਾ ਕਿ ਅਸੀਂ ਕੋਈ ਵੀ ਅਪਰਾਧ ਨਹੀਂ ਕੀਤਾ ਹੈ, ਇਹ ਤਾਂ ਕੁਝ ਸ਼ਰਾਰਤੀ ਲੋਕਾਂ ਨੇ ਸਾਨੂੰ ਫਸਾ ਦਿੱਤਾ ਹੈ।

ਕਿਸੇ ਨੇ ਕਿਹਾ, 'ਅਸੀਂ ਤਾਂ ਹੋਸ਼ ਵਿਚ ਹੀ ਨਹੀਂ ਸੀ। ਕੁਝ ਸਾਜ਼ਿਸ਼ਕਾਰਾਂ ਨੇ ਸਾਡੇ ਕੋਲੋਂ ਕਰਵਾ ਲਿਆ।' ਕਿਸੇ ਨੇ ਕਿਹਾ, 'ਅਸੀਂ ਗਰੀਬ ਸੀ, ਅਸੀਂ ਆਪਣੇ ਆਪ ਨੂੰ ਬਚਾ ਨਹੀਂ ਸਕੇ, ਚੰਗਾ ਵਕੀਲ ਨਹੀਂ ਕਰ ਸਕੇ, ਇਸ ਲਈ ਅਸੀਂ ਫਸ ਗਏ ਹਾਂ। ਅਮੀਰ ਲੋਕ ਸਾਡੇ ਵਿਰੁੱਧ ਸਨ, ਉਹ ਤਾਂ ਬਚ ਗਏ ਅਤੇ ਅਸੀਂ ਸਜ਼ਾ ਭੁਗਤ ਰਹੇ ਹਾਂ।'

ਪੂਰੀ ਜੇਲ੍ਹ ਵਿਚ ਸੈਂਕੜੇ ਅਪਰਾਧੀਆਂ ਕੋਲ ਫਰੈਡਰਿਕ ਗਿਆ। ਹਰੇਕ ਨੇ ਕਿਹਾ ਉਸ ਤੋਂ ਵੱਧ ਬੇਕਸੂਰ ਆਦਮੀ ਲੱਭਣਾ ਮੁਸ਼ਕਲ ਹੈ! ਅਖੀਰ ਵਿਚ, ਸਿਰਫ ਇੱਕ ਆਦਮੀ ਸਿਰ ਝੁਕਾਈ ਬੈਠਾ ਸੀ। ਫਰੈਡਰਿਕ ਨੇ ਕਿਹਾ, 'ਤੂੰ ਕੁਝ ਨਹੀਂ ਕਹਿਣਾ?' ਉਸ ਆਦਮੀ ਨੇ ਕਿਹਾ, 'ਮਾਫ਼ ਕਰਨਾ। ਮੈਂ ਬਹੁਤ ਵੱਡਾ ਅਪਰਾਧੀ ਹਾਂ। ਜੋ ਮੈਂ ਕੀਤਾ ਹੈ, ਮੈਨੂੰ ਉਸਦੀ ਠੀਕ ਸਜ਼ਾ ਮਿਲੀ ਹੈ।'

ਫਰੈਡਰਿਕ ਨੇ ਆਪਣੇ ਜੇਲਰ ਨੂੰ ਕਿਹਾ, 'ਇਸ ਆਦਮੀ ਨੂੰ ਤੁਰੰਤ ਜੇਲ੍ਹ ਤੋਂ ਰਿਹਾ ਕਰ ਦਿਓ; ਕਿਤੇ ਅਜਿਹਾ ਨਾ ਹੋਵੇ ਕਿ ਬਾਕੀ ਨਿਰਦੋਸ਼ ਅਤੇ ਭਲੇ ਲੋਕ ਇਸਦੇ ਨਾਲ ਰਹਿ ਕੇ ਵਿਗੜ ਜਾਣ! ਇਸਨੂੰ ਤੁਰੰਤ ਜੇਲ੍ਹ ਤੋਂ ਬਾਹਰ ਕੱਢ ਦਿਓ। ਕਿਤੇ ਅਜਿਹਾ ਨਾ ਹੋਵੇ ਕਿ ਬਾਕੀ ਇਨੋਸੇਂਟ ਲੋਕ... ਕਿਉਂਕਿ ਬਾਕੀ ਸਾਰੀ ਜੇਲ੍ਹ ਤਾਂ ਬੇਕਸੂਰ ਲੋਕਾਂ ਨਾਲ ਭਰੀ ਹੋਈ ਹੈ, ਉਹ ਕਿਤੇ ਇਸਦੇ ਨਾਲ ਰਹਿ ਕੇ ਵਿਗੜ ਨਾ ਜਾਣ ਇਸ ਲਈ ਉਸਨੂੰ ਹੁਣੇ ਰਿਹਾਅ ਕਰੋ।



ਉਹ ਆਦਮੀ ਬਹੁਤ ਹੈਰਾਨ ਹੋਇਆ। ਉਸਨੇ ਕਿਹਾ ਕਿ ਤੁਸੀਂ ਇਹ ਕੀ ਕਰ ਰਹੇ ਹੋ? ਮੈਂ ਇੱਕ ਅਪਰਾਧੀ ਹਾਂ।' ਫਰੈਡਰਿਕ ਮਹਾਨ ਨੇ ਕਿਹਾ ਕਿ ਕੋਈ ਆਦਮੀ ਆਪਣੇ ਅਪਰਾਧ ਨੂੰ ਕਬੂਲ ਕਰ ਲਵੇ ਇਸ ਤੋਂ ਵੱਡੀ ਨਿਰਪਰਾਧਤਾ, ਇਸ ਤੋਂ ਵੱਡੀ ਇਨੋਸੈਂਸ ਕੋਈ ਨਹੀਂ ਹੈ। ਤੂੰ ਬਾਹਰ ਜਾ।

ਇਸ ਸੰਸਾਰ ਦੇ ਜੰਜਾਲ ਵਿਚੋਂ ਵੀ, ਸਿਰਫ ਉਹੀ ਲੋਕ ਬਾਹਰ ਜਾ ਪਾਉਂਦੇ ਹਨ ਜੋ ਆਪਣੀ ਅਸਲ ਸਥਿਤੀ ਨੂੰ ਸਵੀਕਾਰ ਕਰਨ ਵਿਚ ਸਮਰੱਥ ਹਨ। ਆਪਣੇ ਆਪ ਨੂੰ ਜੋ ਧੋਖਾ ਦੇਵੇਗਾ, ਦਿੰਦਾ ਰਹੇ...। ਪਰਮਾਤਮਾ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। **-ਓਸ਼ੋ (ਪੰਜਾਬੀ ਅਨੁਵਾਦ: ਮੀਤ ਅਨਮੋਲ)**

# ਦਰਸ਼ਕਾਂ ਦੇ ਦਿਲਾਂ ’ਤੇ ਡੂੰਘੀ ਛਾਪ ਛੱਡ ਗਿਆ ਨਾਟਕ –‘ਸਾਂਗ ਆਫ਼ ਦ ਲੌਸਟ ਰਿਵਰ’

## ਆਤਮਜੀਤ ਦੇ ਅੰਗਰੇਜ਼ੀ ਨਾਟਕ ਦਾ ਸ਼ਿਕਾਗੋ ’ਚ ਸਫ਼ਲ ਮੰਚਨ; ਗੁਲਾਬ ਬਾਈ ਦੇ ਜੀਵਨ-ਸੰਘਰਸ਼ ਦੀ ਬੇਮਿਸਾਲ ਗਾਥਾ ਕੀਤੀ ਪੇਸ਼



**ਰਵਿੰਦਰ ਸਹਿਰਾਅ**





















**ਸ਼ਿਕਾਗੋ:** ਪੰਜਾਬੀ ਨਾਟਕਕਾਰ ਆਤਮਜੀਤ ਪਿਛਲੇ ਤਿੰਨ ਸਾਲਾਂ ਤੋਂ ਸ਼ਿਕਾਗੋਲੈਂਡ ਵਿਚ ਨੇਮ ਨਾਲ ਆਪਣੀਆਂ ਨਾਟਕੀ ਸਰਗਰਮੀਆਂ ਕਰ ਰਿਹਾ ਹੈ। ਏਥੇ ਉਹ ਆਪਣੇ ਲਿਖੇ ਨਾਟਕ ‘ਸਾਹਨੀ ਸੱਚ ਕਹਿੰਦਾ ਸੀ’ ਅਤੇ ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’ ਨੂੰ ਭਾਰੀ ਸਫ਼ਲਤਾ ਨਾਲ ਖੇਡ ਚੁੱਕਾ ਹੈ। ਇਸੇ ਤਰ੍ਹਾਂ ਉਸਨੇ ਆਪਣੇ ਚਰਚਿਤ ਨਾਟਕ ‘ਮੈਂ ਤਾਂ ਇਕ ਸਾਰੰਗੀ ਹਾਂ’ ਦਾ ਹਿੰਦੀ ਵਿਚ ਵੀ ਮੰਚਨ ਕੀਤਾ ਜਿਹੜਾ ਕਿ ਬਹੁਤ ਸਲਾਹਿਆ ਗਿਆ। ਇਸ ਸਾਲ ਉਸ ਨੇ 27-28 ਸਤੰਬਰ ਨੂੰ ਹਾਰਪਰ ਕਾਲਜ ਦੇ ਸੈਂਟਰ ਫ਼ਾਰ ਪਰਫ਼ਾਰਮਿੰਗ ਆਰਟਸ ਦੇ ਖ਼ੂਬਸੂਰਤ ਹਾਲ ਵਿਚ ਆਪਣੇ ਪੰਜਾਬੀ ਨਾਟਕ ‘ਗਵਾਚੀ ਨਦੀ ਦਾ ਗੀਤ’ ਦਾ ਅੰਗਰੇਜ਼ੀ ਰੂਪ ‘ਸਾਂਗ ਆਫ਼ ਦ ਲੌਸਟ ਰਿਵਰ’ ਦੇ ਨਾਂ ਹੇਠ ਪੇਸ਼ ਕੀਤਾ। ਇਸ ਨਾਟਕ ਨੂੰ ਇਥੋਂ ਦੀਆਂ ਦੋ ਵੱਡੀਆਂ ਕਲਾ ਸੰਸਥਾਵਾਂ ‘ਨ੍ਰਿਤਯ ਨਾਟਯ ਅਕਾਡਮੀ’ ਅਤੇ ‘ਡਰਾਮਾਟੈਕ ਔਫ਼ ਅਮੈਰਿਕਾ’ ਵੱਲੋਂ ਤਿਆਰ ਕੀਤਾ ਗਿਆ।

ਇਸ ਨਾਟਕ ਵਿਚ ਹਿੰਦੁਸਤਾਨ ਦੇ ਮਸ਼ਹੂਰ ਲੋਕ-ਨਾਟ ਰੂਪ ਨੌਟੰਕੀ ਦੀ ਮਹਾਨ ਕਲਾਕਾਰ ਗੁਲਾਬ ਬਾਈ ਦੇ ਜੀਵਨ- ਸੰਘਰਸ਼ ਦੀ ਬੇਮਿਸਾਲ ਗਾਥਾ ਹੈ, ਜੋ ਉਸ ਨੇ ਕਲਾ ਅਤੇ ਔਰਤ ਦੀ ਇੱਜ਼ਤ ਨੂੰ ਬਣਾਉਣ ਵਾਸਤੇ ਕੀਤਾ। ਉਹ ਬੇਦੀਆ ਨਾਂ ਦੇ ਉਸ ਆਦਿਵਾਸੀ ਕਬੀਲੇ ਨਾਲ ਸੰਬੰਧਿਤ ਸੀ ਜਿਸਨੂੰ ਇਤਿਹਾਸਕ ਕਾਰਨਾਂ ਕਰਕੇ ਅੰਗਰੇਜ਼ਾਂ ਨੇ ਅਪਰਾਧਕ ਕਬੀਲਾ ਘੋਸ਼ਿਤ ਕਰ ਦਿੱਤਾ ਸੀ ਅਤੇ ਜਿਨ੍ਹਾਂ ਦੀਆਂ ਔਰਤਾਂ ਨੂੰ ਕਈ ਵਾਰ ਪੇਟ ਪਾਲਣ ਵਾਸਤੇ ਲੋਕਾਂ ਸਾਹਮਣੇ ਨੱਚਣ-ਗਾਉਣ ਦਾ ਆਸਰਾ ਲੈਣਾ ਪੈਂਦਾ ਸੀ, ਇਸ ਕਿੱਤੇ ਵਿਚ ਉਨ੍ਹਾਂ ਨਾਲ ਜੋ ਕੁਝ ਵਾਪਰਦਾ ਸੀ, ਉਹ ਬਹੁਤ ਘਿਨਾਉਣਾ ਸੀ। ਅਜਿਹੀਆਂ ਔਰਤਾਂ ਨੂੰ ਔਰਤ ਅਤੇ ਆਦਿ-ਵਾਸੀ ਹੋਣ ਤੋਂ ਇਲਾਵਾ ਉਨ੍ਹਾਂ ਜਗੀਰੂ ਸੋਚ ਵਾਲੇ ਬੰਦਿਆਂ ਦਾ ਜ਼ੁਲਮ ਵੀ ਸਹਿਣਾ ਪੈਂਦਾ ਸੀ ਜਿਹੜੇ ਆਪਣੇ ਪੈਸੇ ਦੇ ਜ਼ੋਰ ਨਾਲ ਉਨ੍ਹਾਂ ਨੂੰ ਵਰਤਦੇ ਤਾਂ ਰਹੇ ਪਰ ਉਨ੍ਹਾਂ ਨੂੰ ਕਦੇ ਸਵੈ-ਮਾਣ ਵਾਲੀ ਆਜ਼ਾਦ ਅਤੇ ਨਿਡਰ ਜ਼ਿੰਦਗੀ ਨਾ ਦਿੱਤੀ। ਇਸ ਸਥਿਤੀ ਵਿਚ ਗੁਲਾਬ ਬਾਈ ਨੇ ਜਿਹੜੀ ਲੜਾਈ ਲੜੀ ਇਹ ਨਾਟਕ ਉਸਦੀ ਕਹਾਣੀ ਹੈ। ਭਾਵੇਂ ਮਰਦ ਪ੍ਰਧਾਨ ਸਮਾਜ ਨੇ ਗੁਲਾਬ ਬਾਈ ਨੂੰ ਜ਼ਿੰਦਗੀ ਵਿਚ ਚੰਗਾ ਅੰਤ ਫਿਰ ਵੀ ਨਹੀਂ ਦਿੱਤਾ ਪਰ ਇਹ ਬਹਾਦਰ ਔਰਤ ਆਪਣੀ ਕਲਾ ਦੇ ਜ਼ੋਰ ਨਾਲ ਇਕ ਵਾਰ ਤਾਂ ਸਾਡੇ ਸਭਿਆਚਾਰਕ ਅਕਾਸ਼ ਉਪਰ ਛਾ ਗਈ ਸੀ। ਉਸਨੂੰ ਸੰਗੀਤ ਨਾਟਕ ਅਕਾਦਮੀ ਦਾ ਵਕਾਰੀ ਪੁਰਸਕਾਰ ਮਿਲਿਆ। ਉਸ ਨੂੰ ਭਾਰਤ ਸਰਕਾਰ ਨੇ ‘ਪਦਮ ਸ੍ਰੀ’ ਦੇ ਖਿਤਾਬ ਨਾਲ ਵੀ ਸਨਮਾਨਿਤ ਕੀਤਾ। ਨਾਟਕ ‘ਸਾਂਗ ਆਫ਼ ਦ ਲੌਸਟ ਰਿਵਰ’ ਭਾਵਪੂਰਤ ਤਰੀਕੇ ਨਾਲ ਕਲਾ, ਔਰਤ ਅਤੇ ਸਵੈਮਾਣ ਦੀ ਰਾਖੀ ਕਰਨ ਦੀ ਗੱਲ ਕਰਦਾ ਹੈ। ਸਿੱਕਮ ਯੂਨੀਵਰਸਟੀ ਦੀ ਮਨੋਵਿਗਿਆਨ ਦੀ ਪ੍ਰੋਫ਼ੈਸਰ ਸਨੇਹਲਤਾ ਜਸਵਾਲ ਨੇ ਇਸ ਬਾਰੇ ਲਿਖਿਆ ਹੈ, “ਬਾਵਜੂਦ ਇਸ ਗੱਲ ਦੇ ਕਿ ਉਸਦਾ ਆਲਾ-ਦਵਾਲਾ ਉਸਦੇ ਪਰਿਵਾਰ ਦੇ ਰੂਪ ਵਿਚ ਗੰਦ ਨਾਲ ਭਰਿਆ ਹੋਇਆ ਸੀ, ਗੁਲਾਬ ਬਾਈ ਪਵਿੱਤਰ ਅਤੇ ਸਾਫ਼-ਸੁਥਰੀ ਸੀ।”

ਇਸ ਸਵਾਲ ਦੇ ਜਵਾਬ ਵਿਚ ਕਿ ਇਸ ਨਾਟਕ ਨੂੰ ਅੰਗਰੇਜ਼ੀ ਵਿਚ ਕਿਉਂ ਕੀਤਾ, ਆਤਮਜੀਤ ਨੇ ਦੱਸਿਆ, “ਇਸਦੇ ਕਈ ਕਾਰਨ ਹਨ; ਪਰ ਵੱਡੇ ਕਾਰਨ ਦੋ ਹਨ। ਪਹਿਲਾ ਇਹ ਕਿ ਪੰਜਾਬੀ ਵਿਚ ਅਜੇ ਸਾਡੇ ਕੋਲ ਨਾ ਤਾਂ ਅਜਿਹੇ ਨਾਟਕਾਂ ਵਾਸਤੇ ਦਰਸ਼ਕ ਹਨ ਤੇ ਨਾ ਹੀ ਅਭਿਨੇਤਾ। ਸਮੇਂ ਨਾਲ ਹੌਲੀ-ਹੌਲੀ ਸਥਿਤੀ ਜ਼ਰੂਰ ਬਦਲੇਗੀ। ਦੂਜਾ ਕਾਰਨ ਮੈਨੂੰ ਖ਼ੁਸ਼ੀ ਦੇ ਰਿਹਾ ਹੈ ਕਿ ਅਸੀਂ ਹੁਣ ਤਕ ਅੰਗਰੇਜ਼ੀ ਨਾਟਕਾਂ ਦਾ ਪੰਜਾਬੀ ਅਨੁਵਾਦ ਹੀ ਖੇਡਦੇ ਰਹੇ। ਇੱਥੇ ਮੇਰੇ ਕੋਲ ਸਥਿਤੀ ਨੂੰ ਬਦਲਣ ਦਾ ਮੌਕਾ ਸੀ ਜਿਸਨੂੰ ਮੈਂ ਹੱਥੋਂ ਨਹੀਂ ਜਾਣ ਦਿੱਤਾ, ਹੋਰ ਵੀ ਖ਼ੁਸ਼ੀ ਦੀ ਗੱਲ ਇਹ ਹੈ ਕਿ ਮੁੱਖ ਧਾਰਾ ਦੇ 15-20 ਦਰਸ਼ਕਾਂ ਨੇ ਇਸ ਨਾਟਕ ਨੂੰ ਦੇਖਿਆ ਅਤੇ ਮਾਣਿਆ। ਭਾਵੇਂ ਇਹ ਵੀ ਠੀਕ ਹੈ ਕਿ ਨਾਟਕ ਨੂੰ ਜੇ ਹਿੰਦੀ ਵਿਚ ਕੀਤਾ ਜਾਂਦਾ ਤਾਂ ਸ਼ਾਇਦ ਬਹੁਤ ਜ਼ਿਆਦਾ ਦਰਸ਼ਕ ਆਕਰਸ਼ਤ ਹੁੰਦੇ।” ਆਤਮਜੀਤ ਨੇ ਇਸ ਨਾਟਕ ਨੂੰ ਇਕ ਮਿਊਜ਼ੀਕਲ ਦੇ ਰੂਪ ਵਿਚ ਪੇਸ਼ ਕੀਤਾ ਜਿਸ ਵਿਚ ਬਹੁਤ ਸਾਰਾ ਸੰਗੀਤ, ਗਾਣੇ ਅਤੇ ਡਾਂਸ ਸ਼ਾਮਿਲ ਹਨ। ਗੁਲਾਬ ਬਾਈ ਦੇ ਗਾਏ ਹੋਏ ਚਾਰ ਗੀਤਾਂ ਨੂੰ ਦੋਬਾਰਾ ਰਿਕਾਰਡ ਕਰ ਕੇ ਪੇਸ਼ ਕੀਤਾ ਗਿਆ। ਬਹੁਤੇ ਗਾਣੇ ਭਾਗ ਲੈਣ ਵਾਲੇ ਕਲਾਕਾਰਾਂ ਨੇ ਹੀ ਗਾਏ ਹਨ। ਇਸ ਤੋਂ ਇਲਾਵਾ ਕਈ ਹੋਰ ਕਲਾਕਾਰ ਲਾਈਵ ਗਾਣੇ ਗਾਉਂਦੇ ਵੀ ਨਜ਼ਰ ਆਏ ਜਿਨ੍ਹਾਂ ਨਾਲ ਲਾਈਵ ਸੰਗੀਤ ਵੀ ਚੱਲ ਰਿਹਾ ਸੀ। ਮਧੁਰਾ, ਸੰਜੇ ਅਤੇ ਜੋਤੀ ਬੜੇ ਹੀ ਸੁਘੜ ਗਾਇਕ ਹਨ ਜਿਨ੍ਹਾਂ ਦੇ ਸੁਰਾਂ ਵਿਚ ਜਾਦੂ ਅਤੇ ਆਵਾਜ਼ ਵਿਚ ਦਮ ਸੀ।

ਮਧੁਰਾ ਨਾਰਥ ਅਮਰੀਕਾ ਦੀਆਂ ਬਿਹਤਰੀਨ ਕਥਕ ਨਰਤਕੀਆਂ ਵਿਚੋਂ ਇਕ ਹੈ ਅਤੇ ਇਸ ਨ੍ਰਿਤ ਦੀ ਸਿਖਲਾਈ ਦੇਣੀ ਉਸਦਾ ਕਸਬ ਹੈ। ਉਹ ਕਮਾਲ ਦੀ ਕਲਾਕਾਰ ਹੈ; ਹੁਣੇ ਜੇਹੇ ਉਸਨੇ ਮਾਧੁਰੀ ਦੀਕਸ਼ਿਤ ਨਾਲ ਇਕ ਮਰਾਠੀ ਫ਼ਿਲਮ ਵੀ ਕੀਤੀ ਹੈ। ਉਸਨੇ ਗੁਲਾਬ ਬਾਈ ਦੇ ਰੋਲ ਨੂੰ ਜ਼ਿੰਦਾ ਕਰ ਦਿੱਤਾ। ਉਸਦੇ ਕੋਰੀਉਗਰਾਫ਼ ਕੀਤੇ ਡਾਂਸ ਵੀ ਬਹੁਤ ਦਿਲ ਖਿੱਚਵੇਂ ਸਨ। ਸੰਜੇ ਸਟੇਜ ਦੇ ਨਾਲ-ਨਾਲ ਕੋਂਕਨੀ ਫ਼ਿਲਮਾਂ ਵਿਚ ਵੀ ਕੰਮ ਕਰ ਚੁੱਕਾ ਹੈ। ਇਸ ਬਿਹਤਰੀਨ ਕਲਾਕਾਰ ਅਤੇ ਗਾਇਕ ਨੂੰ ਉਸਦੀ ਇਕ ਕੋਂਕਣੀ ਫਿਲਮ ਵਾਸਤੇ ਦੋ ਅੰਤਰਰਾਸ਼ਟਰੀ ਇਨਾਮ ਮਿਲ ਚੁੱਕੇ ਹਨ। ਉਸ ਨੇ ਹਰੀਆ ਦੀ ਭੂਮਿਕਾ ਵਿਚ ਇਕ ਯਾਦਗਾਰੀ ਰੋਲ ਨਿਭਾਇਆ। ਜਯੋਤੀ ਰਾਉ ਨੇ ਛੋਟੀ ਬੱਚੀ ਦਾ ਰੋਲ ਜਿਸ ਅਦਾਕਾਰੀ ਨਾਲ ਪੇਸ਼ ਕੀਤਾ ਅਤੇ ਜਿਵੇਂ ਉਸਨੇ ਆਪਣੇ ਆਪ ਨੂੰ ਵਡੇਰੀ ਉਮਰ ਵਿਚ ਢਾਲਿਆ, ਉਹ ਉਚਤਮ ਅਭਿਨੈ ਦੀ ਇਕ ਮਿਸਾਲ ਸੀ। ਮੂਲ ਰੂਪ ਵਿਚ ਇਹ ਸਾਰੇ ਮਰਾਠੀ ਕਲਾਕਾਰ ਹਨ। ਇਕ ਹੋਰ ਮਰਾਠੀ ਕਲਾਕਾਰ ਸੁਨੀਲ ਮੁੰਡਲੇ ਨੇ ਪੰਜਾਬੀ ਪਾਤਰ ਬਲਬੀਰ ਸਿੰਘ ਦੀ ਭੂਮਿਕਾ ਬੜੀ ਨਿਪੁੰਨਤਾ ਨਾਲ ਨਿਭਾਈ। ਉਹ ਲਗਪਗ 50 ਹਿੰਦੀ, ਅੰਗਰੇਜ਼ੀ, ਉਰਦੂ, ਅਤੇ ਮਰਾਠੀ ਅੰਗਰੇਜ਼ੀ ਨਾਟਕਾਂ ਵਿਚ ਮੁਹਰੀ ਭੂਮਿਕਾਵਾਂ ਨਿਭਾ ਚੁੱਕਾ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਹਿਮਾਂਸ਼ੂ, ਬਿਹਾਰ ਦੀ ਰੌਸ਼ਿਤਾ, ਮਹਾਂਰਾਸ਼ਟਰ ਦੀ ਅਨੂਪਮਾ ਨੇ ਆਪੋ-ਆਪਣੇ ਰੋਲ ਖ਼ੂਬਸੂਰਤੀ ਨਾਲ ਨਿਭਾਏ ਅਤੇ ਦਰਸ਼ਕਾਂ ਦੀ ਭਰਵੀਂ ਦਾਦ ਲਈ। ਦੇਵੀ ਦੇ ਰੂਪ ਵਿਚ ਜਦੋਂ ਅਨੂਪਮਾ ਉਸਦੀ ਆਪਣੀ ਤਸਵੀਰ ਨੂੰ ਲੈ ਕੇ ਬਣਾਏ ਦਸ ਫ਼ੁੱਟ ਉਚੇ ਚਿਤਰ ਦੇ ਪਿੱਛੋਂ ਨਿਕਲਦੀ ਹੈ ਤਾਂ ਉਸਦੀ ਪ੍ਰਭਾਵਸ਼ਾਲੀ ਆਵਾਜ਼ ਇਕ ਅਲੌਕਿਕ ਦ੍ਰਿਸ਼ ਸਿਰਜਦੀ ਹੈ। ਦੇਵੀ ਫੂਲਮਤੀ ਵਿਚ ਗੁਲਾਬ ਬਾਈ ਦੀ ਬਹੁਤ ਆਸਥਾ ਸੀ; ਉਸਨੇ ਸ਼ਰਧਾ ਨਾਲ ਆਪਣੇ ਪਿੰਡ ਵਿਚ ਉਸਨੂੰ ਸਮਰਪਿਤ ਮੰਦਰ ਵੀ ਬਣਾਇਆ ਸੀ। ਪੰਜਾਬੀ ਕਲਾਕਾਰ ਸਤਵੰਤ ਸੁਮੇਲ ਨੇ ਦੇਵੀ ਦੀ ਪੇਂਟਿੰਗ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਹੈ ਪਰ ਆਤਮਜੀਤ ਨੇ ਦੇਵੀ ਨੂੰ ਰਹੱਸਮਈ ਜਾਂ ਪਾਰਲੌਕਿਕ ਬਿੰਬ ਦੇਣ ਦੀ ਬਜਾਇ ਇਕ ਮਾਨਵੀ ਅਕਾਰ ਦਿੱਤਾ ਹੈ। ਉਸਦੀ ਦੇਵੀ ਸਾਰੀਆਂ ਉਹ ਗੱਲਾਂ ਕਰਦੀ ਹੈ ਜਿਹੜੀਆਂ ਇਕ ਤਰਕਸ਼ੀਲ ਆਧੁਨਿਕ ਇਨਸਾਨ ਕਰੇਗਾ। ਨਾਟਕਕਾਰ ਦਾ ਕਹਿਣਾ ਹੈ ਕਿ, “ਜਦੋਂ ਇਨਸਾਨ ਕੋਲੋਂ ਸਾਰੇ ਆਸਰੇ ਖੁੱਸ ਜਾਂਦੇ ਹਨ ਤਾਂ ਧਰਮ ਉਸ ਵਾਸਤੇ ਇਕ ਟੇਕ ਬਣਦਾ ਹੈ। ਪਰ ਗੁਲਾਬ ਬਾਈ ਦਾ ਕਮਾਲ ਇਹ ਹੈ ਕਿ ਉਸਨੇ ਆਪਣੀ ਜ਼ਿੰਦਗੀ ਨੂੰ ਉਸ ਵਿਚ ਜਜ਼ਬ ਕਰ ਦੇਣ ਦੀ ਬਜਾਇ ਧਰਮ ਪਾਸੋਂ ਪ੍ਰੇਰਨਾ ਲੈ ਕੇ ਔਰਤ ਦੇ ਸੰਘਰਸ਼ ਦਾ ਇਕ ਨਵਾਂ ਇਤਿਹਾਸ ਰਚਿਆ।”

ਗੁਜਰਾਤ ਦਾ ਅਕਾਸ਼ ਜੋਸ਼ੀ ਕਮਾਲ ਦਾ ਸੰਗੀਤਕਾਰ ਅਤੇ ਗਵੱਈਆ ਹੈ ਜੋ ਨਾਟਕ ਵਿਚ ਗੁਲਾਬ ਬਾਈ ਦੇ ਸੰਗੀਤਕਾਰ ਸਾਥੀ ਦੀ ਭੂਮਿਕਾ ਨਿਭਾਉਂਦਾ ਹੈ, ਉਹ ਉਸਨੂੰ ਆਪਣੇ ਬੰਦੇ ਵਾਂਗ ਕੋਲ ਰੱਖਦੀ ਹੈ। ਇਹ ਅਕਾਸ਼ ਦਾ ਪਹਿਲਾ ਨਾਟਕ ਹੈ। ਉਸਨੇ ਅਭਿਨੈ ਦੇ ਨਾਲ-ਨਾਲ ਨਾਟਕ ਦਾ ਕੁੱਲ ਪਿੱਠਭੂਮੀ ਸੰਗੀਤ ਵੀ ਕਲਾਤਮਕਤਾ ਨਾਲ ਨਿਭਾਇਆ ਹੈ। ਪਰ ਨਾਟਕ ਦੇ ਗਾਣਿਆਂ ਦਾ ਸਾਰਾ ਦਿਲ-ਖਿੱਚਵਾਂ ਸੰਗੀਤ ਮੋਹਾਲੀ ਦੇ ਜਗਜੀਤ ਰਾਣਾ ਦਾ ਹੈ। ਇਨ੍ਹਾਂ ਗਾਣਿਆਂ ਨੂੰ ਮਧੁਰਾ ਨੇ ਮੁਹਾਲੀ ਵਿਚ ਜਾ ਕੇ ਰਿਕਾਰਡ ਕਰਵਾਇਆ। ਨੌਟੰਕੀ ਦੀ ਝਲਕ ਦੇਣ ਵਾਲੇ ਮੁੱਢਲੇ ਗਾਣੇ ਨੂੰ ਅਵਨੂਰ ਨੇ ਬਹੁਤ ਹੀ ਪ੍ਰਬੀਨਤਾ ਨਾਲ ਗਾਇਆ ਜਿਹੜਾ ਕਿ ਆਉਣ ਵਾਲੇ ਕਈ ਸਾਲਾਂ ਤਕ ਸੁਣਿਆ ਜਾਂਦਾ ਰਹੇਗਾ। ਨਾਟਕ ਵਿਚ ਦੋ ਪੰਜਾਬੀ ਅਦਾਕਾਰ ਵੀ ਹਨ। ਚਰਨਦੀਪ ਸਿੰਘ ਸਭ ਤੋਂ ਵਡੇਰੀ ਉਮਰ ਦਾ ਕਲਾਕਾਰ ਹੈ। ਉਧਰ ਨਿਤੀਸ਼ ਨੇ ਗੁਲਾਬ ਬਾਈ ਦੇ ਬਾਪ ਦਾ ਰੋਲ ਬੜੀ ਠੇਠਤਾ ਨਾਲ ਨਿਭਾਇਆ।

ਨੌਟੰਕੀ ਨਾਲ ਮੇਲ ਖਾਂਦਾ ਮੁਢਲਾ ਗੀਤ ਅਤੇ ਪੰਜ ਲੜਕੀਆਂ ਦਾ ਲੋਕ-ਨਾਚ ਬਹੁਤ ਦਿਲ ਖਿੱਚਵਾਂ ਸੀ। ਦਰਸ਼ਕ ਇਸ ਨਾਟਕ ਦੇ ਸੰਗੀਤ ਦੇ ਨਾਲ-ਨਾਲ ਸੈੱਟ ਨੂੰ ਦੇਖ ਕੇ ਵੀ ਬਹੁਤ ਹੈਰਾਨ ਹੋਏ ਜਿਹੜਾ ਵਾਰ-ਵਾਰ ਬਦਲ ਰਿਹਾ ਸੀ। ਬਾਕੀ ਦੇ ਸਮੂਹ ਨਾਚ ਅਤੇ ਗੁਲਾਬ ਬਾਈ ਦੇ ਸਾਰੇ ਨ੍ਰਿਤ ਬਹੁਤ ਢੁਕਵੇਂ, ਕਲਾਮਈ ਅਤੇ ਅਰਥ ਭਰਪੂਰ ਸਨ। ਹੈਰਾਨੀ ਹੋ ਰਹੀ ਸੀ ਕਿ ਕਿਵੇਂ ਗੁਲਾਬ ਬਾਈ ਹਰ ਦ੍ਰਿਸ਼ ਤੋਂ ਬਾਅਦ ਆਪਣੀ ਨਵੀਂ ਕਾਸਟਿਊਮ ਅਤੇ ਨਵੇਂ ਮੂਡ ਵਿਚ ਪਰਤ ਰਹੀ ਸੀ। ਰੌਸ਼ਨੀਆਂ ਦੀ ਵਰਤੋਂ ਵੀ ਕਮਾਲ ਦੀ ਸੀ। ਦੋਵੇਂ ਦਿਨ ਨਾਟਕ ਨੂੰ ਪੂਰੀ ਸੁਹਿਰਦਤਾ ਨਾਲ ਸੁਣਿਆ ਅਤੇ ਦੇਖਿਆ ਗਿਆ। ਪੇਸ਼ਕਾਰੀ ਵਿਚ ਆਤਮਜੀਤ ਨੇ ਕਈ ਯਾਦਗਾਰੀ ਦ੍ਰਿਸ਼ਾਂ ਦੀ ਸਿਰਜਣਾ ਵੀ ਕੀਤੀ ਹੈ ਜਿਹੜੇ ਨਾਟਕੀ ਅਤੇ ਪ੍ਰਭਾਵਸ਼ਾਲੀ ਹੋਣ ਦੇ ਨਾਲ ਨਾਲ ਅਰਥ ਵੀ ਸਿਰਜ ਰਹੇ ਸਨ। ਇਕ ਦ੍ਰਿਸ਼ ਵਿਚ 4 ਪਰਤਾਂ ਸਿਰਜੀਆਂ ਗਈਆਂ ਹਨ। ਸਭ ਤੋਂ ਮੂਹਰੇ ਬਲਬੀਰ ਸਿੰਘ ਫ਼ਿਲਮ ‘ਅਵਾਰਾ’ ਦੀ ਗੱਲ ਕਰ ਰਿਹਾ ਹੈ, ਉਸਦੇ ਪਿੱਛੇ ਗੁਲਾਬ ਬਾਈ ਦਾ ਪਰਿਵਾਰ ਉਸਦੀ ਗੱਲ ਸੁਣ ਰਿਹਾ ਹੈ। ਹੋਰ ਪਿੱਛੇ ਨਰਤਕੀਆਂ ਉਸੇ ਗਾਣੇ ਅਨੁਸਾਰ ਨ੍ਰਿਤ ਕਰ ਰਹੀਆਂ ਹਨ ਜਿਹੜਾ ਧੁਰ ਪਿੱਛੇ ਪਰਦੇ ਉੱਤੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਪ੍ਰਭਾਵਸ਼ਾਲੀ ਦ੍ਰਿਸ਼ ਦਾ ਅਸਲ ਮਕਸਦ ਉਸ ਲੜਾਈ ਨੂੰ ਪੇਸ਼ ਕਰਨਾ ਸੀ ਜਿਹੜੀ ਲੋਕ ਕਲਾਵਾਂ ਨੇ ਫ਼ਿਲਮਾਂ ਦੇ ਆਗਮਨ ਤੋਂ ਬਾਅਦ ਲੜੀ; ਪਰ ਇਹ ਕਲਾਵਾਂ ਹਾਰ ਗਈਆਂ। ਪ੍ਰਸਿੱਧ ਭਾਰਤੀ ਨਿਰਦੇਸ਼ਕ ਰਾਮ ਗੋਪਾਲ ਬਜਾਜ ਨੇ ਇਸ ਨਾਟਕ ਦੀ ਸਕ੍ਰਿਪਟ ਬਾਰੇ ਸਹੀ ਕਿਹਾ ਹੈ ਕਿ “ਇਸ ਨਾਟਕ ਵਿਚ ਕਿਸੇ ਵੀ ਥੀਏਟਰ ਗਰੁੱਪ ਵਾਸਤੇ ਬਹੁਤ ਸਾਰੀਆਂ ਪ੍ਰੇਰਨਾਵਾਂ ਅਤੇ ਚੁਣੌਤੀਆਂ ਹਨ। ਦਰਸ਼ਕਾਂ ਵਾਸਤੇ ਬਹੁਤ ਸਾਰੀਆਂ ਗੁੰਝਲਾਂ ਵੀ ਹਨ ਜਿਹੜੀਆਂ ਉਨ੍ਹਾਂ ਨੂੰ ਭਾਰਤੀ ਸਮਾਜ ਦੇ ਅੰਦਰਲੇ ਖੋਖਲੇਪਨ ਬਾਰੇ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦੀਆਂ ਹਨ। ਇਸ ਨਾਟਕ ਵਿਚਲੇ ਫ਼ਿਕਰ ਅਤੇ ਡਰ ਦਰਸ਼ਕਾਂ ਦੀ ਸੋਚ ਨੂੰ ਵਿਸ਼ਾਲਤਾ ਦੇਣਗੇ।”

ਆਤਮਜੀਤ ਅਜਿਹੇ ਵੱਡੇ, ਡੂੰਘੇ ਅਤੇ ਸਾਰਥਕ ਨਾਟਕ ਨੂੰ ਲਿਖਣ ਅਤੇ ਉਸਦੇ ਉਨੇ ਹੀ ਪ੍ਰਭਾਵਸ਼ਾਲੀ ਮੰਚਣ ਵਾਸਤੇ ਵਧਾਈ ਦਾ ਪਾਤਰ ਹੈ।

# ਅੰਡੇਮਾਨ ਦੇ ਕਾਲੇ ਪਾਣੀਆਂ ਤੋਂ ਸਿਆਲਕੋਟ ਦੀ ਗਲੋਟੀਆਂ ਤੱਕ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸੀਨੀਅਰ ਪੁਲਿਸ ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਦੇ ਇੰਡੋ ਤਿਬਤਨ ਬਾਰਡਰ ਫੋਰਸ ਤੋਂ ਤਬਦੀਲ ਹੋ ਕੇ ਪੰਜਾਬ ਪਹੁੰਚਣ ਨੇ ਮੇਰੀਆਂ ਯਾਦਾਂ ਦੇ ਅੱਧੀ ਸਦੀ ਪੁਰਾਣੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਉਹ ਸੁਪ੍ਰਸਿੱਧ ਪੰਜਾਬੀ ਕਵੀ ਦੀਵਾਨ ਸਿੰਘ ਕਾਲੇਪਾਣੀ ਦੀ ਧੀ ਇੰਦਰਾ ਬਲ ਦਾ ਜੁਆਈ ਹੈ। ਮੇਰੇ ਇਸ ਪਰਿਵਾਰ ਨਾਲ ਸਬੰਧ ਨਵੀਂ ਦਿੱਲੀ ਦੇ ਇੰਡੀਆ ਕਾਫੀ ਹਾਊਸ ਰਾਹੀਂ ਅਜਿਹੇ ਬਣੇ ਕਿ ਸਮੇਂ ਨਾਲ ਹੋਰ ਗੂੜ੍ਹੇ ਹੁੰਦੇ ਰਹੇ ਹਨ। ਹਰਪ੍ਰੀਤ ਦਾ ਸਹੁਰਾ ਆਨੰਦ ਕੁਮਾਰ ਸਿੰਘ ਬਲ ਉਰਫ ਨੰਦੀ ਜਲੰਧਰ ਵਾਲੇ ਇੰਡੀਆ ਕਾਫੀ ਹਾਊਸ ਦਾ ਚਰਚਿਤ ਪਾਤਰ ਸੀ। ਜਿਸ ਮੇਜ਼ ਉੱਤੇ ਉਹ ਬਹਿੰਦਾ ਜਲੰਧਰ ਦੇ ਲੇਖਕ ਤੇ ਪੱਤਰਕਾਰ ਇਕੱਠੇ ਬਹਿ ਕੇ ਦੁਨੀਆ ਭਰ ਦੇ ਵਿਕਾਸ ਕਾਰਜਾਂ ਤੇ ਰਾਜਨੀਤੀ ਦਾ ਲੇਖਾ-ਜੋਖਾ ਕਰਦੇ। ਜਦੋਂ ਕਦੀ ਮੇਰਾ ਵੀ ਦਿੱਲੀ ਤੋਂ ਪੰਜਾਬ ਗੇੜਾ ਲਗਦਾ ਤਾਂ ਮੈਂ ਇਸ ਮਹਿਫਿਲ ਵਿਚ ਹਾਜ਼ਰ ਹੋ ਕੇ ਖੁਸ਼ ਹੁੰਦਾ।

ਜਿੱਥੋਂ ਤੱਕ ਦੀਵਾਨ ਸਿੰਘ ਕਾਲੇਪਾਣੀ ਦਾ ਸਬੰਧ ਹੈ, ਉਹ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਵਿਚ ਪੈਂਦੇ ਪਿੰਡ ਗਲੋਟੀਆਂ ਦੇ ਰਹਿਣ ਵਾਲੇ ਸਨ। ਉਨ੍ਹਾਂ ਦਾ ਕਾਵਿ-ਸੰਗ੍ਰਹਿ 'ਵਗਦੇ ਪਾਣੀ' ਮੇਰੀ ਕਾਲਜ ਦੀ ਪੜ੍ਹਾਈ ਸਮੇਂ ਮੇਰੇ ਪਾਠਕ੍ਰਮ ਦਾ ਹਿੱਸਾ ਸੀ। ਸਾਨੂੰ ਪੜ੍ਹਾਉਣ ਵਾਲਾ ਅਧਿਆਪਕ ਦਸਦਾ ਹੁੰਦਾ ਸੀ ਦੀਵਾਨ ਸਿੰਘ ਪੇਸ਼ੇ ਵਜੋਂ ਡਾਕਟਰ ਸਨ ਤੇ ਪੋਰਟ ਬਲੇਅਰ (ਅੰਡੇਮਾਨ ਤੇ ਨਿਕੋਬਾਰ) ਵਿਚ ਡਾਕਟਰੀ ਕਰਦਿਆਂ ਉਹ ਪੰਜਾਬ ਸਟੱਡੀ ਸਰਕਲ ਪੋਰਟ ਬਲੇਅਰ ਦੀ ਪ੍ਰਧਾਨਗੀ ਤੇ ਸਮਾਜ ਸੇਵਾ ਵੀ ਕਰਦੇ ਸਨ। ਉਨ੍ਹਾਂ ਨੂੰ ਜਪਾਨੀਆਂ ਨੇ ਕੈਦ ਕਰਕੇ ਏਨੇ ਤਸੀਹੇ ਦਿੱਤੇ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ। ਅੱਜ ਤਾਂ ਉਨ੍ਹਾਂ ਦੇ ਨਾਂ ਉੱਤੇ ਪੋਰਟ ਬਲੇਅਰ ਵਿਚ ਗੁਰਦਵਾਰਾ ਹੈ ਤੇ ਚੰਡੀਗੜ੍ਹ ਨੇੜੇ ਸਿਸਵਾ (ਕੁਰਾਲੀ ਕਾਲਕਾ ਮਾਰਗ) ਨੇੜੇ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ ਸੁਸ਼ੋਭਿਤ ਹੈ ਜਿੱਥੇ ਉਨ੍ਹਾਂ ਦੇ ਜੀਵਨ ਉੱਤੇ ਬਣੀ ਫਿਲਮ ਵੀ ਦਿਖਾਈ ਜਾਂਦੀ ਹੈ। ਉਨ੍ਹਾਂ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਪੁਸਤਕਾਂ ਲਿਖਣ ਵਾਲਿਆਂ ਵਿਚੋਂ ਸੁਰਿੰਦਰ ਗਿੱਲ ਤੇ ਸਵਰਗਵਾਸੀ ਸੂਬਾ ਸਿੰਘ ਪੰਜਾਬੀ ਸਾਹਿਤ ਸੰਸਾਰ ਦੇ ਜਾਣੇ ਪਹਿਚਾਣੇ ਨਾਂ ਹਨ। ਹਰਦਿਆਲ ਸਿੰਘ ਨੇ ਤਾਂ ਉਨ੍ਹਾਂ ਬਾਰੇ ਆਪਣੀ ਰਚਨਾ ਦਾ ਨਾਂ ਹੀ 'ਇੱਕ ਸੁਨਹਿਰੀ ਦਿਲ' ਰਖਿਆ ਹੈ।

ਹਰਪ੍ਰੀਤ ਸਿੱਧੂ ਨੂੰ ਜੀਵਨ ਦਾ ਸਾਥ ਦੇਣ ਵਾਲੀ ਪਾਰੋ ਬਲ ਸਿੱਧੂ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿਚ ਏਨਸ਼ੀਐਂਟ ਹਿਸਟਰੀ ਡਿਪਾਰਟਮੈਂਟ (ਪੁਰਾਤਨ ਇਤਿਹਾਸ ਵਿਭਾਗ) ਦੀ ਮੁਖੀ ਹੈ ਜਿਸਦੇ ਮਾਮਾ ਜੀ ਹਰਵੰਤ ਸਿੰਘ ਢਿੱਲੋਂ ਕਨਾਟ ਪਲੇਸ



ਨਵੀਂ ਦਿੱਲੀ ਵਾਲੇ ਇੰਡੀਆ ਕਾਫੀ ਹਾਊਸ ਵਿਚ ਮੈਨੂੰ ਮਿਲੇ ਅਤੇ ਮਈ ਮਹੀਨੇ ਸੁਆਸ ਤਿਆਗਣ ਤੱਕ ਅਜਿਹੇ ਮਿੱਤਰ ਰਹੇ ਕਿ ਮੈਂ ਪੰਜਾਹ ਤੋਂ ਵੱਧ ਸਾਲਾਂ ਤੋਂ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਚਲਿਆ ਆ ਰਿਹਾ ਹਾਂ। ਹਰਵੰਤ ਸਮਾਜ ਵਿਗਿਆਨ ਦਾ ਮਾਹਿਰ ਸੀ ਜਿਹੜਾ ਭਾਰਤ ਸਰਕਾਰ ਦੇ ਸਿਹਤ ਮੰਤਰਾਲੇ ਦੀ ਸੈਂਟਰਲ ਹੈਲਥ ਐਜੂਕੇਸ਼ਨ ਬਿਊਰੋ (3852) ਦਾ ਮੁਖੀ ਰਿਹਾ। ਇਹ ਸਬੱਬ ਦੀ ਗੱਲ ਹੈ ਕਿ ਮੇਰੀ ਜੀਵਨ ਸਾਥਣ ਸੁਰਜੀਤ ਕੌਰ ਵੀ ਉਸ ਤੋਂ ਪਿੱਛੋਂ ਇਸ ਬਿਊਰੋ ਦੀ ਮੁਖੀ ਰਹਿ ਚੁੱਕੀ ਹੈ ਜਿਸ ਨਾਤੇ ਮੇਰਾ ਢਿੱਲੋਂ ਪਰਿਵਾਰ ਨਾਲ ਦੂਹਰਾ ਸਬੰਧ ਬਣ ਗਿਆ ਤੇ ਅੱਜ ਤੱਕ ਹੈ। ਇਹ ਗੱਲ ਵੀ ਦੱਸਣ ਵਾਲੀ ਹੈ ਕਿ ਹਰਵੰਤ ਕਈ ਸਾਲ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵਿਚ ਤਾਇਨਾਤ ਰਿਹਾ ਹੈ ਜਿਸ ਨਾਤੇ ਉਸਨੇ ਮੇਰੀ ਪਤਨੀ ਸੁਰਜੀਤ ਨੂੰ ਦੋ ਮਹੀਨੇ ਲਈ ਮਾਲਦੀਵ ਦੇ ਟਾਪੂਆਂ ਵਿਚ ਭਿਜਵਾਇਆ। ਮਾਲਦੀਵ ਦੀ ਰਹਿਣੀ-ਸਹਿਣੀ ਤੇ ਰਸਮ ਰਿਵਾਜ ਏਨੇ ਵਖਰੇ ਹਨ ਕਿ ਮੈਂ ਵੀ ਦੋ ਹਫਤੇ ਲਈ ਓਥੇ ਗਿਆ ਸਾਂ ਅਤੇ ਅੱਜ ਤੱਕ ਮਾਲਦੀਵੀ ਜੀਵਨ ਤੇ ਸਭਿਆਚਾਰ ਬਾਰੇ ਸਮੇਂ-ਸਮੇਂ ਕੁੱਝ ਨਾ ਕੁੱਝ ਲਿਖਦਾ ਰਹਿੰਦਾ ਹਾਂ।

ਡਾਕਟਰ ਦੀਵਾਨ ਸਿੰਘ ਦਾ ਪਰਿਵਾਰ ਖੁੱਲ੍ਹੇ-ਡੁਲ੍ਹੇ ਵਿਚਾਰਾਂ ਵਾਲਾ ਹੈ ਤੇ ਜਿਸ ਕਿਸੇ ਨੂੰ ਆਪਣਾ ਬਣਾਉਂਦਾ ਹੈ ਉਸ ਨਾਲ ਪੂਰਾ ਨਿਭਦਾ ਤੇ ਨਿਭਾਉਂਦਾ ਹੈ। ਉਸਦਾ ਇੱਕ ਬੇਟਾ ਮਹਿੰਦਰ ਸਿੰਘ ਪੋਰਟ ਬਲੇਅਰ ਦੇ ਕਾਲਜ ਦਾ ਪ੍ਰਿੰਸੀਪਲ ਰਿਹਾ ਹੈ ਤੇ ਉਸਦੀ ਜੀਵਨ ਸਾਥਣ ਗੁਰਦਰਸ਼ਨ ਕੌਰ ਉਸ ਕਾਲਜ ਵਿਚ ਅੰਗਰੇਜ਼ੀ ਦੀ ਪ੍ਰੋਫੈਸਰ। ਮਹਿੰਦਰ ਸਿੰਘ ਦਾ ਜਨਮ ਡਸਕਾ ਤਹਿਸੀਲ ਦੇ ਪਿੰਡ ਗਲੋਟੀਆਂ ਦਾ ਸੀ ਜਿੱਥੇ ਮੈਂ ਆਪਣੀ ਪਾਕਿਸਤਾਨ ਫੇਰੀ ਸਮੇਂ ਜਾ ਨਹੀਂ ਸਕਿਆ ਜਿਸਦਾ ਮੈਨੂੰ ਬੜਾ ਅਫਸੋਸ ਹੈ। ਡਾਕਟਰ ਦੀਵਾਨ ਸਿੰਘ ਦੀ ਵੱਡੀ ਧੀ ਸੁਦਰਸ਼ਨ ਕੌਰ ਦੇ ਸੁਭਾਅ ਦੀ ਮਿਸਾਲ ਦੇਣੀ ਹੋਵੇ ਤਾਂ ਉਸਨੇ ਜਾਤ ਬਰਾਦਰੀ ਤੋਂ ਬਾਹਰ ਦੇ ਵਿਅਕਤੀ ਸ੍ਰੀ ਸਦਨ ਮੋਹਨ ਪਾਂਡੇ ਨਾਲ ਵਿਆਹ ਕੀਤਾ ਸੀ ਜਿਹੜਾ ਵਧੀਆ ਨਿਭਿਆ। ਮੈਂ ਲਿਖ ਚੁੱਕਾ ਹਾਂ ਕਿ ਹਥਲੇ ਕਾਲਮ ਦਾ ਨਾਇਕ ਹਰਪ੍ਰੀਤ ਸਿੰਘ ਸਿੱਧੂ ਹੈ ਜਿਸਦੀ ਪੰਜਾਬ ਵਾਪਸੀ ਨੇ ਮੈਨੂੰ ਭੁੱਲੀਆਂ ਵਿਸਰੀਆਂ ਗੱਲਾਂ ਯਾਦ ਕਰਵਾ ਦਿੱਤੀਆਂ ਹਨ। ਉਸਨੂੰ ਮੈਂ ਕੇਵਲ ਉਸਦੇ ਵਿਆਹ ਵਾਲੀ ਪਾਰਟੀ ਵਿਚ ਹੀ ਮਿਲਿਆ ਸਾਂ ਜਿੱਥੇ ਅਸੀਂ ਦੋਵਾਂ ਨੇ ਇੱਕ ਦੋ ਮਜ਼ਾਕ ਹੀ ਸਾਂਝੇ ਕੀਤੇ ਸਨ। ਉਨ੍ਹਾਂ ਦੀ ਗੱਲ ਵੀ ਕਰਾਂਗੇ ਪਰ ਇਸ ਤੋਂ ਪਹਿਲਾਂ ਮੈਂ ਏਨਾ ਦਸ ਦਿਆਂ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਹਰਪ੍ਰੀਤ ਨਸ਼ਾ ਛੁਡਾਊ ਵਿਸ਼ੇਸ਼ ਟਾਸਕ ਫੋਰਸ ਦਾ ਮੁਖੀ ਰਹਿ ਚੁੱਕਾ ਹੈ ਤੇ ਛੱਤੀਸਗੜ੍ਹ ਵਿਖੇ ਸੈਂਟਰਲ ਰਿਜ਼ਰਵ ਪੁਲਿਸ ਫੋਰਸ ਅਧਿਕਾਰੀ ਵੀ। ਉਸਦੀ ਸਿੱਧੀ ਪੱਧਰੀ ਵਾਰਤਾਲਾਪ ਤੇ ਹਾਜ਼ਰ ਜਵਾਬੀ ਉਸਦਾ ਪ੍ਰਮੁੱਖ ਗੁਣ ਹੈ ਤੇ ਉਲਟੇ ਅਰਥ ਕਢਣ ਵਾਲੇ ਇਸ ਗੁਣ ਨੂੰ ਉਸਦੇ ਵਿਰੋਧ ਵਿਚ ਵੀ ਵਰਤਦੇ ਰਹੇ ਹਨ।

ਹੁਣ ਪੰਜਾਬ ਸਰਕਾਰ ਉਸਨੂੰ ਕਿਹੜੀ ਪਦਵੀ ਦਿੰਦੀ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਮੈਂ ਹਥਲਾ ਕਾਲਮ ਉਨ੍ਹਾਂ ਦੋ ਫਿਕਰਿਆਂ ਨਾਲ ਸਮਾਪਤ ਕਰਦਾ ਹਾਂ ਜਿਹੜੇ ਉਸਦੇ ਵਿਆਹ ਵਾਲੀ ਪਾਰਟੀ ਸਮੇਂ ਅਸੀਂ ਇੱਕ ਦੂਜੇ ਨਾਲ ਸਾਂਝੇ ਕੀਤੇ ਹਨ। ਮੈਂ ਉਸਨੂੰ ਮਿਲਦੇ ਸਾਰ ਕੇਵਲ ਏਨਾ ਹੀ ਕਿਹਾ ਸੀ, 'ਚਲੋ! ਇੱਕ ਗਲ ਤਾਂ ਹੋਈ ਕਿ ਹੁਣ ਮੈਂ ਆਪਣੇ ਵਿਰੋਧੀ ਦਾ ਕਤਲ ਬੜੀ ਬੇਫਿਕਰੀ ਨਾਲ ਕਰ ਸਕਦਾ ਹਾਂ।'

ਮੈਂ ਹਾਲੀ ਪੂਰਾ ਸਾਹ ਵੀ ਨਹੀਂ ਸੀ ਲਿਆ ਕਿ ਮੈਨੂੰ ਉਤਰ ਮਿਲਿਆ, 'ਤੁਸੀਂ ਇਹ ਕੰਮ ਖੁਦ ਕਿਉਂ ਕਰੋਗੇ! ਸਾਨੂੰ ਦੱਸ ਛੱਡਣਾ।'

**ਅੰਤਿਕਾ**

ਬਾਬਾ ਨਜ਼ਮੀ॥
ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁੱਕਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।
ਮੰਜਲ ਦੇ ਮੱਥੇ ਦੇ ਉੱਤੇ ਤਖਤੀ ਲਗਦੀ ਉਨ੍ਹਾਂ ਦੀ,
ਜਿਹੜੇ ਘਰੋਂ ਬਣਾ ਕੇ ਤੁਰਦੇ ਨਕਸ਼ਾ ਆਪਣੇ ਸਫਰਾਂ ਦਾ।

# ਬੇਹੱਦ ਦੁਸ਼ਵਾਰੀਆਂ ਭਰਿਆ ਹੈ ਭਾਰਤੀ ਬਾਲੜੀਆਂ ਦਾ ਜੀਵਨ

***11 ਅਕਤੂਬਰ ਨੂੰ 'ਕੌਮਾਂਤਰੀ ਬਾਲੜੀ ਦਿਵਸ' 'ਤੇ ਵਿਸ਼ੇਸ਼***

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਕਿ ਇਕ ਵੱਡੇ ਸਮਾਜ ਸੁਧਾਰਕ ਅਤੇ ਕ੍ਰਾਂਤੀਕਾਰੀ ਆਗੂ ਸਨ, ਨੇ ਆਪਣੇ ਸਮੇਂ ਅੰਦਰ ਨਾਰੀ ਨਾਲ ਹੁੰਦੇ ਵਿਤਕਰੇ ਅਤੇ ਜ਼ੁਲਮ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਤੇ ਨਾਰੀ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਦਿਆਂ ਉਚਾਰਿਆ ਸੀ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਇਸੇ ਤਰ੍ਹਾਂ ਦੁਨੀਆਂ ਦੇ ਹੋਰ ਵਿਦਵਾਨਾਂ ਤੇ ਮਹਾਂਪੁਰਖਾਂ ਨੇ ਵੀ ਨਾਰੀ ਨੂੰ ਪੁਰਖ ਤੋਂ ਉੱਤਮ ਐਲਾਨਿਆ ਹੈ ਪਰ ਤਲਖ਼ ਹਕੀਕਤ ਇਹ ਹੈ ਕਿ ਇਸੇ ਭਾਰਤ ਦੇਸ਼ ਵਿਚ ਨਾਰੀ ਲਈ 'ਨਾਰੀ ਨਰਕ ਕਾ ਦੁਆਰ' ਜਿਹੇ ਵਾਕ ਵੀ ਉਚਾਰੇ ਗਏ ਹਨ ਤੇ ਹਰੇਕ ਯੁਗ ਵਿਚ ਨਾਰੀ ਨੂੰ ਹੀ 'ਅਗਨ ਪ੍ਰੀਖਿਆ' ਦੇਣੀ ਪਈ ਹੈ। ਅਜੋਕੇ ਯੁਗ ਨੂੰ ਬੇਸ਼ੱਕ ਵਿਗਿਆਨ ਤੇ ਤਕਨੀਕ ਦਾ ਯੁਗ ਐਲਾਨਿਆ ਜਾਂਦਾ ਹੈ ਪਰ ਇਸੇ ਯੁਗ ਵਿਚ ਦੁਨੀਆਂ ਭਰ ਅੰਦਰ ਤੇ ਖ਼ਾਸ ਕਰਕੇ ਏਸ਼ਿਆਈ ਖਿੱਤੇ ਵਿਚ ਨਾਰੀ ਦਾ ਜਨਮ ਤੇ ਜੀਵਨ ਭਾਰੀ ਖ਼ਤਰੇ ਵਿਚ ਲੰਘ ਰਿਹੈ। ਅੱਜ ਭਾਰਤ ਦੀਆਂ ਹੱਦਾਂ ਅੰਦਰ ਬਾਲੜੀਆਂ ਨੂੰ ਅਸੰਖਾਂ ਹੀ ਔਕੜਾਂ ਦਰਪੇਸ਼ ਹਨ ਤੇ ਵਹਿਸ਼ੀ ਦਰਿੰਦਿਆਂ ਦੇ ਹੱਥੋਂ ਬੇਪੱਤ ਹੋਣ ਦਾ ਖ਼ਤਰਾ ਸਦਾ ਹੀ ਉਨ੍ਹਾਂ ਦੇ ਸਿਰਾਂ 'ਤੇ ਮੰਡਰਾਉਂਦਾ ਰਹਿੰਦਾ ਹੈ। ਘਰ ਤੇ ਬਾਹਰ ਦੋਵਾਂ ਥਾਵਾਂ 'ਤੇ ਬਾਲੜੀਆਂ ਨੂੰ ਆਪਣੇ ਚੰਗੇਰੇ ਭਵਿੱਖ ਲਈ ਭਾਰੀ ਸੰਘਰਸ਼ ਕਰਨਾ ਪੈਂਦਾ ਹੈ। ਕੋਝੀਆਂ ਪ੍ਰੰਪਰਾਵਾਂ ਦੀ ਆੜ ਵਿਚ ਬੇਟੇ ਦੀ ਚਾਹਤ ਨੇ ਅਸੰਖਾਂ ਬੇਟੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਇਸ ਜਹਾਨੋਂ ਤੋਰ ਦਿੱਤਾ ਹੈ ਤੇ ਦਾਜ ਜਾਂ ਤੇਜ਼ਾਬ ਦੀ ਬਲੀ ਚੜ੍ਹੀਆਂ ਬੱਚੀਆਂ ਦਾ ਤਾਂ ਜੀਵਨ ਹੀ ਨਰਕ ਬਣਾ ਦਿੱਤਾ ਗਿਆ ਹੈ।

ਅੱਜ ਕੌਮਾਂਤਰੀ ਬਾਲੜੀ ਦਿਵਸ ਹੈ। ਅੱਜ ਉਨ੍ਹਾਂ ਸਾਰੇ ਬਿੰਦੂਆਂ 'ਤੇ ਚਿੰਤਾ ਅਤੇ ਚਿੰਤਨ ਕਰਨ ਦੀ ਲੋੜ ਹੈ ਜਿਨ੍ਹਾਂ ਬਿੰਦੂਆਂ 'ਤੇ ਸੱਭਿਅਕ ਸਮਾਜ ਅੰਦਰ ਵੀ ਸਾਡੀਆਂ ਬੱਚੀਆਂ ਦੀ ਉਹ ਦੁਰਦਸ਼ਾ ਹੋ ਰਹੀ ਹੈ ਜੋ ਕਿ ਬਿਆਨ ਤੋਂ ਪਰ੍ਹੇ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਭਾਰਤ ਤਾਂ ਕੰਜਕਾਂ ਅਤੇ ਦੇਵੀਆਂ ਦਾ ਪੂਜਕ ਮੁਲਕ ਹੈ ਪਰ ਇਥੇ ਆਏ ਦਿਨ ਬੱਚੀਆਂ ਤੇ ਮਹਿਲਾਵਾਂ ਨਾਲ ਦਰਿੰਦਗੀ ਦੀਆਂ ਹੱਦਾਂ ਪਾਰ ਕਰਦੀਆਂ ਘਟਨਾਵਾਂ ਵਾਪਰਦੀਆਂ ਹਨ। ਅੱਜ ਹਾਲਾਤ ਇਹ ਬਣ ਗਏ ਹਨ ਕਿ ਵਿਚਾਰੇ ਮਾਪੇ ਇਕੱਲੀ ਧੀ ਨੂੰ ਕੈਨੇਡਾ ਜਾਂ ਕਿਸੇ ਹੋਰ ਵਿਦੇਸ਼ੀ ਮੁਲਕ ਵਿਚ ਭੇਜਦੇ ਸਮੇਂ ਉਸਦੀ ਆਬਰੂ ਨੂੰ ਲੈ ਕੇ ਇੰਨੇ ਫ਼ਿਕਰਮੰਦ ਨਹੀਂ ਹੁੰਦੇ, ਜਿੰਨਾ ਆਪਣੇ ਪਿੰਡ ਜਾਂ ਸ਼ਹਿਰ ਵਿਚ ਸ਼ਾਮ ਜਾਂ ਰਾਤ ਦੇ ਸਮੇਂ ਆਪਣੀ ਧੀ ਨੂੰ ਇਕੱਲਿਆਂ ਘਰੋਂ ਬਾਹਰ ਭੇਜ ਕੇ ਹੁੰਦੇ ਹਨ। ਸੰਯੁਕਤ ਰਾਸ਼ਟਰ ਸੰਘ ਵਿਚ ਔਰਤਾਂ ਦੀ ਭਲਾਈ ਦੀ ਰਾਜਦੂਤ ਐਮਾ ਵਾਟਸਨ ਨੇ ਆਪਣੇ ਇਕ ਸੰਬੋਧਨ ਵਿਚ ਵਿਸ਼ਵ ਦੇ ਸਮੂਹ ਪਰਿਵਾਰਾਂ ਅਤੇ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਸੀ, 'ਬਾਲੜੀਆਂ ਸਬੰਧੀ ਕੁਰੀਤੀਆਂ ਜਿਵੇਂ ਕਿ ਬਾਲ ਵਿਆਹ, ਬਾਲ ਮਜ਼ਦੂਰੀ, ਲਿੰਗਕ ਹਿੰਸਾ, ਲਿੰਗ ਆਧਾਰਿਤ ਵਿਤਕਰਾ ਆਦਿ ਨੂੰ ਠੱਲ੍ਹ ਪਾਈ ਜਾਵੇ ਤੇ ਬਾਲੜੀਆਂ ਨਾਲ ਕੋਈ ਅਪਰਾਧਿਕ ਵਾਰਦਾਤ ਕਰਨ ਵਾਲਾ ਅਪਰਾਧੀ ਹਰਗਿਜ਼ ਵੀ ਬਖ਼ਸ਼ਿਆ ਨਾ ਜਾਵੇ।'



ਭਾਰਤ ਵਿਚ ਮੁੰਡਿਆਂ ਦੀ ਬਨਿਸਪਤ ਬਾਲੜੀਆਂ ਨਾਲ ਜਿਨ੍ਹਾਂ ਮੁੱਖ ਮੁੱਦਿਆਂ 'ਤੇ ਵਿਤਕਰਾ ਕੀਤਾ ਜਾਂਦਾ ਹੈ, ਉਹ ਹਨ: ਸਿੱਖਿਆ ਤੱਕ ਪਹੁੰਚ, ਪੌਸ਼ਟਿਕ ਤੇ ਲੋੜੀਂਦੇ ਭੋਜਨ ਦੀ ਘਾਟ, ਕਾਨੂੰਨੀ ਹੱਕਾਂ ਦੀ ਘਾਟ, ਮੈਡੀਕਲ ਦੇਖਭਾਲ ਦੀ ਘਾਟ, ਸਮਾਜਿਕ ਅਸੁਰੱਖਿਆ, ਪਰਿਵਾਰਕ ਪੱਧਰ 'ਤੇ ਵਿਤਕਰਾ, ਬਾਲ ਵਿਆਹ, ਜਿਸਮਾਨੀ ਛੇੜਛਾੜ ਦੀਆਂ ਸੂਚਿਤ ਕੀਤੀਆਂ ਘੱਟ ਅਤੇ ਅਣਸੂਚਿਤ ਵੱਧ ਘਟਨਾਵਾਂ-ਆਦਿ। ਭਾਰਤ ਵਿਚ ਬਾਲੜੀਆਂ ਨਾਲ ਹੋਣ ਵਾਲੇ ਵਿਤਕਰਿਆਂ ਅਤੇ ਜ਼ਿਆਦਤੀਆਂ ਦੀ ਮਿਕਦਾਰ ਬਹੁਤ ਜਿਆਦਾ ਅਤੇ ਅਫ਼ਸੋਸਨਾਕ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਸੰਨ 2001 ਤੋਂ 2011 ਤੱਕ 80 ਲੱਖ ਬਾਲੜੀਆਂ ਨੂੰ ਮਾਂ ਦੇ ਪੇਟ ਵਿਚ ਹੀ ਖ਼ਤਮ ਕਰ ਦਿੱਤਾ ਗਿਆ ਸੀ। ਸੰਨ 2014-15 ਵਿਚ 9,01,038 ਦੇ ਮੁਕਾਬਲਤਨ ਸਾਲ 2016-17 ਵਿਚ 9,70,436 ਭਰੂਣ ਹੱਤਿਆਵਾਂ ਦਰਜ ਕੀਤੀਆਂ ਗਈਆਂ ਸਨ। ਸਾਲ 2023 ਦੇ ਜਨਸੰਖਿਆ ਅੰਕੜਿਆਂ ਅਨੁਸਾਰ ਪੁਰਸ਼ਾਂ ਅਤੇ ਮਹਿਲਾਵਾਂ ਦੀ ਸੰਖਿਆ ਦਾ ਅਨੁਪਾਤ 106.5: 100 ਸੀ ਭਾਵ 73.685 ਕਰੋੜ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਸੰਖਿਆ 69.178 ਕਰੋੜ ਸੀ।

'ਸੇਵ ਦਿ ਗਰਲ ਚਾਈਲਡ ਆਰਗੇਨਾਈਜ਼ੇਸ਼ਨ' ਭਾਵ 'ਬੇਟੀ ਬਚਾਓ ਸੰਸਥਾ' ਵੱਲੋਂ ਜਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ ਹਰ ਸਾਲ ਜਨਮ ਲੈਣ ਵਾਲੀਆਂ 1 ਕਰੋੜ 20 ਲੱਖ ਬਾਲੜੀਆਂ ਵਿਚੋਂ 10 ਲੱਖ ਬਾਲੜੀਆਂ ਆਪਣੀ ਉਮਰ ਦਾ ਪਹਿਲਾ ਵਰ੍ਹਾ ਖ਼ਤਮ ਹੋਣ ਤੋਂ ਪਹਿਲਾਂ ਹੀ ਇਸ ਜਹਾਨ ਤੋਂ ਟੁਰ ਜਾਂਦੀਆਂ ਹਨ ਅਤੇ 50 ਲੱਖ ਤੋਂ ਵੱਧ ਬਾਲੜੀਆਂ ਖ਼ੂਨ ਦੀ ਕਮੀ ਜਾਂ ਕੁਪੋਸ਼ਣ ਦੀਆਂ ਸ਼ਿਕਾਰ ਹੋ ਨਿੱਬੜਦੀਆਂ ਹਨ। ਸਾਲ 1972 ਵਿਚ ਪ੍ਰਤੀ ਇਕ ਹਜ਼ਾਰ ਜਣੇਪਿਆਂ ਦੌਰਾਨ 213 ਨਵਜੰਮੀਆਂ ਬੱਚੀਆਂ ਦੀ ਮੌਤ ਹੋ ਜਾਂਦੀ ਸੀ, ਜਦੋਂ ਕਿ ਸਾਲ 2021 ਵਿਚ ਇਹ ਦਰ ਸੁਧਰ ਕੇ ਪ੍ਰਤੀ ਹਜ਼ਾਰ ਜਣੇਪਿਆਂ ਪਿੱਛੇ 31 ਰਹਿ ਗਈ ਸੀ। ਇਸੇ ਤਰ੍ਹਾਂ ਸਾਲ 2015-16 ਦੇ ਅੰਕੜਿਆਂ ਅਨੁਸਾਰ ਦੇਸ਼ ਵਿਚ ਮੌਜੂਦ 15 ਤੋਂ 49 ਸਾਲ ਦੀਆਂ ਕੁੱਲ ਮਹਿਲਾਵਾਂ ਵਿਚੋਂ 23 ਫ਼ੀਸਦੀ ਮਹਿਲਾਵਾਂ ਕੁਪੋਸ਼ਿਤ ਸਨ ਜਦੋਂ ਕਿ ਸਾਲ 2022-23 ਵਿਚ ਅਲ੍ਹੜ ਉਮਰ ਦੀਆਂ ਕੁੱਲ ਬੱਚੀਆਂ ਵਿਚੋਂ 56 ਫ਼ੀਸਦੀ ਬੱਚੀਆਂ ਕੁਪੋਸਣ ਦੀਆਂ ਸ਼ਿਕਾਰ ਸਨ। ਸਾਡੇ ਮੁਲਕ ਵਿਚ ਯੁਗਾਂ ਪਹਿਲਾਂ 'ਦੇਵਦਾਸੀ ਪ੍ਰਥਾ' ਅਰੰਭ ਹੋਈ ਸੀ ਤੇ ਕੌਮੀ ਮਹਿਲਾ ਕਮਿਸ਼ਨ ਵੱਲੋਂ ਸੰਨ 2006 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਭਾਰਤ ਵਿਚ ਉਸ ਸਾਲ ਵੀ ਢਾਈ ਲੱਖ ਦੇਵਦਾਸੀਆਂ ਸਨ। ਜ਼ਿਕਰਯੋਗ ਹੈ ਕਿ ਹਿੰਦੂ ਮਾਨਤਾਵਾਂ ਅਨੁਸਾਰ ਪਰਿਵਾਰ ਵੱਲੋਂ ਆਪਣੀ ਬਾਲੜੀ ਕਿਸੇ ਮੰਦਰ ਨੂੰ ਸਦਾ ਲਈ ਭੇਂਟ ਕਰ ਦਿੱਤਾ ਜਾਂਦਾ ਸੀ ਜਾਂ ਮੰਦਰ ਦੇ ਦੇਵਤਾ ਨਾਲ ਵਿਆਹੇ ਜਾਣ ਦਾ ਪ੍ਰਪੰਚ ਰਚ ਕੇ ਉਸਨੂੰ ਹਮੇਸ਼ਾ ਲਈ ਮੰਦਰ 'ਚ ਹੀ ਛੱਡ ਦਿੱਤਾ ਜਾਂਦਾ ਸੀ ਤੇ ਬਾਅਦ ਵਿਚ ਮੰਦਰ ਪ੍ਰਸ਼ਾਸ਼ਨ ਜਾਂ ਹੋਰ ਲੋਕਾਂ ਵੱਲੋਂ ਮਨਮਾਨੀਆਂ ਕਰਦਿਆਂ ਹੋਇਆਂ ਇਨ੍ਹਾਂ ਦੇਵਦਾਸੀਆਂ ਦਾ ਸ਼ਰੀਰਕ ਸ਼ੋਸ਼ਣ ਕੀਤਾ ਜਾਂਦਾ ਸੀ।

ਅੱਜ ਜਦੋਂ ਭਾਰਤ ਦੀਆਂ ਅਸੰਖਾਂ ਬੱਚੀਆਂ ਨੇ ਆਪਣੀ ਵਿਦਵਤਾ, ਕਾਬਲੀਅਤ ਅਤੇ ਸੂਰਬੀਰਤਾ ਰਾਹੀਂ ਵੱਡੀਆਂ ਮੱਲਾਂ ਮਾਰ ਕੇ ਵਾਰ-ਵਾਰ ਇਹ ਸਾਬਿਤ ਕਰ ਦਿੱਤਾ ਹੈ ਕਿ ਉਹ ਲੜਕਿਆਂ ਨਾਲੋਂ ਕਿਸੇ ਖੇਤਰ ਵਿਚ ਜਾਂ ਕਿਸੇ ਪੱਧਰ 'ਤੇ ਵੀ ਘੱਟ ਨਹੀਂ ਹਨ, ਉਦੋਂ ਵੀ ਭਾਰਤ ਵਿਚ ਅਧਿਕਤਰ ਬਾਲੜੀਆਂ ਦੀ ਹਾਲਤ ਕੋਈ ਸੰਤੋਖਜਨਕ ਨਹੀਂ ਹੈ। ਉੱਤਰ ਪ੍ਰਦੇਸ਼ ਅਤੇ ਕੁਝ ਹੋਰ ਰਾਜਾਂ ਵਿਚ ਮਾਸੂਮ ਬਾਲੜੀਆਂ ਨਾਲ ਜਿਸਮਾਨੀ ਛੇੜਛਾੜ ਜਾਂ ਕੁਕਰਮ ਕੀਤੇ ਜਾਣ ਦੀਆਂ ਸ਼ਰਮਨਾਕ ਘਟਨਾਵਾਂ ਆਏ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਹਨ। ਹਰੇਕ ਦਸ ਵਿਚੋ ਇਕ ਬਾਲੜੀ ਆਪਣੇ ਹੀ ਕਿਸੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਗੁਆਂਢੀ, ਸਹਿਪਾਠੀ, ਸਕੂਲ ਸਟਾਫ਼ ਜਾਂ ਬਦਮਾਸ਼ਾਂ ਹੱਥੋਂ ਜਿਸਮਾਨੀ ਛੇੜਛਾੜ ਦੀ ਸ਼ਿਕਾਰ ਬਣ ਰਹੀ ਹੈ। ਭਾਰਤ ਵਿਚ ਦਰਜ ਬਲਾਤਕਾਰ ਦੇ ਕੁੱਲ ਮਾਮਲੇ ਸਾਲ 2019 ਵਿਚ 32,033, ਸੰਨ 2020 ਵਿਚ 28,046 ਅਤੇ ਸੰਨ 2021 ਵਿਚ 31,677 ਸਨ। ਹੈਰਾਨੀ ਦੀ ਗੱਲ ਹੈ ਕਿ ਐਨ.ਸੀ.ਆਰ.ਬੀ. ਨੇ ਹੁਣ ਮਹਿਲਵਾਂ ਖ਼ਿਲਾਫ਼ ਜ਼ੁਲਮਾਂ ਦੇ ਅੰਕੜੇ ਹੀ ਆਪਣੀ ਵੈੱਬਸਾਈਟ 'ਤੇ ਪਾਉਣੇ ਬੰਦ ਕਰ ਦਿੱਤੇ ਹਨ। ਕੌੜਾ ਸੱਚ ਇਹ ਹੈ ਕਿ ਰਿਪੋਰਟ ਨਾ ਕੀਤੇ ਗਏ ਬਲਾਤਕਾਰ ਦੇ ਮਾਮਲਿਆਂ ਦੀ ਸੰਖਿਆਂ, ਰਿਪੋਰਟ ਕੀਤੇ ਗਏ ਮਾਮਲਿਆਂ ਨਾਲੋਂ ਕਿਤੇ ਜ਼ਿਆਦਾ ਹੈ। ਮੁਲਕ ਭਰ ਵਿਚ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ ਮਹਿਲਾਵਾਂ ਵਿਚੋਂ 28 ਫ਼ੀਸਦੀ ਨਾਬਾਲਿਗ ਬਾਲੜੀਆਂ ਹੁੰਦੀਆਂ ਹਨ ਤੇ ਉਸ ਤੋਂ ਵੀ ਵੱਧ ਸਿਤਮ ਦੀ ਗੱਲ ਇਹ ਹੈ ਕਿ ਬੱਚੀਆਂ ਨਾਲ ਵਾਪਰਦੀਆਂ ਬਲਾਤਕਾਰ ਦੀਆਂ ਘਟਨਾਵਾਂ ਵਿਚੋਂ 89 ਫ਼ੀਸਦੀ ਘਟਨਾਵਾਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਜਾਂ ਜਾਣਕਾਰ ਲੋਕਾਂ ਵੱਲੋਂ ਹੀ ਅੰਜਾਮ ਦਿੱਤੀਆਂ ਜਾਂਦੀਆਂ ਹਨ। ਕਿੰਨੀ ਖ਼ਤਰਨਾਕ ਗੱਲ ਹੈ ਕਿ ਸਾਡੇ ਦੇਸ਼ ਵਿਚ ਹਰ ਸਾਲ ਗੁਮਸ਼ੁਦਾ ਹੋ ਜਾਣ ਵਾਲੇ ਕੁੱਲ ਬੱਚਿਆਂ ਵਿਚੋਂ 70 ਫ਼ੀਸਦੀ ਅਣਭੋਲ ਬਾਲੜੀਆਂ ਹੀ ਹੁੰਦੀਆਂ ਹਨ। ਯੂਨੀਸੈੱਫ਼ ਅਨੁਸਾਰ 'ਦੁਨੀਆਂ ਭਰ ਦੀਆਂ ਸਭ ਤੋਂ ਵੱਧ ਵਿਆਹੁਤਾ ਬਾਲੜੀਆਂ ਭਾਰਤ ਵਿਚ ਪਾਈਆਂ ਜਾਂਦੀਆਂ ਹਨ ਤੇ 47 ਫ਼ੀਸਦੀ ਕੁੜੀਆਂ ਨੂੰ ਤਾਂ ਅਠਾਰਾਂ ਵਰ੍ਹਿਆਂ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਹੈ। ਇਹ ਵਰਤਾਰਾ ਵਧੇਰੇ ਕਰਕੇ ਪੇਂਡੂ ਖੇਤਰਾਂ ਵਿਚ ਵਾਪਰਦਾ ਹੈ।

# ਸੁਖਵਿੰਦਰ ਚਾਹਲ : ਬਗ਼ਾਵਤ ਅਤੇ ਸੰਘਰਸ਼ ਦੀ ਅਦਭੁੱਤ ਕਹਾਣੀ

ਫ਼ਿਲਮੀ ਦੁਨੀਆਂ ਵਿੱਚ ਕਿਸਮਤ ਅਜ਼ਮਾਉਣ ਲਈ ਮੁੰਬਈ ਜਾਂਦੇ ਉਨ੍ਹਾਂ ਕਲਾਕਾਰਾਂ ਵਿੱਚ ਸੁਖਵਿੰਦਰ ਚਾਹਲ ਵੀ ਸ਼ਾਮਲ ਹਨ ਜਿਨ੍ਹਾਂ ਨੇ ਸੰਘਰਸ਼ ਦੇ ਦੌਰ ਵਿੱਚ ਫੁੱਟਪਾਥ ‘ਤੇ ਸੌਣ ਤੋਂ ਲੈ ਕੇ ਕਈ-ਕਈ ਦਿਨਾਂ ਤੱਕ ਭੁੱਖ ਰਹਿਣ ਵਰਗੀਆਂ ਔਕੜਾਂ ਦਾ ਸਾਹਮਣਾ ਕੀਤਾ। ਸੁਖਵਿੰਦਰ ਚਾਹਲ ਅੱਜ ਭਾਵੇਂ ਪੰਜਾਬੀ ਸਿਨੇਮਾ ਦਾ ਜਾਣਿਆ-ਪਛਾਣਿਆ ਚਿਹਰਾ ਹਨ, ਪਰ ਇਸ ਕਾਮਯਾਬੀ ਪਿੱਛੇ ਉਨ੍ਹਾਂ ਦੀ ਦਹਾਕਿਆਂ ਦੀ ਮਿਹਨਤ, ਸਬਰ ਅਤੇ ਲੰਮਾ ਸੰਘਰਸ਼ ਹੈ।

ਸੁਖਵਿੰਦਰ ਚਾਹਲ ਨੇ ‘ਸਪੈਸ਼ਲ 26’ ਤੇ ‘ਕਮਾਂਡੋ’ ਵਰਗੀਆਂ ਹਿੰਦੀ ਫ਼ਿਲਮਾਂ ਵਿੱਚ ਭੂਮਿਕਾਵਾਂ ਨਿਭਾਉਣ ਤੋਂ ਬਾਅਦ 2015 ਵਿੱਚ



‘ਅੰਗਰੇਜ’ ਅਤੇ ਸ਼ਰੀਕ’ ਫਿਲਮ ਜ਼ਰੀਏ ਪਹਿਲੀ ਵਾਰ ਪੰਜਾਬੀ ਸਿਨੇਮਾ ਵਿੱਚ ਪੈਰ ਧਰਿਆ। ਇਸ ਤੋਂ ਬਾਅਦ ‘ਨਿੱਕਾ ਜ਼ੈਲਦਾਰ’ ਫ਼ਿਲਮ ਵਿੱਚ ਨਿਭਾਏ ਕਿਰਦਾਰ ਨੇ ਦਰਸ਼ਕਾਂ ਵਿੱਚ ਉਨ੍ਹਾਂ ਦੀ ਪਛਾਣ ਬਣਾਈ ਅਤੇ ਉਹ ਫ਼ਿਲਮ ਨਿਰਮਾਤਾਵਾਂ ਦੀ ਪਸੰਦ ਬਣ ਗਏ। ਹੁਣ ਉਹ ਵੱਖ-ਵੱਖ ਓਟੀਟੀ ਪਲੇਟਫ਼ਾਰਮਜ਼ ‘ਤੇ ਵੀ ਚੰਗਾ ਨਾਮਣਾ ਖੱਟ ਚੁੱਕੇ ਹਨ। ਸੁਖਵਿੰਦਰ ਚਾਹਲ ਦਾ ਸਬੰਧ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਮਾਨੋਚਾਹਲ ਨਾਲ ਹੈ। ਉਨ੍ਹਾਂ ਦੇ ਪਿਤਾ ਕੋਆਪਰੇਟਿਵ ਸੁਸਾਇਟੀ ਵਿੱਚ ਇੰਸਪੈਕਟਰ ਸਨ। ਸੁਖਵਿੰਦਰ ਚਾਹਲ ਦੀਆਂ ਚਾਰ ਭੈਣਾਂ ਅਤੇ ਇੱਕ ਭਰਾ ਹੈ। ਬਚਪਨ ਵਿੱਚ ਸੁਖਵਿੰਦਰ ਦੀ ਰੁਚੀ ਖੇਡਾਂ ਵਿੱਚ ਸੀ। ਉਹ 1500 ਮੀਟਰ ਦੌੜ ਦੇ ਅਥਲੀਟ ਵੀ ਰਹੇ ਅਤੇ ਪੰਜਾਬ ਲਈ ਖੇਡਣਾ ਉਨ੍ਹਾਂ ਦਾ ਸੁਫ਼ਨਾ ਸੀ। ਸੁਖ਼ਵਿੰਦਰ ਪਿੰਡ ਵਿੱਚ ਸਹੂਲਤਾਂ ਦੀ ਘਾਟ ਕਾਰਨ ਖੇਡਾਂ ਵਿੱਚ ਅੱਗੇ ਨਹੀਂ ਜਾ ਸਕੇ। ਫਿਰ ਫ਼ਿਲਮਾਂ ਦੇਖਦੇ-ਦੇਖਦੇ ਉਨ੍ਹਾਂ ਦੀ ਦਿਲਚਸਪੀ ਫ਼ਿਲਮੀ ਦੁਨੀਆਂ ਵਿੱਚ ਪੈ ਗਈ। ਸੁਖਵਿੰਦਰ ਚਾਹਲ ਨੇ ਦੱਸਦੇ ਹਨ ਕਿ ਉਨ੍ਹਾਂ ਨੂੰ ਆਪਣੇ ਸਫ਼ਰ ਵਿੱਚ ਪਰਿਵਾਰ ਦਾ ਸਾਥ ਨਹੀਂ ਮਿਲਿਆ।

ਪਿੰਡ-ਪਿੰਡ ਜਾ ਕੇ ਥੀਏਟਰ ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਸਰਦਾਰਜੀਤ ਬਾਵਾ ਨਾਲ ਜਲੰਧਰ ਦੂਰਦਰਸ਼ਨ ‘ਤੇ ਕੰਮ ਸ਼ੁਰੂ ਕੀਤਾ। ਇਥੇ ਹੀ ਡਾ.ਲਖਵਿੰਦਰ ਜੌਹਲ ਦੀ ਨਿਰਦੇਸ਼ਨਾ ਹੇਠ ਬਣੇ ਪੁਲਸ ਪ੍ਰਸ਼ਾਸਨ ਬਾਰੇ ਬਣੇ ਇਕ ਨਾਟਕ “ਲੋਗੜ” ਵਿੱਚ ਉਸਦੀ ਭੂਮਿਕਾ ਯਾਦਗਾਰੀ ਸੀ।ਫਿਰ ਉਹ ਕੁਝ ਸਮਾਂ ਦਿੱਲੀ ਰਹਿਣ ਤੋਂ ਬਾਅਦ ਉਹ 1991 ਵਿੱਚ ਮੁੰਬਈ ਚਲੇ ਗਏ ਸਨ। ਸੁਖਵਿੰਦਰ ਚਾਹਲ ਕਈ ਕਿੱਸੇ ਸੁਣਾਉਂਦੇ ਹਨ ਕਿ ਬਿਨ੍ਹਾਂ ਕਿਸੇ ਵਿੱਤੀ ਸਹਾਰੇ ਉਨ੍ਹਾਂ ਨੇ ਆਪਣਾ ਔਖਾ ਦੌਰ ਕਿਵੇਂ ਕੱਟਿਆ।


ਚਾਹਲ ਨੇ ਦੱਸਿਆ ਕਿ ਉਹ ਐਕਟਿੰਗ ਦੇ ਨਾਲ-ਨਾਲ ਪ੍ਰੋਡਕਸ਼ਨ ਦਾ ਕੰਮ ਵੀ ਕਰਦੇ ਸਨ ਜਿਸ ਦੇ ਜ਼ਰੀਏ ਉਨ੍ਹਾਂ ਦਾ ਘਰ ਚਲਦਾ ਸੀ। ਸਾਲ 1991 ਵਿੱਚ ਜਦੋਂ ਸੁਖਵਿੰਦਰ ਮੁੰਬਈ ਗਏ ਤਾਂ ਉਨ੍ਹਾਂ ਨੂੰ ਹੋਰ ਵੀ ਔਕੜਾਂ ਝੱਲਣੀਆਂ ਪਈਆਂ। ਪੰਕਜ ਕਪੂਰ ਦੇ ਸੀਰੀਅਲ ਮੋਹਨਦਾਸ ਬੀ.ਏ. ਐੱਲ.ਐੱਲ.ਬੀ ਵਿੱਚ ਉਨ੍ਹਾਂ ਨੂੰ ਕੰਮ ਮਿਲਿਆ।

ਜਿਸ ਵਿੱਚ ਉਨ੍ਹਾਂ ਨੇ ਐਕਟਿੰਗ ਵੀ ਕੀਤੀ ਅਤੇ ਪ੍ਰੋਡਕਸ਼ਨ ਦਾ ਕੰਮ ਵੀ ਕੀਤਾ। ਇਸ ਲੜੀਵਾਰ ਦੀ ਆਮਦਨ ਨਾਲ ਉਨ੍ਹਾਂ ਨੇ ਦੋ-ਤਿੰਨ ਸਾਲ ਗੁਜ਼ਾਰਾ ਕੀਤਾ। ਸੁਖਵਿੰਦਰ ਚਾਹਲ ਦੱਸਦੇ ਹਨ ਕਿ 2002 ਵਿੱਚ ਜਦੋਂ ਉਨ੍ਹਾਂ ਦਾ ਵਿਆਹ ਹੋਇਆ ਤਾਂ ਜ਼ਿੰਮੇਵਾਰੀ ਹੋਰ ਵਧ ਗਈ ਸੀ ਪਰ ਉਨ੍ਹਾਂ ਨੂੰ ਲੋਕਾਂ ਦਾ ਸਾਥ ਕਿਸੇ ਨਾ ਕਿਸੇ ਤਰੀਕੇ ਮਿਲਦਾ ਰਿਹਾ।

ਆਪਣੀ ਪਤਨੀ ਦੇ ਸਾਥ ਬਾਰੇ ਵੀ ਸੁਖਵਿੰਦਰ ਚਾਹਲ ਨੇ ਜ਼ਿਕਰ ਕੀਤਾ ਕਿ ਕਿਵੇਂ ਹਰ ਹਾਲ ਵਿੱਚ ਉਨ੍ਹਾਂ ਦਾ ਸਾਥ ਨਿਭਾਇਆ। ਉਨ੍ਹਾਂ ਕਿਹਾ, “ਉਹਦੀ ਕਦੇ ਕੋਈ ਮੰਗ ਨਹੀਂ ਰਹੀ। ਅੱਧੀ ਮਿਲ ਗਈ ਅੱਧੀ ਖਾ ਲਈ, ਪੂਰੀ ਮਿਲ ਗਈ ਪੂਰੀ ਖਾ ਲਈ।”


ਇੰਨੀਆਂ ਔਕੜਾਂ ਝੱਲਣ ਤੋਂ ਬਾਅਦ ਵੀ ਉਹ ਆਪਣੇ ਰਾਹ ‘ਤੇ ਕਿਵੇਂ ਡਟੇ ਰਹੇ, ਇਸ ਬਾਰੇ ਵੀ ਸੁਖਵਿੰਦਰ ਚਾਹਲ ਨੇ ਬੜੀ ਦਿਲਚਸਪ ਗੱਲ ਆਖੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਹੋਰ ਬਦਲ ਹੈ ਹੀ ਨਹੀਂ ਸੀ ਕਿ ਜੇ ਇਹ ਨਹੀਂ ਤਾਂ ਉਹ ਕਰ ਲਵਾਂਗੇ। ਉਹ ਕਹਿੰਦੇ ਹਨ, “ਕਈ ਵਾਰੀ ਸਾਨੂੰ ਦੂਜਾ ਬਦਲ ਵੀ ਕਮਜ਼ੋਰ ਕਰ ਦਿੰਦਾ ਹੈ। ਘਰ-ਬਾਰ, ਜਾਇਦਾਦ...ਮੈਂ ਸਭ ਕੁਝ ਛੱਡ ਚੁੱਕਿਆ ਸੀ। ਮੇਰੇ ਕੋਲ ਹੋਰ ਕੋਈ ਰਾਹ ਹੈ ਵੀ ਨਹੀਂ ਸੀ।”

ਸੁਖਵਿੰਦਰ ਚਾਹਲ ਮਸ਼ਹੂਰ ਲੇਖਕ ਇਰਸ਼ਾਦ ਕਾਮਿਲ ਦੀ ਵੀ ਆਪਣੀ ਜ਼ਿੰਦਗੀ ਵਿੱਚ ਅਹਿਮ ਭੂਮਿਕਾ ਮੰਨਦੇ ਹਨ। ਉਹ ਦੱਸਦੇ ਹਨ ਕਿ ਭਾਵੇਂ ਸਪੈਸ਼ਲ 26 ਜਿਹੀ ਫ਼ਿਲਮ ਵਿੱਚ ਕੰਮ ਕੀਤਾ ਸੀ, ਪਰ ਉਨ੍ਹਾਂ ਨੂੰ ਅੱਗੇ ਕੰਮ ਨਹੀਂ ਮਿਲ ਰਿਹਾ ਸੀ। ਉਨ੍ਹਾਂ ਨੇ ਇੱਕ ਕਿੱਸਾ ਸੁਣਾਇਆ ਕਿ ਇੱਕ ਵਾਰ ਮੁੰਬਈ ਕਿਸੇ ਹੋਟਲ ਦੇ ਬਾਹਰ ਖੜ੍ਹਿਆਂ ਉਹ ਇਰਸ਼ਾਦ ਕਾਮਿਲ ਕੋਲ ਰੋ ਪਏ ਅਤੇ ਕਿਹਾ ਕਿ ਉਹ ਇੱਥੋਂ ਸਭ ਕੁਝ ਛੱਡ ਕੇ ਚਲੇ ਜਾਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ ਕੰਮ ਨਹੀਂ ਹੈ। ਸੁਖਵਿੰਦਰ ਚਾਹਲ ਮੁਤਾਬਕ ਉਨ੍ਹਾਂ ਨੂੰ ਦੇਖ ਕੇ ਕਾਮਿਲ ਵੀ ਭਾਵੁਕ ਹੋ ਗਏ। ਫਿਰ ਉਨ੍ਹਾਂ ਨੇ ਦੋ ਨਿਰਦੇਸ਼ਕਾਂ ਰੁਪਿੰਦਰ ਚਾਹਲ ਅਤੇ ਸਿਮਰਜੀਤ ਸਿੰਘ ਨੂੰ ਫ਼ੋਨ ਕਰਕੇ ਸੁਖਵਿੰਦਰ ਚਾਹਲ ਬਾਰੇ ਦੱਸਿਆ ਅਤੇ ਉਨ੍ਹਾਂ ਨੇ ਕੰਮ ਦੇਣ ਦਾ ਭਰੋਸਾ ਦਿਵਾਇਆ। ਇਸੇ ਦੌਰਾਨ ਉਨ੍ਹਾਂ ਨੂੰ ਨਵਨੀਤ ਸਿੰਘ ਵੱਲੋਂ ਡਾਇਰੈਕਟ ਜ਼ਿੰਮੀ ਸ਼ੇਰਗਿੱਲ ਦੀ ਮੁੱਖ



ਭੂਮਿਕਾ ਵਾਲੀ ‘ਸ਼ਰੀਕ’ ਫ਼ਿਲਮ ਵਿੱਚ ਕੰਮ ਮਿਲ ਗਿਆ ਸੀ। ਜਦੋਂ ਸੁਖਵਿੰਦਰ ਨੂੰ ਪਤਾ ਲੱਗਿਆ ਕਿ ਸਿਮਰਜੀਤ ਸਿੰਘ ‘ਅੰਗਰੇਜ਼’ ਫ਼ਿਲਮ ਬਣਾ ਰਹੇ ਹਨ ਤਾਂ ਉਨ੍ਹਾਂ ਨੇ ਸਿਮਰਜੀਤ ਸਿੰਘ ਨੂੰ ਫ਼ੋਨ ਕੀਤਾ ਅਤੇ ਉਨ੍ਹਾਂ ਨੂੰ ਫ਼ਿਲਮ ਮਿਲ ਗਈ। ਇਸ ਤੋਂ ਬਾਅਦ ਸਿਮਰਜੀਤ ਨੇ ਨਿੱਕਾ ਜ਼ੈਲਦਾਰ ਵਿੱਚ ਵੀ ਉਨ੍ਹਾਂ ਨੂੰ ਲਿਆ ਅਤੇ ਇੱਥੋਂ ਮਿਲੀ ਪਛਾਣ ਨੇ ਉਨ੍ਹਾਂ ਨੂੰ ਅੱਗੇ ਕੰਮ ਦਿਵਾਇਆ। ਪੰਜਾਬੀ ਫ਼ਿਲਮਾਂ ਤੋਂ ਇਲਾਵਾ, ਓਟੀਟੀ ਪਲੇਟਫ਼ਾਰਮ ‘ਤੇ ਵੀ ਸੁਖਵਿੰਦਰ ਚਾਹਲ ਦੀਆਂ ਪੇਸ਼ਕਾਰੀਆਂ ਬੇਹੱਦ ਪਸੰਦ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਡਿਜ਼ਨੀ ਹੌਟਸਟਾਰ ਦੀ ਵੈੱਬ ਸੀਰੀਜ਼ ‘ਗ੍ਰਹਿਣ’ ਅਤੇ ਨੈੱਟਫਲਿਕਸ ਦੀ ‘ਕੈਟ’ ਦੀ ਖ਼ਾਸ ਭੂਮਿਕਾ।

ਸੁਖਵਿੰਦਰ ਚਾਹਲ ਨੇ ‘ਡੀਅਰ ਜੱਸੀ’ ਨਾਮ ਦੀ ਇੱਕ ਕੌਮਾਂਤਰੀ ਫ਼ਿਲਮ ਵਿੱਚ ਕੰਮ ਕੀਤਾ,



ਜਿਸ ਨੂੰ ਕਿ ਹਾਲੀਵੁੱਡ ਦੇ ਡਾਇਰੈਕਟਰ ਤਰਸੇਮ ਸਿੰਘ ਨੇ ਡਾਇਰੈਕਟ ਕੀਤਾ ਸੀ।

ਤਰਸੇਮ ਸਿੰਘ ਜਲੰਧਰ ਦੇ ਜੰਮ-ਪਲ ਹਨ ਅਤੇ ਹਾਲੀਵੁੱਡ ਦੀਆਂ ਕਈ ਫ਼ਿਲਮਾਂ ਤੋਂ ਇਲਾਵਾ, ਮਿਊਜ਼ਿਕ ਵੀਡੀਓਜ਼ ਤੇ ਵੱਡੀਆਂ ਕੰਪਨੀਆਂ ਦੇ ਕਮਰਸ਼ੀਅਲ ਵੀ ਉਨ੍ਹਾਂ ਨੇ ਬਣਾਏ ਹਨ। ਫ਼ਿਲਮ ‘ਡੀਅਰ ਜੱਸੀ’ ਨੱਬਿਵਿਆਂ ਦੀ ਸ਼ੁਰੂਆਤ ਵਿੱਚ ਇੱਕ ਕੈਨੇਡੀਅਨ ਪੰਜਾਬਣ ਜੱਸੀ ਅਤੇ ਪੰਜਾਬ ਰਹਿੰਦੇ ਨੌਜਵਾਨ

## ਕਲਾ ਪਰਿਕਰਮਾ

ਮਿੱਠੂ ਦੀ ਪ੍ਰੇਮ ਕਹਾਣੀ ‘ਤੇ ਅਧਾਰਿਤ ਹੈ। ਇਹ ਫ਼ਿਲਮ 2023 ਵਿੱਚ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿੱਚ ਦਿਖਾਈ ਗਈ ਸੀ ਅਤੇ ਇਸ ਨੇ ਪਲੇਟਫ਼ਾਰਮ ਇਨਾਮ ਜਿੱਤਿਆ ਸੀ।

ਸੁਖਵਿੰਦਰ ਚਾਹਲ ਦੱਸਦੇ ਹਨ ਕਿ ਇਸ ਫ਼ਿਲਮ ਵਿੱਚ ਕੰਮ ਕਰਨ ਦਾ ਉਨ੍ਹਾਂ ਦਾ ਤਜ਼ਰਬਾ ਬੇਹੱਦ ਖ਼ਾਸ ਰਿਹਾ ਅਤੇ ਫ਼ਿਲਮ ਕਰਦਿਆਂ ਉਨ੍ਹਾਂ ਨੂੰ ਇਹੀ ਲੱਗ ਰਿਹਾ ਸੀ ਕਿ ਉਹ ਉਸੇ ਦੌਰ ਵਿੱਚ ਚਲੇ ਗਏ ਹਨ। ਨਾਲ ਹੀ ਉਹ ਕਹਿੰਦੇ ਹਨ ਕਿ ਕਮਰਸ਼ੀਅਲ ਫ਼ਿਲਮਾਂ ਰੋਜ਼ੀ ਰੋਟੀ ਲਈ ਜ਼ਰੂਰੀ ਹਨ, ਪਰ ‘ਡੀਅਰ ਜੱਸੀ’ ਵਰਗੀਆਂ ਫ਼ਿਲਮਾਂ ਰੂਹ ਲਈ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਫ਼ਿਲਮਾਂ ਵਿੱਚ ਤੁਹਾਨੂੰ ਆਪਣਾ ਆਪ ਜ਼ਿੰਦਾ ਮਹਿਸੂਸ ਹੁੰਦਾ ਹੈ। ਉਹ ਮਹਿਸੂਸ ਕਰਦੇ ਹਨ ਕਿ ਦੱਖਣ ਦੇ ਸਿਨੇਮਾ ਤੋਂ ਬਾਅਦ ਦੂਜਾ ਨਾਮ ਪੰਜਾਬੀ ਸਿਨੇਮਾ ਦਾ ਲਿਆ ਜਾਣ ਲੱਗਿਆ ਹੈ ਯਾਨੀ ਪੰਜਾਬੀ ਸਿਨੇਮਾ ਤਰੱਕੀ ਕਰ ਰਿਹਾ ਹੈ ਅਤੇ ਉਹ ਉਮੀਦ ਕਰਦੇ ਹਨ ਕਿ ਭਵਿੱਖ ਵਿੱਚ ਕਮਰਸ਼ੀਅਲ ਫ਼ਿਲਮਾਂ ਦੇ ਨਾਲ ਅਜਿਹਾ ਸਮਾਂਤਰ ਸਿਨੇਮਾ ਵੀ ਦੇਖਣ ਨੂੰ ਮਿਲੇਗਾ ਜਿਸ ਵਿਚ ‘ਡੀਅਰ ਜੱਸੀ’ ਵਰਗੀਆਂ ਫ਼ਿਲਮਾਂ ਹੋਣਗੀਆਂ।

ਸੁਖਵਿੰਦਰ ਚਾਹਲ ਕਹਿੰਦੇ ਹਨ ਕਿ ਭਾਵੇਂ ਦਰਸ਼ਕ ਪਿਆਰ ਦਿੰਦੇ ਹਨ, ਪਰ ਫ਼ਿਲਮਾਂ ਬਣਾਉਣ ਵਾਲਿਆਂ ਵੱਲੋਂ ਕਰੈਕਟਰ ਐਕਟਰਜ਼ ਨੂੰ ਉਨੀਂ ਇੱਜ਼ਤ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦੱਸਿਆ ਕਿ ਮਾੜੇ ਰਵੱਈਏ ਕਾਰਨ ਉਨ੍ਹਾਂ ਨੇ ਹਾਲ ਹੀ ਵਿੱਚ ਇੱਕ ਫ਼ਿਲਮ ਛੱਡੀ ਹੈ, ਜਿਸ ਵਿੱਚ ਬਹੁਤ ਵੱਡੇ ਕਲਾਕਾਰ ਕੰਮ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇੱਕ ਵਾਰ ਕਰੈਕਟਰ ਐਕਟਰਜ਼ ਨਾਲ ਹੁੰਦੇ ਵਿਵਹਾਰ ਬਾਰੇ ਉਨ੍ਹਾਂ ਦੀ ਬੀ.ਐੱਨ.ਸ਼ਰਮਾ ਨਾਲ ਗੱਲ ਹੋਈ, “ਮੈਂ ਕਿਹਾ ਭਾਅ ਜੀ ਸੈਲਫ ਰਿਸਪੈਕਟ? ਸ਼ਰਮਾ ਜੀ ਕਹਿੰਦੇ, ਜੋ ਇੱਥੇ ਕੰਮ ਕਰਾਂਗੇ ਉਹ ਦਰਸ਼ਕਾਂ ਤੱਕ ਪਹੁੰਚਣਾ ਹੈ। ਦਰਸ਼ਕਾਂ ਦੇ ਪਿਆਰ ਲਈ ਕੁਝ ਤਿਆਗਣਾ ਵੀ ਪੈਂਦਾ ਹੈ। ਜੋ ਇੱਥੇ ਹੋ ਰਿਹਾ ਹੈ, ਉਹ ਸਿਰਫ਼ ਆਪਾਂ ਨੂੰ ਹੀ ਪਤਾ ਹੈ।”

# ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਅਕਤੂਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-712



*ਬੀਬੀਆਂ ਨੇ ਇੱਕਠੇ ਹੋ ਕੇ, ਤਪਾਇਆ ਹੈ ਇੱਕ ਤੰਦੂਰ,*
*ਗੁੰਨ੍ਹ ਕੇ ਲਿਆਈਆਂ ਆਟੇ, ਜਾਣ ਸਾਂਝਾ ਹੈ ਬੱਸ ਤੰਦੂਰ।*
*ਫਟਾ-ਫਟ ਥੱਪ ਦੇਣੀ ਆ, ਰੋਟੀ ਮਿੱਠੀ ਵਾਂਗਰ ਖਜ਼ੂਰ,*
*ਉੱਤੇ ਮੱਖਣ ਦੇ ਪੇੜੇ ਰੱਖਣੇ, ਖਾ ਮਜ਼ੇ ਕਰਨੇ ਮੇਰੇ ਹਜ਼ੂਰ।*

## ਕੈਪਸ਼ਨ ਮੁਕਾਬਲਾ-710



ਮੌਸਮਾਂ ਨੇ ਸਾਡੇ ਨਾ਼ਲ ਕੀਤੀ ਜੇ ਅੜੀ ਹੈ,
ਆਫ਼ਤ ਵੀ ਆਣ ਭਾਵੇਂ ਮੇਢੇ ‘ਤੇ ਚੜ੍ਹੀ ਹੈ।
ਹਿੰਮਤ ਨਾ ਹਾਰੇ ਲਾਹ ਭੁੰਜੇ ਸੁੱਟ ਖੜੀ ਹੈ,
ਪੰਜਾਬ ਨੇ ਗੁਰਾਂ ਦੇ ਨਾਂ ‘ਤੇ ਜੰਗ ਲੜੀ ਹੈ।
-ਸੇਵਾ ਸਿੰਘ ਨੂਰਪੁਰੀ

---

ਕਿਹੜੀ ਮਿੱਟੀ ਦਾ ਤੂੰ ਬਣਿਐਂ,
ਪੰਜਾਬ ਸੋਹਣਿਆ।
ਖੜ੍ਹਾ ਓਵੇਂ ਹੀ ਤਣਿਐਂ,
ਨਾ ਕੋਈ ਦਾਬ ਸੋਹਣਿਆ।
ਕੁਦਰਤ ਲਾ ਬੈਠੀ ਆਢਾ,
ਹੈ ਤੇਰੇ ਨਾਲ ਵੀਰਨਾ,
ਭਲਾ ਪਰ ਦਾ ਕਰੇਂ,
ਅਪਣਾ ਖ਼ਰਾਬ ਸੋਹਣਿਆ।
ਬਿਆਸ ਸਤਲੁਜ ਰਾਵੀ,
ਰੁੱਸੇ ਆਬ ਸੋਹਣਿਆ।
ਸਾਰੇ ਨਕੋ-ਨੱਕ ਟੋਭੇ,
ਹਰੇਕ ਢਾਬ ਸੋਹਣਿਆ।
ਝਾਤੀ ਆਪਣੇ ਵੀ ਮਾਰੀਂ,
ਸਮਾਂ ਕੱਢ ਵੀਰਿਆ;
ਕੰਮ ਆਪ ਤਾਂ ਨੀਂ’ ਕੀਤੈ,
ਤੂੰ ਖ਼ਰਾਬ ਸੋਹਣਿਆ?
ਗੁੜ੍ਹਤੀ ਨਾਨਕ ਜੋ ਦਿੱਤੀ,
ਤੈਨੂੰ ਘੋਲ ਸੋਹਣਿਆ
ਦਰ ਆਪਣੇ ਪਰਾਇਆਂ ਨੂੰ,
ਦੇਵੇਂ ਖੋਲ੍ਹ ਸੋਹਣਿਆ।
ਸਿਲਾ ਉਪਕਾਰ ਦਾ ਡਿੱਠਾ ਤੂੰ,
ਤ੍ਰਿਸਕਾਰ ਬੱਲਿਆ।
ਕਰੇਂ ਸਬਰ ਜਰੇਂ ਜਬਰ,
ਰਹੇਂ ਅਬੋਲ ਸੋਹਣਿਆ।
***-ਗੁਰਬਖਸ਼ ਸਿੰਘ ‘ਨਾਕਾਮ’***
***ਫੋਨ: +1 864 318 5500***

---

ਚੱਲ ਪਏ ਕਾਫ਼ਲੇ ਪਿੰਡਾਂ ਵਿਚੋਂ
ਭਾਈਆਂ ਦਾ ਦਰਦ ਵੰਡਾਵਣ।
ਦਾਣਾ, ਪੱਠਾ ਸਭ ‘ਕੱਠਾ ਕਰਕੇ
ਲੱਦ ਟਰਾਲੀਆਂ ਲੈ ਕੇ ਜਾਵਣ।
ਵੋਟ ਬੈਂਕ ਦੇ ‘ਸਾਬ ‘ਚ ਪਈਆਂ
ਵੋਟ ਪਾਰਟੀਆਂ ਪੜਤੇ ਲਾਵਣ।
ਸਮਝ ਆ ਗਈ ਲੋਕਾਂ ਤਾਈਂ
ਸਰਕਾਰਾਂ ਤਾਂ ਬੱਸ ਲਾਰੇ ਲਾਵਣ।
**-ਜਗਮੀਤ ਸਿੰਘ ਪੰਧੇਰ**
**ਫੋਨ+1 403 439 2008**

---

ਪੰਜਾਬ ਹਰ ਮੁਹਿੰਮ ‘ਚ ਮੋਹਰੀ
ਹੜ੍ਹ ਦੇ ਪਾਣੀ ਦਾ
ਕੋਈ ਹੀਲਾ ਤਾਂ ਕਰਨਾ ਹੀ ਪੈਣਾ
ਏਕਤਾ ‘ਚ ਹੀ ਤਾਕਤ ਹੈ
ਹੌਸਲੇ, ਹਿੰਮਤ ਤਾਕਤ ਨਾਲ
ਰੋਕ ਦੇਣਗੇ ਪਾਣੀ ਹਿਤਕ ਡਾਹ ਕੇ
ਟਰੈਕਟਰ ਟਰਾਲੀਆਂ ਭਰ ਕੇ
ਤੁਰ ਪਏ ਦੇਣ ਹੜ੍ਹ ਪੀੜਤਾਂ ਨੂੰ ਰਸਦ
ਕਿਸੇ ਦਾ ਹੱਕ ਨਾ ਮਾਰੋ
ਹੋ ਇਕੱਠੇ ਕਰੋ ਸੇਵਾ
ਹਰ ਸਸੰਭਵ ਸੰਭਵ ਹੋ ਜਾਂਦਾ।
***-ਦਰਸ਼ਨ ਪਾਲ ਦੋਸਾਂਝ***

### ਕਾਲ

ਕਰ ਕਦੇ ਤਾਂ ਕਾਲ ਵੇ ਅੜਿਆ।
ਹੋਇਆ ਮੰਦੜਾ ਹਾਲ ਵੇ ਅੜਿਆ।
ਸ਼ੀਸੇ ਵਿੱਚੋਂ ਤੂੰ ਦਿਸ ਪੈਂਦਾ,
ਜਦ ਵਾਹਵਾਂ ਮੈਂ ਵਾਲ ਵੇ ਅੜਿਆ।

ਇੱਕ ਵਾਰੀ ਤੂੰ ਦੱਸਦੇ ਮੈਨੂੰ,
ਕਾਹਦਾ ਕਰੇਂ ਮਲਾਲ ਵੇ ਅੜਿਆ।
ਮੇਰਾ ਤਾਂ ਦਿਲ ਹਰਦਮ ਲੋਚੇ,
ਰਹਿਣਾ ਤੇਰੇ ਨਾਲ ਵੇ ਅੜਿਆ।

ਇੱਕ ਵਾਰੀ ਹਾਂ ਕਰ ਮਿਲਣੇ ਦੀ,
ਰੱਖੂੰ ਦੀਵੇ ਬਾਲ ਵੇ ਅੜਿਆ।
ਕੰਨੀਂ ਤੇਰੇ ਬੋਲ ਪਿਆਂ ਨੂੰ,
ਲੱਗੇ ਹੋਏ ਕਈ ਸਾਲ ਵੇ ਅੜਿਆ।

ਜੋ ਵੀ ਘਾਲਣ ਨੂੰ ਆਖੇਂਗਾ,
ਘਾ਼ਲ ਲਵਾਂਗਾ ਘਾਲ ਵੇ ਅੜਿਆ।
ਜਦ ਵੀ ਮੈਂ ਕੁੱਝ ਸੋਚਣ ਲੱਗਾਂ,
ਤੇਰਾ ਆਏ ਖਿਆਲ ਵੇ ਅੜਿਆ।
***-ਜਸਪਾਲ ਸਿੰਘ ਨਾਗਰਾ***

# ਦਿੱਲੀ ਪੁਲਿਸ ਦੇ ਰਿਟਾਇਰਡ ਕਮਿਸ਼ਨਰ ਵੇਦ ਮਰਵਾਹਾ ਦੇ ਭਾਈ ਜਿੰਦਾ ਬਾਰੇ ਵਿਚਾਰ

**9 ਅਕਤੂਬਰ ਨੂੰ ਬਰਸੀ 'ਤੇ ਵਿਸ਼ੇਸ਼**

'ਵੇਦ ਮਰਵਾਹਾ' ਦਿੱਲੀ ਪੁਲਿਸ ਦਾ ਮੁਖੀ (ਕਮਿਸ਼ਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ ਦਿੱਲੀ ਪੁਲਿਸ ਨੇ ਦੋ ਵਾਰ (1985 ਤੇ ਫਿਰ 1987 ਵਿਚ) ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫਤਾਰ ਕੀਤਾ ਸੀ। 'ਵੇਦ ਮਰਵਾਹੇ' ਨੇ ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ 'ਅਨਸਿਵਲ ਵਾਰਜ ਪਥੋਲੋਜੀ ਆਫ ਟੈਰਰਿਜ਼ਮ ਇਨ ਇੰਡੀਆ।'

ਇਸ ਕਿਤਾਬ ਦੇ ਸਫਾ 16 'ਤੇ ਉਸ ਨੇ ਇੱਕ ਸਿਰਲੇਖ

**ਪਰਮਜੀਤ ਸਿੰਘ ਰਾਂਣਵਾ**
**ਫੋਨ: 98152-25979**

ਦਿੱਤਾ ਹੈ: 'ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ।' ਇਸ ਦੀ ਲਿਖਤ ਵਿਚਲਾ ਵੇਰਵਾ ਕਾਜ਼ੀ ਨੂਰ ਮੁਹੰਮਦ ਦੀ 18ਵੀਂ ਸਦੀ ਦੇ ਸਿੰਘਾਂ ਬਾਰੇ 'ਗਵਾਹੀ' ਵਾਂਗ ਹੀ ਹੈ। ਭਾਰਤੀ ਰਾਸ਼ਟਰ ਭਗਤੀ ਤੇ ਫਿਰਕੂਪੁਣੇ ਨਾਲ ਭਰਿਆ ਪੰਜਾਬੀ ਹਿੰਦੂ ਮੂਲ ਦਾ 'ਵੇਦ ਮਰਵਾਹਾ' ਲਿਖਦਾ ਹੈ: 'ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜ਼ਾ ਹੋਈ ਅਤੇ ਬਾਅਦ ਵਿਚ ਫਾਂਸੀ 'ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। ...ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸ਼ਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜ਼ਖਮੀ ਸੀ ਅਤੇ ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ਼ ਰੱਖਦਾ ਸੀ। ਜਦੋਂ ਮੈਂ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿਚ ਐਸੇ ਅਸਾਧਾਰਨ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।'

'ਵੇਦ ਮਰਵਾਹਾ' ਅੱਗੋਂ ਛੋਟਾ ਸਿਰਲੇਖ ਦਿੰਦੇ ਹਨ: 'ਪਹਿਲੀ ਗ੍ਰਿਫਤਾਰੀ' ਲਿਖਤ ਅਨੁਸਾਰ-'ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲਿਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲਿਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿਚ ਵੀ ਦਿੱਲੀ ਪੁਲਿਸ ਦੀ ਦੁਰਗਤੀ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸ਼ਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫਤਾਰੀ ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ 'ਤੇ ਹੋਈ, ਜਿਸ ਦਾ ਸੰਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸ਼ਨਰ ਆਰ.ਕੇ. ਸ਼ਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ ਫੋਨ ਕਰ ਕੇ ਜਿੰਦੇ ਦੀ ਗ੍ਰਿਫਤਾਰੀ ਦੀ 'ਵੱਡੀ ਪ੍ਰਾਪਤੀ' ਸੰਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲਿਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਅਚਾਨਕ ਇੱਕ ਮਾਰਕਖੋਜ ਕੰਮ ਕੀਤਾ ਹੈ।'

'ਮਰਵਾਹੇ' ਦੀ ਲਿਖਤ ਦਾ ਅਗਲਾ ਸਿਰਲੇਖ ਹੈ-'ਪੁੱਛ ਗਿੱਛ' (ਇੰਟੈਰੋਗੇਸ਼ਨ) ਮਰਵਾਹੇ ਅਨੁਸਾਰ -'ਮੈਂ ਆਪਣੇ ਘਰੋਂ ਫੌਰਨ ਕ੍ਰਾਈਮ ਬਰਾਂਚ ਇੰਟੈਰੋਗੇਸ਼ਨ ਸੈਂਟਰ ਪਹੁੰਚਿਆ ਅਤੇ ਇਸ ਸਾਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸ਼ੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁਡ ਦੀਆਂ ਫਿਲਮਾਂ ਦੇ ਅੰਦਾਜ਼ ਵਿਚ ਪੁਲਿਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ।

ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲਿਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਸ ਨੂੰ ਬੜੀ ਖੁਸ਼ੀ ਸੀ। ਉਸ ਨੇ ਆਪਣੇ ਖਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜ਼ਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸੰਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ-ਵਾਰ 'ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲਿਸ ਦਾ ਪੂਰਾ ਮਜ਼ਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ 'ਉਹ' (ਭਾਰਤ ਸਰਕਾਰ) ਤੇ ਅਸੀਂ (ਖਾਲਸਤਾਨੀ) ਸ਼ਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ,



*ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ*


ਇੱਕ 'ਪੁਲਿਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ (ਨਾ ਕਿ ਮੁਜਰਮ ਦੇ ਤੌਰ 'ਤੇ) .... ਉਸ ਨੂੰ ਫੇਰ ਅਸੀਂ ਗੁਜਰਾਤ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿਚ 'ਲਲਿਤ ਮਾਕਨ' ਐਮ. ਪੀ. ਤੇ 'ਅਰਜਨ ਦਾਸ' ਆਦਿ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।'

'ਵੇਦ ਮਰਵਾਹਾ' ਫੇਰ, ਇੱਕ ਸਬ-ਹੈਡਿੰਗ 'ਦੂਸਰੀ ਮੁਲਾਕਾਤ' ਦਾ ਦਿੰਦਾ ਹੈ, ਜਿਸ ਅਨੁਸਾਰ ਅਗਸਤ 1987 ਵਿਚ ਸਿਵਲ ਲਾਈਨਜ਼ ਏਰੀਏ ਵਿਚ ਹੋਏ ਇੱਕ ਪੁਲਿਸ ਮੁਕਾਬਲੇ ਵਿਚ ਜਿੰਦਾ ਸਖ਼ਤ ਜ਼ਖ਼ਮੀ ਹਾਲਤ ਵਿਚ ਦਿੱਲੀ ਪੁਲਿਸ ਨੇ ਦਬੋਚ ਲਿਆ। ... ਮੈਂ ਆਪਣੇ ਵਾਇਰਲੈੱਸ ਸੈੱਟ 'ਤੇ ਜਿੰਦੇ ਦੀ ਗ੍ਰਿਫਤਾਰੀ ਬਾਰੇ ਸੁਣਿਆ ਅਤੇ ਕੁਝ ਮਿੰਟਾਂ ਵਿਚ ਹੀ ਪੁਲਿਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਗੰਭੀਰ ਜ਼ਖ਼ਮੀ ਸੀ ਪਰ ਫਿਰ ਵੀ ਮੈਨੂੰ ਮਜ਼ਾਕੀਆ ਲਹਿਜੇ ਵਿਚ ਕਿਹਾ - 'ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ ਦਿੱਲੀ ਪੁਲਿਸ ਨੇ ਮੁਝੇ ਪਕੜ ਲੀਆ ਹੈ।'

ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿਚ ਵੀ ਬੇਪ੍ਰਵਾਹ ਹੋ ਕੇ ਮਜ਼ਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਰਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲਿਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ... ਉਸ ਦਾ ਫੌਜੀ ਹਸਪਤਾਲ ਵਿਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ.ਜੀ.ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ, ਸਗੋਂ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸ਼ਨਲ ਪੁਲਿਸ ਅਫਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸ਼ੰਸਾ ਤੇ ਨਿੱਘ ਵਾਲੀਆਂ ਸਨ।

# ਗੁਰ ਰਾਮਦਾਸ ਰਾਖਹੁ ਸਰਨਾਈ

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਆਪਣੀ ਮਿਹਰ ਨਾਲ ਸਾਰੀ ਮਨੁੱਖਤਾ ਦੀਆਂ ਝੋਲੀਆਂ ਭਰ ਦਿੱਤੀਆਂ ਜੋ ਕਦੇ ਖਾਲੀ ਨਹੀਂ ਹੋਣ ਵਾਲੀਆਂ, ਕੋਟਿ ਕੋਟਿ ਪਾਰਜਾਤ, ਕਾਮਧੇਨ ਉਨ੍ਹਾਂ ਦੇ ਦਰ ਦੀ ਸੋਭਾ ਬਣੇ, ਕੋਈ ਵੀ ਆਇਆ ਅੱਜ ਤੱਕ ਨਿਰਾਸ਼ ਗਿਆ ਹੀ ਨਹੀਂ। ਗੁਰੂ ਰਾਮਦਾਸ ਜੀ ਦੀ ਨਿਮਖ ਮਾਤਰ ਦ੍ਰਿਸ਼ਟੀ ਹੀ ਸਾਰੇ ਦੁੱਖ ਹਰ ਲੈਂਦੀ ਹੈ। ਉਨ੍ਹਾਂ ਦੀ ਵਡਿਆਈ ਬੇਅੰਤ ਹੈ ਜਿਸ ਦੀ ਪ੍ਰਤੀਤਿ ਹਰ ਗੁਰਸਿੱਖ ਦੇ ਚੇਤਨ, ਅਵਚੇਤਨ ਵਿਚ ਪੀੜ੍ਹੀ ਦਰ ਪੀੜ੍ਹੀ ਵੱਸੀ ਹੋਈ ਹੈ। ਇਹ ਪ੍ਰਤੀਤਿ ਹੀ ਉਸ ਦੇ ਮਨ ਅੰਦਰ ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰਾਪਤ ਕਰਨ ਦੀ ਤੀਬਰ ਤਾਂਘ ਪੈਦਾ ਕਰਦੀ ਹੈ। ਗੁਰੂ ਰਾਮਦਾਸ ਜੀ ਦੀ ਸ਼ਰਣ ਵਿਚ ਉਸ ਨੂੰ ਆਪਣੇ ਅਵਗੁਣਾਂ ਨਾਲ ਭਰੇ ਜੀਵਨ ਦੀ ਉੱਤਮਤਾਈ ਨਜ਼ਰ ਆਉਂਦੀ ਹੈ। ਗੁਰੂ ਰਾਮਦਾਸ ਜੀ ਦੀ ਸ਼ਰਣ ਹਰ ਉਸ ਮਨੁੱਖ ਨੂੰ ਜੀ ਆਇਆਂ ਕਰ ਰਹੀ ਹੈ ਜਿਸ ਨੇ ਗੁਰੂ ਸਾਹਿਬ ਦੀ ਸ਼ਰਣ ਦਾ ਸੰਕਲਪ ਧਾਰਨ ਕਰ ਲਿਆ ਹੈ। ਗੁਰੂ ਰਾਮਦਾਸ ਜੀ ਜਿਹਾ ਦਿਆਲੂ ਤਾਂ ਮਨੁੱਖੀ ਸਭਿਅਤਾ ਦੇ ਇਤਿਹਾਸ 'ਚ ਕੋਈ ਨਹੀਂ ਲੱਭਦਾ। ਗੁਰੂ ਸਾਹਿਬ ਤਾਂ ਦੀਨ ਨੂੰ ਆਪ ਸੱਦ ਕੇ ਆਪਣੀ ਸ਼ਰਣ ਵਿਚ ਲੈਂਦੇ ਹਨ। ਸੰਨ 1557 ਵਿਚ ਇੱਕ ਨਵਾਂ



**ਡਾ ਸਤਿੰਦਰ ਪਾਲ ਸਿੰਘ**
ਈ ਮੇਲ: akaalpurkh.7@gmail.com

ਨਗਰ ਵਸਾ ਕੇ ਗੁਰੂ ਸਾਹਿਬ ਨੇ ਪਹਿਲਾਂ ਆਪ ਨਿਵਾਸ ਕੀਤਾ ਫਿਰ ਵੱਖ-ਵੱਖ ਖੇਤਰਾਂ ਦੇ ਕਿਰਤੀਆਂ, ਕਾਰੀਗਰਾਂ ਨੂੰ ਬੁਲਾ ਕੇ ਵਸਾਇਆ। ਗੁਰੂ ਰਾਮਦਾਸ ਜੀ ਦੀ ਆਮਦ ਤੇ ਰਿਹਾਇਸ਼ ਦਾ ਅਰਥ ਸੀ ਅੰਮ੍ਰਿਤ ਦੀ ਬਰਖਾ। ਇਹ ਅਸਥਾਨ ਅੰਮ੍ਰਿਤਸਰ ਬਣ ਗਿਆ। ਇਸ ਨਗਰ ਵਿਚ ਪ੍ਰੇਮ ਦੇ ਬੂਟੇ ਲੱਗੇ ਜੋ ਅੰਮ੍ਰਿਤ ਨਾਲ ਸਿੰਚੇ ਗਏ। ਅੱਜ ਵੀ ਸੰਗਤ ਰੂਪ ਪ੍ਰੇਮ ਦੇ ਬੂਟੇ ਆਉਂਦੇ ਹਨ ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਆਪਣੀ ਅੰਮ੍ਰਿਤਮਈ ਬਾਣੀ ਨਾਲ ਸਿੰਜ ਕੇ ਹਰੇ ਭਰੇ ਕਰ ਦਿੰਦੇ ਹਨ।

ਗੁਰੂ ਰਾਮਦਾਸ ਜੀ ਦੀ ਨਗਰੀ ਦਾ ਆਪਣਾ ਹੀ ਨਿਆਮ, ਵਿਧਾਨ ਹੈ। ਇਸ ਨਗਰੀ ਵਿਚ ਆਉਣ ਲਈ ਯੋਗਤਾ ਪ੍ਰੇਮ ਪੂਰਨ ਸੇਵਾ ਦੀ ਭਾਵਨਾ ਹੈ। ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰੇਮ ਵਿਚ ਰੰਗੇ ਗੁਰਸਿੱਖ ਨੂੰ ਹੀ ਪ੍ਰਾਪਤ ਹੁੰਦੀ ਹੈ।

ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ॥ (ਅੰਗ 452)

ਗੁਰੂ ਰਾਮਦਾਸ ਜੀ ਦੇ ਸੱਦੇ ਨੂੰ ਹੁਕਮ ਮੰਨ, ਗੁਰੂ ਸਾਹਿਬ ਦੇ ਪ੍ਰੇਮ ਵਿਚ ਭਿੱਜੇ ਹੋਏ ਅੰਮ੍ਰਿਤਸਰ ਵਿਚ ਵੱਸਣ ਆਏ ਕਿਰਤੀਆਂ ਨੂੰ ਪ੍ਰਤੀਤ ਹੋਇਆ ਕਿ ਉਹ ਆਪਣੇ ਹੀ ਘਰ ਆ ਗਏ ਹੋਣ। ਗੁਰੂ ਸਾਹਿਬ ਨੇ ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕੀਤੀ ਜਿਵੇਂ ਘਰ, ਪਰਿਵਾਰ ਦਾ ਵਡੇਰਾ ਪੁਰਖ ਪਿਆਰ ਭਰੀ ਸੰਭਾਲ ਕਰਦਾ ਹੈ। ਗੁਰੂ ਘਰ ਵਿਚ ਪ੍ਰੇਮ ਹੀ ਪ੍ਰਵਾਨ ਹੁੰਦਾ ਹੈ। ਕੋਈ ਵੀ ਇਨਕਾਰ ਨਹੀਂ ਕਰੇਗਾ ਕਿ ਉਸ ਦੇ ਮਨ ਅੰਦਰ ਗੁਰੂ ਲਈ ਪ੍ਰੇਮ ਨਹੀਂ ਹੈ। ਪਰ ਪ੍ਰੇਮ ਦਾਅਵਾ ਕਰਨ ਦਾ ਵਿਸ਼ਾ ਨਹੀਂ ਹੈ। ਗੁਰੂ ਰਾਮਦਾਸ ਜੀ ਨੇ ਸਪਸ਼ਟ ਕੀਤਾ ਕਿ ਪ੍ਰੇਮ ਆਪ ਹੀ ਪਰਗਟ ਹੁੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਮਨ ਪ੍ਰੇਮ 'ਚ ਰੰਗਿਆ ਹੋਵੇ ਤਾਂ ਅੱਖਾਂ ਤੋਂ ਅੰਮ੍ਰਿਤ ਵਰ੍ਹਦਾ ਹੈ। ਜੀਵਨ ਤੇ ਸੰਸਾਰ ਨੂੰ ਵੇਖਣ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਸਾਰਿਆਂ ਲਈ ਪ੍ਰੇਮ ਤੇ ਸਤਿਕਾਰ ਦੀ ਭਾਵਨਾ ਦ੍ਰਿੜ੍ਹ ਹੁੰਦੀ ਹੈ ਕਿਉਂਕਿ ਘਟ ਘਟ 'ਚ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਆਪਣੇ ਪ੍ਰੇਮ ਦੀ ਪਰਖ ਗੁਰਸਿੱਖ ਆਪ ਕਰ ਸਕਦਾ ਹੈ। ਇਸ ਲਈ ਗੁਰੂ ਸਾਹਿਬ ਨੇ ਪਰਮਾਤਮਾ ਨੂੰ ਕਸੌਟੀ ਬਣਾਉਣ ਲਈ ਕਿਹਾ। ਪਰਮਾਤਮਾ ਇਸ ਕਾਰਨ ਪਰਮਾਤਮਾ ਹੈ ਕਿਉਂਕਿ ਉਹ ਸਤ ਹੈ, ਕਰਤਾ ਹੈ, ਨਿਰਭਉ-ਨਿਰਵੈਰ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਗੁਰਸਿੱਖ ਦੇ ਪਰਮਾਤਮਾ ਪ੍ਰੇਮ ਦਾ ਪ੍ਰਮਾਣ ਹੈ। ਇਹ ਇੱਕੋ ਕਸੌਟੀ ਹੈ ਪ੍ਰੇਮ ਦੀ ਜੋ ਗੁਰੂ ਰਾਮਦਾਸ ਜੀ ਦੀ ਸ਼ਰਣ ਪ੍ਰਾਪਤ ਕਰਨ 'ਚ ਸਹਾਇਕ ਹੈ। ਪ੍ਰੇਮ ਦਾ ਇਹ ਗੂੜ੍ਹਾ ਰੰਗ ਗੁਰਸਿੱਖ ਦੇ ਤਨ ਤੇ ਮਨ ਦੁਹਾਂ ਨੂੰ ਰੰਗਦਾ ਹੈ ਅਤੇ ਇੱਕਸਾਰ ਕਰ ਦਿੰਦਾ ਹੈ। ਤਨ ਤੇ ਮਨ ਦੋਵੇਂ ਇੱਕੋ ਦਿਸ਼ਾ ਵੱਲ, ਇੱਕੋ ਮਾਰਗ 'ਤੇ ਚੱਲਦੇ ਹਨ। ਕੋਈ ਭੇਦ ਜਾਂ ਭਿੰਨਤਾ ਨਹੀਂ ਹੁੰਦੀ। ਕਥਨ ਤੇ ਕਰਮ ਦੀ ਭਿੰਨਤਾ ਵਰਤਮਾਨ ਦੀ ਹੀ ਨਹੀਂ ਸਦਾ ਦੀ ਚੁਣੌਤੀ ਰਹੀ ਹੈ। ਗੁਰਸਿੱਖ ਪ੍ਰੇਮ ਦੀ ਪੂਰਨਤਾ ਪ੍ਰਾਪਤ ਕਰਨ ਤੋਂ ਬਾਅਦ ਇਸ ਭਿੰਨਤਾ ਨੂੰ ਦੂਰ ਕਰਨ 'ਚ ਸਫਲ ਹੋ ਜਾਂਦਾ ਹੈ। ਉਸ ਨੂੰ ਗੁਰੂ ਦਾ ਦਰ ਆਪਣਾ ਲੱਗਣ ਲੱਗਦਾ ਹੈ। ਗੁਰੂ, ਗੁਰਬਾਣੀ ਵਿਚ ਆਪਣੇ ਜੀਵਨ ਦੀ ਸਾਰਥਕਤਾ ਨਜ਼ਰ ਆਉਣ ਲੱਗ ਜਾਂਦੀ ਹੈ।

ਗੁਰੂ ਨਾਲ ਨੇੜਤਾ ਦੇ ਸਬੰਧ ਦਾ ਅਹਿਸਾਸ ਹੋਣਾ ਪਰਮਾਤਮਾ ਪ੍ਰੇਮ ਦੀ ਪੂਰਨਤਾ ਪ੍ਰਾਪਤ ਕਰਨ ਦੀ ਵੱਡੀ ਲੋੜ ਹੈ। ਗੁਰਸਿੱਖ ਗੁਰੂ ਕੋਲ ਆਵੇ ਤਾਂ ਗੁਰੂ ਦਾ ਹੋ ਕੇ, ਗੁਰੂ ਨੂੰ ਆਪਣਾ ਮੰਨ ਕੇ ਆਵੇ। ਇੱਕ ਗੁਰੂ ਦਾ ਘਰ ਹੀ ਆਪਣਾ ਹੈ।

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ (ਅੰਗ 451)

ਆਪਣਾ ਘਰ ਹੀ ਅਜਿਹਾ ਅਸਥਾਨ ਹੈ ਜਿੱਥੇ ਮਨੁੱਖ ਆਪਣੇ ਲਗਭਗ ਸੱਚੇ ਰੂਪ ਵਿਚ ਵਿਹਾਰ ਕਰਦਾ ਹੈ। ਆਪਣੇ ਮਨ ਦਾ ਪ੍ਰਗਟ ਕਰਨ ਵਿਚ ਉਸ ਨੂੰ ਕੋਈ ਸੰਕੋਚ ਨਹੀਂ ਹੁੰਦਾ। ਆਪਣਾ ਘਰ ਮਨੁੱਖ ਨੂੰ ਅਚਿੰਤ ਕਰਦਾ ਹੈ ਤੇ ਸੁਰੱਖਿਆ ਦਾ ਅਹਿਸਾਸ ਪ੍ਰਦਾਨ ਕਰਦਾ ਹੈ। ਗੁਰੂ ਰਾਮਦਾਸ ਜੀ ਗੁਰਸਿੱਖ ਨੂੰ ਗੁਰੂ ਘਰ, ਗੁਰੂ ਦੇ ਨਗਰ ਵਿਚ ਆਪਣਾ ਘਰ ਸਮਝ ਕੇ ਆਉਣ ਦੀ ਪ੍ਰੇਰਣਾ ਕਰਦੇ ਹਨ। ਇਹ ਨਗਰ, ਅਸਥਾਨ ਪਰਮਾਤਮਾ ਨਾਲ ਮੇਲ ਕਰਾਉਣ ਦਾ ਅਸਥਾਨ ਹੈ। ਇਹੋ ਇੱਕ ਅਸਥਾਨ ਹੈ ਜਿੱਥੇ ਪ੍ਰੇਮ ਦੀ ਅਵਸਥਾ ਪਰਵਾਨ ਚੜ੍ਹਦੀ ਹੈ ਤੇ ਉਸ ਪ੍ਰੇਮ ਦਾ ਸੱਚਾ ਆਨੰਦ ਮਾਣਨ ਦੀ ਜਾਚ ਆ ਜਾਂਦੀ ਹੈ।



ਗੁਰੂ ਰਾਮਦਾਸ ਜੀ ਨੇ ਵਚਨ ਕੀਤਾ ਕਿ ਆਨੰਦ ਵਾਹਿਗੁਰੂ ਪਰਮਾਤਮਾ ਨੂੰ ਇਵੇਂ ਧਾਰਨ ਕਰਨ ਵਿਚ ਜਿਵੇਂ ਕੋਈ ਇਸਤ੍ਰੀ ਆਪਣੇ ਪਤੀ ਨੂੰ ਆਪਣਾ ਸੁਹਾਗ ਤੇ ਆਪਣੇ ਮਸਤਕ ਦੀ ਸ਼ੋਭਾ ਮੰਨ ਕੇ ਮਨ ਅੰਦਰ ਪ੍ਰੇਮ ਨਾਲ ਵਸਾਉਂਦੀ ਹੈ। ਗੁਰੂ ਸਾਹਿਬ ਨੇ ਦੂਜੀ ਜੁਗਤ ਦੱਸੀ ਕਿ ਨੇਤਰਾਂ ਅੰਦਰ ਪਰਮਾਤਮਾ ਦੇ ਦਰਸ਼ਨ ਦੀ ਤਾਂਘ ਇਵੇਂ ਹੋਵੇ ਜਿਵੇਂ ਚਾਤ੍ਰਿਕ ਪੰਛੀ ਅੰਦਰ ਸਵਾਤੀ ਦੀ ਇੱਕ ਬੂੰਦ ਲਈ ਹੁੰਦੀ ਹੈ। ਇਸ ਨੂੰ ਬਿਰਹਾ ਵੀ ਕਿਹਾ। ਗੁਰਸਿੱਖ ਨੂੰ ਬਸੰਤ ਰੁਤ ਚੇਤੇ ਕਰਾਉਂਦਿਆਂ ਗੁਰੂ ਸਾਹਿਬ ਨੇ ਕਿਹਾ ਕਿ ਪ੍ਰੀਤਮ ਘਰ ਨਾ ਹੋਵੇ ਤਾਂ ਇਹ ਸਰਸ ਤੇ ਭਲੀ ਰੁਤ ਵੀ ਦੁੱਖਦਾਈ ਬਣ ਜਾਂਦੀ ਹੈ। ਬਸੰਤ ਰੁਤ ਮਾਣਨ ਲਈ ਮਨ ਅੰਦਰ ਵੱਡੀ ਆਸ ਹੋਵੇ ਗੁਰੂ ਦਰਸ਼ਨ ਦੀ। ਜਦੋਂ ਗੁਰੂ ਦੇ ਦਰਸ਼ਨ ਸੁਭਾਗ ਪ੍ਰਾਪਤ ਹੋਵੇ ਤਾਂ ਇਵੇਂ ਸੁੱਖ ਪ੍ਰਾਪਤ ਹੋਵੇ ਜਿਵੇਂ ਮਾਤਾ ਦੇ ਹਿਰਦੇ ਵਿਚ ਆਪਣੇ ਬਾਲਕ ਨੂੰ ਵੇਖ ਕੇ ਵਿਗਾਸ ਪੈਦਾ ਹੁੰਦਾ ਹੈ।

ਜੋ ਨਗਰ ਗੁਰਸਿੱਖ ਦੇ ਨਿਵਾਸ ਲਈ ਯੋਗ ਹੈ ਉਸ ਦਾ ਸੁਆਮੀ ਗੁਰੂ ਆਪ ਹੈ। ਗੁਰੂ ਦਾ ਦਰ ਅੰਮ੍ਰਿਤ ਦਾ ਘਰ ਹੈ ਜੋ ਸੁੱਤੇ ਮਨ ਨੂੰ ਜਗਾਉਣ ਵਾਲਾ, ਭਰਮੇ ਹੋਏ ਮਨ ਨੂੰ ਸੁਮਾਰਗ 'ਤੇ ਲਿਆਉਣ ਵਾਲਾ ਤੇ ਸੱਖਣੇ ਮਨ ਨੂੰ ਸੱਚੀ ਰਾਸ ਨਾਲ ਭਰਨ ਵਾਲਾ ਹੈ। ਗੁਰੂ ਰਾਮਦਾਸ ਜੀ ਨੇ ਕਿਹਾ ਕਿ ਗੁਰੂ ਦਾ ਦਰਸ਼ਨ ਮਾਤਰ ਆਸ ਜਗਾ ਦਿੰਦਾ ਹੈ ਕਿਉਂਕਿ ਉਸ ਦੀ ਹੋਂਦ ਅੰਮ੍ਰਿਤ ਦਾ ਸੋਮਾ ਹੈ। ਗੁਰੂ ਦੀ ਅੰਮ੍ਰਿਤ ਬਾਣੀ ਅੰਤਰ ਨੂੰ ਗਿਆਨ ਨਾਲ ਪ੍ਰਕਾਸ਼ਿਤ ਕਰਨ ਵਾਲੀ ਹੈ। ਗੁਰੂ ਅੰਮ੍ਰਿਤਮਈ ਭਗਤੀ ਦਾ ਭੰਡਾਰ ਹੈ ਤੇ ਕਦੇ ਡੋਲ੍ਹਣ ਨਹੀਂ ਦਿੰਦਾ। ਗੁਰੂ ਦੀ ਨਗਰੀ ਵਿਚ ਆਉਣ ਦਾ ਮਨੋਰਥ ਅੰਮ੍ਰਿਤ ਨਾਲ ਜੀਵਨ ਨੂੰ ਸਿੰਚਿਤ ਕਰਨਾ ਹੈ। ਗੁਰੂ ਜਿਸ ਨੂੰ ਜੋ ਬਖਸ਼ਿਸ਼ਾਂ ਦੇ ਰਿਹਾ ਹੈ, ਗੁਰਸਿੱਖ ਉਹੋ ਪ੍ਰਾਪਤ ਕਰ ਰਿਹਾ ਹੈ। ਗੁਰਸਿੱਖ ਆਪਣੀ ਪ੍ਰਾਪਤੀਆਂ 'ਤੇ ਕੋਈ ਮਾਣ ਨਹੀਂ ਕਰ ਸਕਦਾ। ਗੁਰੂ ਦੀ ਨਗਰੀ ਵਿਚ ਉਹ ਗੁਰੂ ਦਾ ਨਿਮਾਣਾ ਜਿਹਾ ਦਾਸ ਹੈ 'ਜਨੁ ਨਾਨਕ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੇ'। ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਆਉਣ ਲਈ ਗੁਰਸਿੱਖ ਆਪਣੀ ਇਹ ਪਛਾਣ ਸਵੀਕਾਰ ਕਰੇ ਤਾਂ ਹੀ ਗੁਰੂ ਅੰਦਰ ਸੱਚੇ ਸਾਹ ਦੇ ਦਰਸ਼ਨ ਕਰ ਸਕੇਗਾ।

ਗੁਰੂ ਰਾਮਦਾਸ ਜੀ ਦਾ ਵਸਾਇਆ ਨਗਰ ਸਿਫਤੀ ਦਾ ਘਰ ਹੈ। ਸੰਸਾਰ ਦੀ ਸਰਵ-ਸ੍ਰੇਸ਼ਟ ਸਿਫਤ ਪਰਮਾਤਮਾ ਦਾ ਨਾਮ ਇਸ ਅਸਥਾਨ ਨੂੰ ਪਾਵਨ ਬਣਾ ਰਿਹਾ ਹੈ। ਗੁਰੂ ਦੇ ਨਗਰ ਦੀ ਇਸ ਸਿਫਤ ਨੂੰ ਜਾਣ ਕੇ ਮਨ 'ਚ ਧਾਰਨ ਕਰਿਆਂ ਸਾਰੇ ਸੋਗ, ਸੰਤਾਪ ਮਿਟ ਜਾਂਦੇ ਹਨ। ਮਨ ਥਿਰ ਤੇ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਗੁਰੂ ਰਾਮਦਾਸ ਜੀ ਦੇ ਕਾਲ ਵਿਚ ਹੀ ਅੰਮ੍ਰਿਤਸਰ ਨਗਰ ਆਤਮ ਵਿਗਸ ਦਾ ਅਸਥਾਨ ਬਣ ਗਿਆ ਸੀ। ਜੀਵਨ ਦੀਆਂ ਸੰਸਾਰਕ ਲੋੜਾਂ ਤੇ ਰੂਹਾਨੀ ਮੰਗਾਂ ਦੋਵੇਂ ਹੀ ਪੂਰਨ ਹੋ ਰਹੀਆਂ ਸਨ। ਗੁਰੂ ਨਾਨਕ ਜੀ ਦੇ ਪੰਥ ਦੀ ਵਡਿਆਈ, ਗੁਰੂ ਰਾਮਦਾਸ ਜੀ ਦੇ ਵਸਾਏ ਨਗਰ ਦੀ ਸੋਭਾ ਨਿਤ ਵਧ ਰਹੀ। ਇਸ ਨਗਰ ਦੀ ਵਡਿਆਈ ਸ੍ਰੀ ਕ੍ਰਿਸ਼ਨ ਜੀ ਦੇ ਆਪ ਚੱਲ ਕੇ ਸੁਦਾਮਾ ਦੇ ਘਰ ਆਉਣ ਜਿਹੀ ਹੈ 'ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ'। ਗੁਰੂ ਰਾਮਦਾਸ ਜੀ ਸਿਮਰਨ ਕਰਨ ਵਾਲੇ ਗੁਰਸਿੱਖ ਦਾ ਜੀਵਨ ਸੰਵਾਰਨ ਲਈ ਆਪ ਅੱਗੇ ਹੋ ਕੇ ਕਿਰਪਾ ਦਾ ਮੀਂਹ ਵਰਸਾਉਂਦੇ ਹਨ। ਕੋਈ ਨਿਰਾਸ਼ ਨਹੀਂ ਜਾਂਦਾ। ਪਰ ਗੁਰੂ ਨਾਲ ਧ੍ਰੋਹ ਕਰਨਾ ਆਤਮਘਾਤ ਬਣ ਜਾਂਦਾ ਹੈ।

ਨਿੰਦਕ ਸਾਕਤੁ ਖਵਿ ਨ ਸਕੈ ਤਿਲੁ ਆਪਣੈ ਘਰਿ ਲੂਕੀ ਲਾਈ॥ (ਅੰਗ 1191)

ਕੁਪੰਥੀ, ਪਾਪੀ, ਕਿੰਨੇ ਹੀ ਜ਼ੋਰ-ਜ਼ੁਲਮ ਕਰਨ ਗੁਰੂ ਦੀ ਨਗਰੀ ਦੀ ਸੋਭਾ ਤਿਲ ਮਾਤਰ ਨਹੀਂ ਘਟਦੀ। ਜਿਸ ਨੂੰ ਆਤਮ ਪ੍ਰਬੋਧ ਹੋ ਗਿਆ ਉਹ ਗੁਰੂ ਰਾਮਦਾਸ ਜੀ ਦੀ ਸ਼ਰਣ ਦਾ ਜਾਚਕ ਬਣ ਜਾਂਦਾ ਹੈ।

# ਭਾਰਤ-ਪਾਕਿ ਮੈਚ: ਆਓ ਖੇਡਾਂ ਨੂੰ ਖੇਡ ਭਾਵਨਾ ਨਾਲ ਹੀ ਖੇਡੀਏ

ਭਾਰਤ ਤੇ ਪਾਕਿਸਤਾਨ 1947 ਤੋਂ ਪਹਿਲਾਂ ਇਕੋ ਮੁਲਕ 'ਇੰਡੀਆ' ਸੀ। ਉਹਦੀਆਂ ਹਾਕੀ ਟੀਮਾਂ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਣ ਲੱਗ ਪਈਆਂ ਸਨ। ਇੰਡੀਆ ਦੇ ਇਕ ਤੋਂ ਦੋ ਤੇ ਫਿਰ ਦੋ ਤੋਂ ਤਿੰਨ ਮੁਲਕ ਬਣਨ ਪਿੱਛੋਂ ਉਨ੍ਹਾਂ ਦੀਆਂ ਟੀਮਾਂ ਇਕ ਦੂਜੇ ਨਾਲ ਖੇਡਦੀਆਂ ਆ ਰਹੀਆਂ ਹਨ। ਕਦੇ ਕੋਈ ਟੀਮ ਜਿੱਤ ਜਾਂਦੀ ਹੈ, ਕਦੇ ਕੋਈ। ਖਿਡਾਰੀਆਂ ਦੇ ਹੱਥ ਹਮੇਸ਼ਾਂ ਮਿਲਦੇ ਆ ਰਹੇ ਸਨ। ਇਹੋ ਖੇਡਾਂ ਦੀ ਸ਼ੁਭ ਭਾਵਨਾ ਹੈ ਤੇ ਇਹੋ ਖੇਡਾਂ ਦਾ ਧਰਮ। ਪਰ ਹੁਣ ਮੈਚ ਤੋਂ ਪਹਿਲਾਂ ਤੇ ਮੈਚ ਤੋਂ ਪਿੱਛੋਂ ਖਿਡਾਰੀਆਂ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਵੱਲੋਂ ਹੱਥ ਨਾ ਮਿਲਾਉਣ ਦੀ ਜਿਹੜੀ ਸੌੜੀ ਸਿਆਸਤ ਖੇਡੀ ਜਾ ਰਹੀ ਹੈ ਉਹ ਖੇਡ ਭਾਵਨਾ ਦੇ ਅਨੁਕੂਲ ਨਹੀਂ। ਖੇਡਾਂ ਸਦਭਾਵਨਾ ਵਧਾਉਣ ਲਈ ਹੁੰਦੀਆਂ ਹਨ ਨਾ ਕਿ ਦੁਰਭਾਵਨਾ। ਖੇਡ ਮੁਕਾਬਲਿਆਂ ਨੂੰ ਲੜਾਈਆਂ ਭਿੜਾਈਆਂ ਦਾ ਬਦਲ ਮੰਨਿਆ ਜਾਂਦਾ ਹੈ।

ਪੁਰਾਤਨ ਓਲੰਪਿਕ ਖੇਡਾਂ ਸਮੇਂ ਓਨਾ ਚਿਰ ਲੜਾਈਆਂ ਰੋਕ ਦਿੱਤੀਆਂ ਜਾਂਦੀਆਂ ਸਨ ਜਿੰਨਾ ਚਿਰ ਖੇਡ ਮੁਕਾਬਲੇ ਚਲਦੇ ਸਨ। ਖੇਡਾਂ ਦਾ ਮਾਟੋ ਹੀ ਹੈ ਖਿਡਾਰੀਆਂ ਤੇ ਦਰਸ਼ਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣਾ ਤੇ ਆਪਸੀ ਮਿਲਵਰਤਣ ਵਧਾਉਣਾ। ਪਰ ਸੌੜੀ ਸੋਚ ਵਾਲੇ ਸਿਆਸਤਦਾਨ ਹੁਣ ਆਪਣੇ ਸਿਆਸੀ ਲਾਭਾਂ ਲਈ ਸਿਹਤਮੰਦ ਖੇਡਾਂ ਦੀ ਵੀ ਦੁਰਵਰਤੋਂ ਕਰਨ ਲੱਗ ਪਏ ਹਨ। ਭਾਰਤ-ਪਾਕਿ ਸੰਬੰਧ ਕਦੇ ਚੰਗੇ ਤੇ ਕਦੇ ਮਾੜੇ ਬਣਾ ਕੇ ਕੁਝ ਸਿਆਸਤਦਾਨ ਆਪਣਾ ਵੋਟ ਬੈਂਕ ਵਧਾਉਣ ਦੀਆਂ ਚਾਲਾਂ ਚੱਲ ਰਹੇ ਹਨ। ਆਮ ਲੋਕ ਇਹ ਪੜ੍ਹਦੇ-ਸੁਣਦੇ ਅੱਕੇ ਪਏ ਹਨ ਕਿ ਭਾਰਤੀ ਖਿਡਾਰੀ ਪਾਕਿਸਤਾਨੀ ਖਿਡਾਰੀਆਂ ਨਾਲ ਖੇਡ ਤਾਂ ਲੈਣਗੇ ਪਰ ਉਨ੍ਹਾਂ ਨਾਲ ਹੱਥ ਨਹੀਂ ਮਿਲਾਉਣਗੇ। ਜੇ ਜਿੱਤ ਜਾਣ ਤਾਂ ਉਨ੍ਹਾਂ ਦੇ ਮੁੱਖ ਮਹਿਮਾਨ ਤੋਂ ਟਰਾਫੀ ਵੀ ਨਹੀਂ ਲੈਣਗੇ। ਪਿੱਛੋਂ ਭਾਵੇਂ ਲੇਲ੍ਹੜੀਆਂ ਕੱਢਦੇ ਫਿਰਨ ਕਿ ਜਿੱਤੀ ਟਰਾਫੀ ਉਨ੍ਹਾਂ ਨੂੰ ਕਿਉਂ ਨਹੀਂ ਮਿਲੀ? ਕੈਸੀ ਬਚਗਾਨਾ ਸਿਆਸਤ ਹੈ? ਇਹ ਦੋਗਲਾ ਰੋਲ ਨਹੀਂ ਤਾਂ ਹੋਰ ਕੀ ਹੈ?

ਖੇਡਾਂ 'ਚ ਰੋੜ ਮਾਰਨ ਵਾਲਿਆਂ ਬਾਰੇ ਅਖਾਣ ਹੈ ਅਖੇ ਨਾ ਖੇਡਣਾ, ਨਾ ਖੇਡਣ ਦੇਣਾ, ਬੱਸ ਖੁੱਤੀ 'ਚ...! ਇਨ੍ਹਾਂ ਭੱਦਰ ਪੁਰਸ਼ਾਂ ਦੀ ਕੂਟਨੀਤੀ ਵੇਖ ਲਓ ਕਿ ਖੇਡੀ ਵੀ ਜਾਣਾ ਪਰ ਖੁੱਤੀ 'ਚ ਜ਼ਰੂਰ...! ਕੀ ਕਹੀਏ ਅਜਿਹੇ ਚੱਕਵੇਂ ਚੁੱਲ੍ਹਿਆਂ ਨੂੰ? ਖਿਡਾਰੀ ਤਾਂ ਵਿਚਾਰੇ ਜ਼ਾਬਤੇ ਦੇ ਬੰਨ੍ਹੇ ਹੁੰਦੇ ਹਨ। ਜਿਵੇਂ ਹੁਕਮ ਆਵੇ ਉਵੇਂ ਵਜਾਉਣਾ ਹੀ ਪੈਂਦਾ। ਓਲੰਪਿਕ ਚਾਰਟਰ ਵਿਚ ਵੀ ਖੇਡ ਭਾਵਨਾ ਬਾਰੇ ਸਾਫ ਲਿਖਿਆ ਹੋਇਐ ਕਿ ਖੇਡਾਂ ਦਾ ਮਾਟੋ ਦੋਸਤੀ ਹੈ ਨਾ ਕਿ ਦੁਸ਼ਮਣੀ।

ਭਾਰਤ, ਏਸ਼ਿਆਈ ਖੇਡਾਂ ਕਰਾਉਣ ਵਾਲਾ ਮੋਢੀ ਮੁਲਕ ਹੈ। 1951 ਵਿਚ ਪਹਿਲੀਆਂ ਏਸ਼ਿਆਈ ਖੇਡਾਂ ਨਵੀਂ ਦਿੱਲੀ ਤੋਂ ਸ਼ੁਰੂ ਹੋਈਆਂ ਸਨ। ਉਨ੍ਹਾਂ ਖੇਡਾਂ ਦੇ ਉਦਘਾਟਨ ਸਮੇਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਨਾਅਰਾ ਦਿੱਤਾ ਸੀ: ਖੇਡਾਂ ਨੂੰ ਖੇਡ ਭਾਵਨਾ ਨਾਲ ਖੇਡੋ। ਉਹ ਨਾਅਰਾ ਉਦੋਂ ਤੋਂ ਹੀ ਏਸ਼ਿਆਈ ਖੇਡਾਂ ਦਾ ਅੰਗ ਬਣਿਆ ਆ ਰਿਹੈ।

ਮੈਂ ਖੇਡਾਂ ਖਿਡਾਰੀਆਂ ਬਾਰੇ 1965 ਤੋਂ ਲਿਖਦਾ ਆ ਰਿਹਾਂ। ਦੇਸ ਪ੍ਰਦੇਸ 'ਚ ਕਬੱਡੀ ਮੈਚਾਂ ਦੀ ਕੁਮੈਂਟਰੀ ਵੀ ਕਰਦਾ ਰਿਹਾਂ। ਅਕਸਰ ਆਖਦਾ ਰਿਹਾਂ ਕਿ ਖਿਡਾਰੀ ਇਕੋ ਬਾਲਟੀ 'ਚੋਂ ਇਕੋ ਗਲਾਸ ਨਾਲ ਪਾਣੀ ਪੀ ਲੈਂਦੇ ਹਨ ਤੇ ਕੋਈ ਭੇਦ ਭਾਵ ਨਹੀਂ ਰੱਖਦੇ। ਜਿਹੜਾ ਉਨ੍ਹਾਂ ਵਿਚਕਾਰ ਭੇਦ ਭਾਵ ਪੈਦਾ ਕਰਦਾ ਹੈ ਉਸ ਨੂੰ ਖਿਡਾਰੀਆਂ ਦਾ ਸ਼ੁਭਚਿੰਤਕ ਨਹੀਂ ਕਿਹਾ ਜਾ ਸਕਦਾ। ਇਨ੍ਹੀਂ ਦਿਨੀਂ ਹੋਏ ਭਾਰਤ-ਪਾਕਿ ਕ੍ਰਿਕਟ ਮੈਚਾਂ ਦੇ ਅੱਗੋਂ ਪਿੱਛੋਂ ਭਾਰਤੀ ਖਿਡਾਰੀਆਂ ਨੂੰ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਨਾ ਮਿਲਾਉਣ ਦੇਣਾ ਖੇਡ ਭਾਵਨਾ ਨਾਲ ਖੇਡਣ ਵਾਲਾ ਵਿਹਾਰ ਨਹੀਂ। ਖਿਡਾਰੀਆਂ ਤੇ ਕਲਾਕਾਰਾਂ ਨੂੰ ਅਮਨ ਦੇ ਦੂਤ ਬਣਾਉਣਾ ਚਾਹੀਦਾ ਹੈ ਨਾ ਕਿ ਭਾਰਤ-ਪਾਕਿ ਸੰਬੰਧਾਂ ਦੇ ਦੋਖੀ।

ਪੁਰਾਤਨ ਓਲੰਪਿਕ ਖੇਡਾਂ 776 ਪੂ: ਈ: ਤੋਂ 392 ਈ: ਤਕ ਹਰ ਚਾਰ ਸਾਲਾਂ ਬਾਅਦ ਹੁੰਦੀਆਂ ਰਹੀਆਂ। ਖੇਡਾਂ ਦੌਰਾਨ ਲੜਾਈਆਂ ਬੰਦ




ਹੋ ਜਾਂਦੀਆਂ। ਰੋਮ ਦੇ ਸ਼ਹਿਨਸ਼ਾਹ ਥਿਓਡਾਸੀਅਸ ਪਹਿਲੇ ਨੇ 393 ਈ: ਵਿਚ ਓਲਿੰਪੀਆ ਦੇ ਮੰਦਰਾਂ 'ਚ ਆਉਣ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ ਤੇ ਥਿਓਡਾਸੀਅਸ ਦੂਜੇ ਨੇ 426 ਈ: ਵਿਚ ਮੰਦਰਾਂ ਨੂੰ ਅੱਗ ਲਵਾ ਦਿੱਤੀ। ਇਸ ਉਪੱਧਰ ਉਤੇ ਕੁਦਰਤ ਵੀ ਕਹਿਰਵਾਨ ਹੋ ਗਈ। ਦੋ ਸਦੀਆਂ ਪਿੱਛੋਂ ਓਲਿੰਪੀਆ ਦੀ ਵਾਦੀ ਵਿਚ ਭੁਚਾਲ ਆਇਆ ਜਿਸ ਨਾਲ ਖੇਡਦੀ-ਮੱਲ੍ਹਦੀ ਨਗਰੀ ਥੇਹ ਬਣ ਗਈ। ਮੰਦ-ਮੰਦ ਵਹਿੰਦੀ ਕਲਾਦੀਅਸ ਨਦੀ ਐਲਥੀਅਸ ਨਦੀ ਵਿਚ ਜਾ ਮਿਲੀ ਤੇ ਓਲਿੰਪੀਆ ਦਾ ਸਾਰਾ ਰੌਣਕ-ਮੇਲਾ ਉਹਦੀ ਕੁੱਖ ਵਿਚ ਸਮਾ ਗਿਆ।

ਫਿਰ ਪੰਦਰਾਂ ਸੌ ਸਾਲ ਕਿਸੇ ਨੇ ਵੀ ਓਲਿੰਪੀਆ ਦੀ ਸਾਰ ਨਾ ਲਈ। 1875 ਤੋਂ 1881 ਤਕ ਕੀਤੀ ਖੁਦਾਈ ਨੇ ਓਲਿੰਪੀਆ ਦੇ ਖੰਡਰ ਲੱਭ ਲਏ। 25 ਨਵੰਬਰ 1892 ਨੂੰ ਫਰਾਂਸ ਦੇ ਸ਼ਹਿਰ ਸੋਰਬੋਨ ਵਿਖੇ ਪੀਅਰੇ ਦਿ ਕੂਬਰਤਿਨ ਨੇ ਓਲੰਪਿਕ ਖੇਡਾਂ ਦੀ ਪੁਨਰ ਸੁਰਜੀਤੀ ਦੇ ਵਿਸ਼ੇ 'ਤੇ ਵਿਸ਼ੇਸ਼ ਭਾਸ਼ਨ ਦਿੱਤਾ। ਜੂਨ 1994 ਵਿਚ ਪੈਰਿਸ ਵਿਖੇ ਖੇਡ ਪ੍ਰੇਮੀਆਂ ਦੀ ਕੌਮਾਂਤਰੀ ਮੀਟਿੰਗ ਸੱਦੀ ਗਈ ਜਿਸ ਵਿਚ 12 ਦੇਸ਼ਾਂ ਦੇ 79 ਡੈਲੀਗੇਟ ਤੇ 49 ਖੇਡ ਸਭਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਉਥੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਬਣਾ ਕੇ ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ 1900 ਈ: ਵਿਚ ਪੈਰਿਸ ਵਿਖੇ ਕਰਾਉਣ ਦਾ ਪ੍ਰੋਗਰਾਮ ਬਣਿਆ।

ਜਦੋਂ ਕੂਬਰਤਿਨ ਪੁਰਾਤਨ ਓਲੰਪਿਕ ਖੇਡਾਂ ਦੇ ਦੇਸ਼ ਯੂਨਾਨ ਦੇ ਦੌਰੇ 'ਤੇ ਗਿਆ ਤਾਂ ਏਥਨਜ਼ ਵਾਸੀਆਂ ਨੇ ਕਿਹਾ ਕਿ ਓਲੰਪਿਕ ਖੇਡਾਂ ਏਥਨਜ਼ ਤੋਂ ਹੀ ਪੁਨਰ ਸੁਰਜੀਤ ਹੋਣੀਆਂ ਚਾਹੀਦੀਆਂ ਹਨ। ਫਿਰ ਫੈਸਲਾ ਹੋਇਆ ਕਿ ਨਵੀਆਂ ਓਲੰਪਿਕ ਖੇਡਾਂ 1896 ਵਿਚ ਏਥਨਜ਼ ਵਿਖੇ ਹੋਣਗੀਆਂ। ਇੰਜ ਪਹਿਲੀਆਂ ਮਾਡਰਨ ਓਲੰਪਿਕ ਖੇਡਾਂ ਜੋ ਇਤਿਹਾਸਕ ਤੌਰ 'ਤੇ ਖੋਜੀਆਂ 294ਵੀਆਂ ਖੇਡਾਂ ਸਨ, 1500 ਸਾਲਾਂ ਦੇ ਅਰਸੇ ਬਾਅਦ ਮੁੜ ਜੀਵਤ ਹੋਈਆਂ। ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ ਯੂਨਾਨ ਦੀ ਰਾਜਧਾਨੀ ਏਥਨਜ਼ ਵਿਖੇ 1896 ਵਿਚ 6 ਤੋਂ 15 ਅਪ੍ਰੈਲ ਤਕ ਚੱਲੀਆਂ। ਉਥੇ 9 ਖੇਡਾਂ ਦੇ 43 ਈਵੈਂਟਾਂ ਵਿਚ 14 ਮੁਲਕਾਂ ਦੇ 200 ਖਿਡਾਰੀਆਂ ਨੇ ਭਾਗ ਲਿਆ ਜਿਨ੍ਹਾਂ ਵਿਚ ਔਰਤ ਕੋਈ ਨਹੀਂ ਸੀ। ਹੁਣ ਤਾਂ ਦੋ ਸੌ ਤੋਂ ਵੀ ਵੱਧ ਮੁਲਕ ਓਲੰਪਿਕ ਖੇਡਾਂ 'ਚ ਭਾਗ ਲੈਂਦੇ ਹਨ।

ਭਾਰਤ ਦੀ ਬਦਬਖ਼ਤੀ ਹੈ ਕਿ ਖੇਡਾਂ ਦੀ ਚੌਧਰ ਵੀ ਵਧੇਰੇ ਕਰ ਕੇ ਸਿਆਸਤਦਾਨਾਂ ਦੇ ਹੀ ਹੱਥ ਹੈ ਜਾਂ ਉਨ੍ਹਾਂ ਦੇ ਪਲੋਸੇ ਅਫਸਰਾਂ ਦੇ ਹੱਥ। ਸਭ ਜਾਣਦੇ ਹਨ ਕਿ ਸਿਆਸੀ ਆਗੂਆਂ ਤੇ ਬਿਊਰੋਕਰੇਸੀ ਕੋਲ ਖੇਡਾਂ ਬਾਰੇ ਨੇੜਲਾ ਗਿਆਨ ਤੇ ਹੰਢੀਂ ਹੰਢਾਇਆ ਅਨੁਭਵ ਨਹੀਂ ਹੁੰਦਾ। ਖੇਡ ਭਾਵਨਾ ਦੀ ਥਾਂ ਉਨ੍ਹਾਂ ਕੋਲ ਸਿਆਸੀ ਸ਼ਕਤੀ ਹੁੰਦੀ ਹੈ ਜਿਸ ਦੀ ਉਹ ਖੇਡਾਂ ਦੇ ਖੇਤਰ ਵਿਚ ਵੀ ਦੁਰਵਰਤੋਂ ਕਰਨੋਂ ਨਹੀਂ ਟਲਦੇ। ਉਨ੍ਹਾਂ ਨੂੰ ਖੇਡਾਂ ਤੇ ਖਿਡਾਰੀਆਂ ਦਾ ਫ਼ਿਕਰ ਨਹੀਂ ਹੁੰਦਾ। ਖੇਡਾਂ ਰਾਹੀਂ ਬੱਸ ਆਪਣੀ ਸਿਆਸਤ ਚਮਕਾਉਣ ਦਾ ਹੀ ਫ਼ਿਕਰ ਹੁੰਦੈ!

ਖੇਡਾਂ ਨਾਲ ਸਿਹਤ ਬਣਾਉਣ ਤੇ ਸਿਹਤਮੰਦ ਮਨੋਰੰਜਨ ਕਰਨ ਦੀ ਥਾਂ ਉਹ ਆਪਣਾ ਵੋਟ ਬੈਂਕ ਵਧਾਉਣ 'ਚ ਲੱਗੇ ਰਹਿੰਦੇ ਹਨ। ਨਿਗ੍ਹਾ ਖੇਡਾਂ ਉਤੇ ਨਹੀਂ ਵੋਟ ਬੈਂਕ ਉਤੇ ਹੁੰਦੀ ਹੈ। ਆਪਣਾ ਸਿਆਸੀ ਹਿੱਤ ਪਾਲਦਿਆਂ ਖਿਡਾਰੀ ਤੇ ਖੇਡ ਮਾਹਿਰ ਅਕਸਰ ਖੂੰਜੇ ਲਾਏ ਹੁੰਦੇ ਹਨ। 2010 ਵਿਚ ਕਾਮਨਵੈਲਥ ਖੇਡਾਂ ਦੀ ਮਸ਼ਾਲ ਵਾਹਗਾ ਬਾਰਡਰ 'ਤੇ ਪਹੁੰਚਣ ਵੇਲੇ ਪੱਤਰਕਾਰ ਜਤਿੰਦਰ ਪੰਨੂ ਨੇ ਵਿਅੰਗਮਈ ਕਾਵਿ ਬੰਦ ਲਿਖਿਆ ਸੀ:

-ਕਾਮਨਵੈਲਥ ਦੀ ਜਦੋਂ ਮਸ਼ਾਲ ਪਹੁੰਚੀ,
ਵਾਹਗੇ ਬਾਡਰ 'ਤੇ ਗੇਟ ਬਣਾਏ ਹੈ ਸੀ।
ਸ਼ੀਲਾ ਦੀਖਸ਼ਤ ਵੀ ਦਿੱਲੀ ਤੋਂ ਚੱਲ ਆਈ,
ਚੰਡੀਗੜ੍ਹ ਤੋਂ ਬਾਦਲ ਜੀ ਆਏ ਹੈ ਸੀ।
ਕਿੱਦਾਂ ਪਿੱਛੇ ਕਲਮਾਦੀ ਵੀ ਰਹਿ ਜਾਂਦਾ,
ਟੀਵੀ ਕੈਮਰੇ ਜੀਹਨੇ ਲਗਵਾਏ ਹੈ ਸੀ
ਵਾਰੀ ਵਾਰੀ ਮਸ਼ਾਲ ਨੂੰ ਹੱਥ ਲਾ ਕੇ,
ਫੋਟੋ ਉਹਨਾਂ ਨੇ ਖ਼ੂਬ ਖਿਚਵਾਏ ਹੈ ਸੀ
ਸੱਦੇ ਹੋਏ ਖਿਡਾਰੀ ਸਨ ਖੜ੍ਹੇ ਪਿੱਛੇ,
ਧਾੜ ਲੀਡਰਾਂ ਦੀ ਅੱਗੇ ਲਾਈ ਹੈ ਸੀ
ਧੌਣ ਉੱਚੀ ਸੀ ਸਿਆਸੀ ਲੀਡਰਾਂ ਦੀ,
ਨੀਵੀਂ ਓਥੇ ਖਿਡਾਰੀਆਂ ਪਾਈ ਹੈ ਸੀ!

# ਸਾਨੂੰ ਵੀ 'ਲੋਕਲ' ਸ਼ਾਂਤੀ ਪੁਰਸਕਾਰ ਦਿਓ

**ਵਿਅੰਗ**

ਜਦ ਤੋਂ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਸਮਝੇ ਜਾਂਦੇ ਮੁਲਕ ਅਮਰੀਕਾ ਦੇ ਸ਼ਕਤੀਸ਼ਾਲੀ ਸਮਝੇ ਜਾਂਦੇ (ਜਾਂ ਆਪਣੇ ਆਪ ਨੂੰ ਅਜਿਹਾ ਸਮਝਦੇ) ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਜ਼ਿੱਦੀ ਅਤੇ ਵਿਗੜੇ ਹੋਏ ਬੱਚੇ ਵਾਂਗ 'ਮੈਨੂੰ ਨੋਬੇਲ ਸ਼ਾਂਤੀ ਪੁਰਸਕਾਰ ਦਿਉ' ਦੀ ਰਟ ਲਗਾਈ ਹੋਈ ਹੈ, ਸਾਨੂੰ ਵੀ ਅਚਨਚੇਤ ਇਲਹਾਮ ਹੋਇਆ ਕਿ ਅਸੀਂ ਵੀ ਸ਼ਾਂਤੀ ਪੁਰਸਕਾਰ ਦੇ ਹੱਕਦਾਰ ਹਾਂ, 'ਨੋਬੇਲ' ਨਹੀਂ ਤਾਂ ਕਮ-ਜ਼-ਕਮ 'ਲੋਕਲ' ਪੀਸ ਪਰਾਈਜ਼' ਦੇ ਤਾਂ ਇੱਟ-ਪੱਥਰ ਵਾਂਗ ਪੱਕੇ ਹੱਕਦਾਰ ਹਾਂ!

ਸਾਨੂੰ ਕਦੀ ਕੋਈ ਪੁਰਸਕਾਰ ਨਹੀਂ ਮਿਲਿਆ। ਮਿਲੇ ਵੀ ਕਿਦਾਂ ਜਦ ਅਸੀਂ ਕਦੀ ਇਸ ਦਾ 'ਜੁਗਾੜ'



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਹੀ ਨਹੀਂ ਕੀਤਾ। ਕੋਈ ਨਿੱਕਾ-ਮੋਟਾ ਪੁਰਸਕਾਰ ਵੀ ਲੈਣਾ ਹੋਵੇ ਤਾਂ ਜੁਗਤ ਤਾਂ ਲੜਾਉਣੀ ਪੈਂਦੀ ਐ, ਜੁਗਾੜ ਤਾਂ ਕਰਨਾ ਪੈਂਦੈ। ਪੁਰਸਕਾਰ ਦੇਣ ਵਾਲੀਆਂ ਸੰਚੀਆਂ ਸਰਕਾਰਾਂ, ਰਾਜ ਦਰਬਾਰਾਂ ਅਤੇ ਅਧਿਕਾਰੀਆਂ-ਅਹਿਲਕਾਰਾਂ ਅਗੇ ਠੂਠਾ ਫੜ ਕੇ ਮੰਗਤੇ ਬਣਨਾ ਪੈਂਦੈ। ਇਹ ਪੁਕਾਰ ਕਰਨੀ ਪੈਂਦੀ ਐ ਕਿ 'ਦੇਹ ਦਾਤਾ ਕੇ ਨਾਮ ਤੁਝ ਕੋ ਅੱਲਾ ਰਖੇ' ਬਲਕਿ ਇਹ ਪੁਕਾਰ ਵਾਰ-ਵਾਰ ਕਰਨੀ ਹੀ ਨਹੀਂ ਪੈਂਦੀ, ਸਗੋਂ ਗੁਹਾਰ ਲਾਉਣੀ ਪੈਂਦੀ ਹੈ।

ਅਸੀਂ ਤਾਂ ਮਾਹਾਂ ਦੇ ਆਟੇ ਵਾਂਗ ਆਕੜ ਕੇ ਘਰ ਦੀ ਚਾਰ-ਦੀਵਾਰੀ ਵਿਚ ਹੀ ਹੁੜੇ ਰਹਿੰਦੇ ਹਾਂ, ਫਿਰ ਭਲਾ ਕਿਸੇ ਦਾ ਦਿਮਾਗ ਫਿਰਿਐ ਕਿ ਸਾਨੂੰ ਕੋਈ ਪੁਰਸਕਾਰ ਦੇਵੇ। ਪੂਛ ਹਿਲਾਵਾਂਗੇ ਤਾਂ ਹੀ ਬੁਰਕੀ ਖਾਵਾਂਗੇ! ਜੇ ਭਲਾ ਟਰੰਪ ਵਰਗਾ ਪਾਵਰਫੁਲ ਰਾਸ਼ਟਰਪਤੀ ਹਰ ਚੜ੍ਹੇ ਦਿਨ ਵਿਸ਼ਵ ਭਰ ਦੇ ਚੌਂਕਾ ਵਿਚ 'ਨੋਬੇਲ' ਪੁਰਸਕਾਰ ਦਿਤੇ ਜਾਣ ਦੀ ਗੁਹਾਰ ਲਗਾ ਰਿਹੈ ਤਾਂ ਭਲਾ ਅਸੀਂ ਕਿਸ ਖੇਤ ਦੀ ਮੂਲੀ ਹਾਂ ਜੋ ਕੋਈ ਸਾਨੂੰ ਕਿਸੇ 'ਲੋਕਲ' (ਸਥਾਨਕ) ਪੁਰਸਕਾਰ ਦੇਣ ਲਈ ਵਿਚਾਰ ਵੀ ਕਰੇ-

'ਕੈ ਬਾਗੇ ਦੀ ਮੂਲੀ ਹੁਸੈਨਾਂ! ਕੈ ਬਾਗੇ ਦੀ ਮੂਲੀ
ਬਾਗਾਂ ਦੇ ਵਿਚ ਫੁਲ ਅਜਾਇਬ, ਤੂੰ ਭੀ ਇੱਕ ਗਧੂਲੀ।'

ਸਾਨੂੰ ਟਰੰਪ ਦੀ ਮੰਗਤਾਗੀਰੀ ਨੇ ਬੜਾ ਪ੍ਰਭਾਵਤ ਕੀਤਾ ਹੈ। ਟਰੰਪ, ਜਿਸ ਨੇ 'ਟੈਰਿਫ ਟਰੇਡ' ਜੰਗ ਛੇੜ ਕੇ ਦੁਨੀਆਂ ਦਾ ਸਾਹ ਸੂਤਿਆ ਪਿਆ, ਸ਼ਾਂਤੀ ਪੁਰਸਕਾਰ ਲਈ ਗਿੜਗਿੜਾ ਰਿਹੈ। ਉਸ ਨੇ ਇਸ ਪੁਰਸਕਾਰ ਨੂੰ ਸਵੈਮਾਨ ਅਤੇ ਆਪਣੇ ਮੁਲਕ ਦੇ ਸਨਮਾਨ ਦਾ ਵਕਾਰੀ ਸਵਾਲ ਬਣਾ ਲਿਆ ਹੈ। ਭਾਵੇਂ ਆਪਾਂ ਕਹਿ ਸਕਦੇ ਹਾਂ ਕਿ 'ਅਨੋਖਾ ਲਾਡਲਾ ਖੇਲਨ ਕੋ ਮਾਂਗੇ ਚਾਂਦ' ਪਰ ਟਰੰਪ ਆਪਣੀ ਇਸ ਦਾਅਵੇਦਾਰੀ ਲਈ ਬੜੀਆਂ ਠੋਸ ਦਲੀਲਾਂ ਦਿੰਦਾ ਹੈ। ਉਸ ਅਨੁਸਾਰ ਉਸ ਨੇ ਹੁਣ ਤਕ 7 ਜੰਗਾਂ ਬੰਦ ਕਰਵਾਈਆਂ ਹਨ। ਇਨ੍ਹਾਂ ਵਿਚ ਕੰਬੋਡੀਆ-ਥਾਈਲੈਂਡ, ਕਾਂਗੋ-ਰਵਾਂਡਾ, ਕੋਸੋਵੋ-ਸਰਬੀਆ, ਭਾਰਤ-ਪਾਕਿਸਤਾਨ, ਮਿਸਰ-ਈਥੋਪੀਆ, ਅਰਮੀਨੀਆ-ਆਜ਼ਰਬਾਈਜਾਨ ਸ਼ਾਮਿਲ ਹਨ। ਉਸ ਅਨੁਸਾਰ ਉਹ ਅਠਵੀਂ ਜੰਗ, ਜੋ ਇਜ਼ਰਾਈਲ-ਹਮਾਸ ਵਿਚਾਲੇ ਚਲ ਰਹੀ ਹੈ, ਵੀ ਬੰਦ ਕਰਵਾਉਣ ਵਿਚ ਸਫਲ ਹੋਣ ਵਾਲਾ ਹੈ। ਉਹ ਇਹ ਵੀ ਦਾਅਵਾ ਕਰਦਾ ਹੈ ਕਿ ਸਾਢੇ ਤਿੰਨ ਸਾਲ ਤੋਂ ਚਲ ਰਹੀ ਰੂਸ-ਯੂਕਰੇਨ ਜੰਗ ਬੰਦ ਰੁਕਵਾਉਣ ਵਲ ਵੀ ਕਦਮ ਚੁੱਕ ਰਿਹਾ ਹੈ।

ਹੈ ਨਾ ਕਮਾਲ! ਭਾਰਤ ਕਹਿੰਦਾ ਹੈ ਕਿ 7-10 ਮਈ ਵਾਲਾ ਭਾਰਤ-ਪਾਕਿਸਤਾਨ ਵਿਚਲਾ ਟਕਰਾਅ ਬੰਦ ਕਰਵਾਉਣ ਵਿਚ ਕਿਸੇ ਤੀਸਰੀ ਧਿਰ ਦਾ ਦਖਲ ਨਹੀਂ ਸੀ ਪਰ ਟਰੰਪ 50 ਕੁ ਵਾਰ ਇਹ ਮੁਹਾਰਨੀ ਪੜ ਚੁਕਾ ਹੈ ਕਿ ਉਸ ਨੇ ਹੀ ਇਸ ਟਕਰਾਅ ਨੂੰ ਵਿਰਾਮ ਦਿਵਾਇਆ, ਵਰਨਾਂ ਦੋਵਾਂ ਦੇਸ਼ਾਂ ਵਿਚਾਲੇ ਪ੍ਰਮਾਣੂ ਯੁੱਧ ਹੋ ਸਕਦਾ ਸੀ! ਉਤੋਂ ਪਾਕਿਸਤਾਨ ਵਾਲੇ ਵੀ ਟਰੰਪ ਦੀ ਹੋਰ ਖੁਸ਼ਨੂਦੀ ਹਾਸਲ ਕਰਨ ਲਈ ਉਸ ਦੀ ਬੋਲੀ ਬੋਲ ਰਹੇ ਹਨ ਅਤੇ ਟਰੰਪ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦਿਤੇ ਜਾਣ ਦੀ ਸਿਫਾਰਿਸ਼ ਕਰ ਰਹੇ ਹਨ। ਐਵੇਂ ਤਾਂ ਨਹੀਂ ਟਰੰਪ ਪਾਕਿਸਤਾਨ ਦੀ 'ਸੱਚੀ ਸਰਕਾਰ' ਦੇ ਸਰਵੇ-ਸਰਵਾ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪਾਕਿ-ਫੌਜ ਦੇ ਰਹਿਮੋ-ਕਰਮ ਵਾਲੀ ਪਾਕਿਸਤਾਨ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨਾਲ ਵ੍ਹਾਈਟ ਹਾਊਸ ਵਿਚ ਮੁਲਾਕਾਤ ਕਰਕੇ ਉਨ੍ਹਾਂ ਨੂੰ 'ਗਰੇਟ' ਕਹਿ ਕੇ ਵਡਿਆਉਂਦੇ ਅਤੇ ਮੁਨੀਰ ਨੂੰ ਖਾਣੇ ਪ੍ਰੋਸਦੇ!

ਕਮਾਲ ਦੀ ਗੱਲ ਹੋਰ ਵੀ ਹੈ!

ਇਜ਼ਰਾਈਲ-ਇਰਾਨ ਵਿਚਾਲੇ ਜੰਗ ਰੁਕਵਾਉਣ ਦਾ ਦਾਅਵਾ ਕਰਨ ਵਾਲਾ ਟਰੰਪ ਆਪ ਇਰਾਨ ਦੇ ਪ੍ਰਮਾਣੂ ਟਿਕਾਣਿਆਂ ਉਪਰ ਭਾਰੀ ਬੰਬਾਰੀ ਕਰਦੈ! ਹੋਰ ਤਾਂ ਹੋਰ, ਇਜ਼ਰਾਈਲ, ਜੋ ਅਮਰੀਕਾ ਤੋਂ ਬਾਹਰਾ ਚਲ ਹੀ ਨਹੀਂ ਸਕਦਾ, ਉਪਰੋਂ-ਉਪਰੋਂ ਅਮਰੀਕੀ ਗੱਲ ਮੰਨਦਾ ਲਗਦੈ ਪਰ ਹਮਾਸ ਤੇ ਗਾਜ਼ਾ ਪੱਟੀ ਉਪਰ ਬੰਬਾਰੀ ਕਰਨੋਂ ਨਹੀਂ ਟਲਦਾ। ਇਜ਼ਰਾਈਲ-ਹਮਾਸ ਵਿਚ ਜੰਗਬੰਦੀ ਲਈ ਟਰੰਪ ਵਲੋਂ ਤੈਅ ਕੀਤੇ 20 ਨੁਕਤਿਆਂ 'ਚੋਂ ਹਮਾਸ ਦੁਆਰਾ ਕਾਫੀ ਨੁਕਤੇ ਮੰਨੇ ਜਾਣ ਅਤੇ ਸੰਭਾਵੀ ਜੰਗਬੰਦੀ ਦੇ ਆਸਾਰ ਦੇ ਬਾਵਜੂਦ ਵੀ ਇਜ਼ਰਾਈਲ ਵਲੋਂ ਹਮਾਸ-ਗਾਜ਼ਾ ਪੱਟੀ ਉਪਰ ਐਤਵਾਰ (5 ਅਕਤੂਬਰ) ਨੂੰ ਅੰਨ੍ਹੇਵਾਹ ਬੰਬਾਰੀ ਕੀਤੀ ਜਾਂਦੀ ਹੈ।

ਇਹ ਭਲਾ ਕਿਸ ਕਿਸਮ ਦੀ ਜੰਗ-ਬੰਦੀ ਹੋਈ। ਆਪ ਹੀ ਹਥਿਆਰ ਦਿਉ, ਆਪ ਵੀ ਹਥਿਆਰਾਂ ਦੀ ਵਰਤੋਂ ਕਰੋ ਫਿਰ ਆਪ ਹੀ ਸਬੰਧਤ ਧਿਰਾਂ ਨੂੰ ਹਥਿਆਰ ਨਾ ਵਰਤਣ ਦਾ ਮਸ਼ਵਰਾ ਦਿਉ!

ਨਿਦਾ ਫਾਜ਼ਲੀ ਨੇ ਖੂਬ ਕਿਹੈ-

'ਸਾਤ ਸਮੁੰਦਰ ਪਾਰ ਸੇ, ਕੋਈ ਕਰੇ ਵਿਉਪਾਰ
ਪਹਿਲੇ ਭੇਜੇ ਸਰਹਦੇਂ, ਫਿਰ ਭੇਜੇ ਹਥਿਆਰ!'

ਟਰੰਪ ਨੂੰ ਤਾਂ ਸ਼ਾਤੀ ਪੁਰਸਕਾਰ ਲੈਣ ਦੀ ਐਨੀ ਲਲਕ ਲੱਗੀ ਹੋਈ ਹੈ ਕਿ ਉਹ ਤਾਂ ਸੰਯੁਕਤ ਰਾਸ਼ਟਰ ਦੀ ਆਮ ਸਭਾ ਨੂੰ ਸੰਬੋਧਨ ਕਰਨ ਵੇਲੇ ਵੀ ਇਸ ਪੁਰਸਕਾਰ ਦੀ ਹੀ ਰਟ ਲਗਾਈ ਗਿਆ। ਉਸ ਨੇ ਦਾਅਵਾ ਕੀਤਾ ਕਿ ਸੱਤ ਜੰਗਾਂ ਰੁਕਵਾ ਕੇ ਉਸ ਨੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਜੰਗ ਦੀ ਭੇਟ ਚੜ੍ਹਨੋਂ ਬਚਾਈਆਂ। ਉਸ ਨੇ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਆਪਣੀ ਉਦਾਸੀ ਵੀ ਜ਼ਾਹਿਰ ਕੀਤੀ ਕਿ ਸੰਯੁਕਤ ਰਾਸ਼ਟਰ ਨੂੰ ਇਸ ਮਾਮਲੇ 'ਚ ਮਦਦ ਲਈ ਅਗੇ ਆਉਣਾ ਚਾਹੀਦਾ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ ਅਤੇ ਉਸ ਇਕੱਲੇ ਨੇ ਹੀ ਦੁਨੀਆਂ 'ਚ ਮਨੁੱਖੀ ਜਾਨਾਂ ਬਚਾਉਣ ਲਈ ਐਨਾ ਵੱਡਾ ਕਾਰਜ ਕੀਤਾ ਹੈ। ਉਸ ਨੇ ਇਕ ਬਿਆਨ ਵਿਚ ਇਥੋਂ ਤੀਕ ਆਖ ਦਿਤਾ ਕਿ ਜੇ ਉਸ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਹੀਂ ਮਿਲਦਾ ਤਾਂ ਇਸ ਨਾਲ ਅਮਰੀਕਾ ਦੀ ਬੜੀ ਬੇਇਜ਼ਤੀ ਹੋ ਜਾਵੇਗੀ।

ਵੱਖ-ਵੱਖ ਜਨਤਕ ਮੰਚਾਂ ਤੋਂ ਆਪਣੀ ਸ਼ਾਂਤੀ ਪੁਰਸਕਾਰ ਦੀ ਦਾਅਵੇਦਾਰੀ ਠੋਕਣ ਵਾਲੇ ਟਰੰਪ ਦੀ ਗੱਲ ਤੋਂ ਸਾਨੂੰ ਇੱਕ ਪਿੰਡ ਦੇ ਘੜੰਮਚੌਧਰੀ ਦੀ ਗੱਲ ਯਾਦ ਆ ਗਈ। ਪਿੰਡ ਵਿਚ ਸਰਬਸੰਮਤੀ ਨਾਲ ਸਰਪੰਚ ਚੁਣਿਆ ਜਾਣਾ ਸੀ। ਦੋ ਜਣਿਆਂ ਉਪਰ ਆ ਕੇ ਕੁੰਡੀ ਫਸ ਗਈ। ਇੱਕ ਪੰਜ-ਮੈਂਬਰੀ ਸਾਲਸੀ ਕਮੇਟੀ ਬਣਾਈ ਗਈ, ਜਿਸ ਵਿਚ ਘੜੰਮ-ਚੌਧਰੀ ਨੂੰ ਖ਼ੁਸ਼ ਕਰਨ ਲਈ ਉਸ ਨੂੰ ਵੀ ਬਤੌਰ ਮੈਂਬਰ ਪਾਇਆ ਗਿਆ। ਸਭ ਨੂੰ ਉਮੀਦ ਸੀ ਕਿ ਵਧੇਰੇ ਪ੍ਰਵਾਨਤ ਬੰਦੇ ਉਪਰ ਹੀ ਗੁਣਾ ਪਊ, ਪਰ ਹੋਇਆ ਬਿਲਕੁਲ ਅਜੀਬ ਅਤੇ ਅਲੋਕਾਰ। ਘੜੰਮਚੌਧਰੀ, ਜੋ ਪਹਿਲਾਂ ਦੌੜ 'ਚ ਨਹੀਂ ਸੀ, ਨੇ ਆਪਣੀ ਹੀ ਦਾਅਵੇਦਾਰੀ ਠੋਕਤੀ! ਦੋ ਜਣਿਆਂ 'ਚ ਪਈ ਘਿਚ-ਘਿਚ ਮੁਕਾਉਣ ਲਈ ਬਾਕੀ ਮੈਂਬਰ ਉਸ ਦੇ ਹੱਕ 'ਚ ਹੀ ਭੁਗਤ ਗਏ! ਠੀਕ ਈ ਕਹਿੰਦੇ ਹਨ ਕਿ 'ਹਿਰਖ ਦੀ ਮਾਰੀ ਸਿਵਿਆਂ' ਨੂੰ ਚਲੀ ਜਾਂਦੀ ਐ'!

ਟਰੰਪ ਦੀ ਠੂਠਾਗੀਰੀ ਤੋਂ ਅਸੀਂ ਇਸ ਕਦਰ ਪ੍ਰਭਾਵਤ ਹੋਏ ਕਿ ਆਪਣੇ ਆਪ ਲਈ 'ਲੋਕਲ' ਸ਼ਾਂਤੀ ਪੁਰਸਕਾਰ ਮੰਗਣ ਲਗ ਪਏ। ਆਪਣੇ ਦਾਅਵੇ ਨੂੰ ਮਜ਼ਬੂਤ ਕਰਨ ਹਿਤ ਅਸੀਂ ਵੀ ਟਰੰਪ ਵਾਂਗ ਕਰਵਾਈਆਂ ਯੁੱਧਬੰਦੀਆਂ ਦੀ ਸੂਚੀ ਬਣਾ ਕੇ ਉਨ੍ਹਾਂ ਦਾ ਬਿਆਨ-ਵਿਖਿਆਨ ਕਰਨ ਲਗ ਪਏ। ਇਨ੍ਹਾਂ ਵਿਚ ਸਾਡੇ ਵਲੋਂ ਹੀ ਚੱਕ-ਚਕਾ ਕੇ ਇੱਕ ਪਤੀ-ਪਤਨੀ ਵਿਚਾਲੇ ਕਰਵਾਈ ਗਈ ਤੂੰ-ਤੂੰ ਮੈਂ-ਮੈਂ, ਆਪਣੀ ਉਂਗਲ-ਦੇਣ ਦੀ ਕਲਾ ਰਾਹੀਂ ਕਰਵਾਏ ਅਨੇਕਾਂ ਘਰੇਲੂ ਝਗੜੇ, ਆਂਢ-ਗੁਆਂਢ ਵਿਚ ਪਵਾਏ ਸਿਠੀ-ਸਿਆਪੇ, ਮੁਹੱਲੇ 'ਚ ਗੱਡਿਆ ਸੇਹ ਦਾ ਤੱਕਲਾ ਅਤੇ ਇਸ ਕਾਰਨ ਹੋਏ ਅਨੇਕਾਂ ਕਾਟੋ-ਕਲੇਸ਼ ਆਦਿ ਹੱਲ ਕਰਨਾ ਅਤੇ ਸ਼ਾਂਤੀ ਬਹਾਲ ਕਰਨਾ ਸ਼ਾਮਲ ਹਨ!

ਐਨੀਆਂ 'ਸੀਜ਼ਫਾਇਰਾਂ' (ਜੰਗ-ਬੰਦੀਆਂ) ਕਰਵਾਉਣ ਉਪਰੰਤ ਸਾਡੇ ਤੋਂ ਬਿਨਾਂ ਭਲਾ ਹੋਰ ਕਿਹੜਾ ਮਾਈ ਦਾ ਲਾਲ ਹੈ ਜੋ 'ਲੋਕਲ' ਸ਼ਾਂਤੀ ਪੁਰਸਕਾਰ' ਪ੍ਰਾਪਤ ਕਰਨ ਦਾ ਹੱਕਦਾਰ ਹੋਵੇ! ਸਾਨੂੰ ਇਹ ਪੁਰਸਕਾਰ ਦਾ ਨਾਂ ਮਿਲਣਾ ਸਿਰਫ ਸਾਡੀ ਹੀ ਮਾਣ-ਘਟਾਈ ਨਹੀਂ ਹੋਵੇਗੀ, ਬਲਕਿ ਸਾਰੇ ਮੁਹੱਲੇ ਦੀ, ਸਗੋਂ ਸਾਰੇ ਸ਼ਹਿਰ ਦੀ, ਸੱਚ ਪੁੱਛੋਂ ਤਾਂ 'ਸਟੇਟ' (ਰਾਜ) ਦੀ ਮਾਣ-ਘਟਾਈ ਹੋਵੇਗੀ!

ਸੋ, ਡੋਨਲਡ ਟਰੰਪ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦਿਉ ਭਾਵੇਂ ਨਾ ਦਿਉ ਪਰ ਸਾਨੂੰ ਸਾਡਾ 'ਲੋਕਲ' ਸ਼ਾਂਤੀ ਪੁਰਸਕਾਰ ਹਰ ਹਾਲਤ 'ਚ ਮਿਲਣਾ ਚਾਹੀਦੈ! ਵੈਸੇ ਵੀ ਟਰੰਪ ਦਾ ਲੰਗੋਟੀਆ ਯਾਰ 'ਵੋਕਲ ਫਾਰ ਲੋਕਲ' ਦਾ ਨਾਹਰਾ ਬੁਲੰਦ ਕਰਦੈ, ਸੋ ਸਾਡਾ ਤਾਂ ਪੁਰਸਕਾਰ ਉਂਝ ਵੀ 'ਸਵਦੇਸ਼ੀ-ਪ੍ਰਸਤ' ਹੋਣ ਕਾਰਨ ਬਣਦੈ!

# ਅੰਗਰੇਜ਼ੀ ਵਾਲਾ ਮਾਸਟਰ ਅਜੀਤ ਸਿੰਘ

ਗੁਰਮੀਤ ਕੜਿਆਲਵੀ



**_ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।_**

ਅੰਗਰੇਜ਼ੀ ਵਾਲੇ ਮਾਸਟਰ ਅਜੀਤ ਸਿੰਘ ਜੀ ਨੂੰ ਸਕੂਲ ਅਤੇ ਆਲੇ-ਦੁਆਲੇ 'ਬਾਬਾ ਜੀਤ' ਕਿਹਾ ਜਾਂਦਾ ਸੀ। ਸ਼ਾਇਦ ਉਨ੍ਹਾਂ ਦੇ ਲੰਮੇ ਤੇ ਖੁੱਲ੍ਹੇ ਦਾਹੜੇ ਕਰਕੇ ਉਨ੍ਹਾਂ ਦਾ ਇਹ ਨਾਂ ਪ੍ਰਚਲਿਤ ਹੋ ਗਿਆ ਹੋਵੇ। ਸੁਭਾਅ ਗੁੱਸੇਖੋਰ ਅਤੇ ਸਖ਼ਤ। ਪੜ੍ਹਾਈ ਦੇ ਮਾਮਲੇ ਵਿਚ ਕਿਸੇ ਵੀ ਕਿਸਮ ਦਾ ਸਮਝੌਤਾ ਉਨ੍ਹਾਂ ਨੂੰ ਪ੍ਰਵਾਨ ਨ੍ਹੀਂ ਸੀ। ਹੱਦ ਦਰਜੇ ਦੇ ਮਿਹਨਤੀ। ਲਾਪਰਵਾਹੀ ਜਾਂ ਮਾੜੀ ਮੋਟੀ ਢਿਲਮੱਠ ਉਨ੍ਹਾਂ ਨੂੰ ਭਾਉਂਦੀ ਨ੍ਹੀਂ ਸੀ। ਨੇੜੇ-ਤੇੜੇ ਦੇ ਸਕੂਲਾਂ ਵਿਚ ਮਾਸਟਰ ਜੀ ਦੀ ਕੁੱਟ ਮਸ਼ਹੂਰ ਸੀ। ਮਾਸਟਰ ਜੀ ਦੀ ਕੁੱਟ ਤੋਂ ਸਾਰੇ ਸਕੂਲ ਦੇ ਵਿਦਿਆਰਥੀ ਤ੍ਰਹਿੰਦੇ ਸਨ। ਉਨ੍ਹਾਂ ਦਾ ਪੀਰੀਅਡ ਆਉਂਦਿਆਂ ਹੀ ਸਾਰੇ ਬੱਚਿਆਂ ਦਾ ਸਾਹ ਸੁੱਕ ਜਾਂਦਾ। ਸਕੂਲ ਲੱਗਣ ਤੋਂ ਪਹਿਲਾਂ ਸਕੂਲੀ ਵਿਦਿਆਰਥੀ ਗਰਾਊਂਡ ਵਿਚ ਖੜ੍ਹੇ ਧੁੱਪ ਸੇਕਦੇ ਤਾਂ ਉਨ੍ਹਾਂ ਦੀਆਂ ਨਜ਼ਰਾਂ ਧਰਮਕੋਟ ਤੋਂ ਮੁੜਨ ਵਾਲੇ ਮੋੜ 'ਤੇ ਲੱਗੀਆਂ ਰਹਿੰਦੀਆਂ। ਉਹ ਮੋੜ ਸਕੂਲ ਤੋਂ ਦੋ ਕੁ ਕਿਲੋਮੀਟਰ ਦੂਰ ਸੀ। ਆਮ ਤੌਰ 'ਤੇ ਮਾਸਟਰ ਜੀ ਸਾਈਕਲ ਪੌਣੇ ਨੌਂ ਵਜੇ ਉਸ ਮੋੜ ਤੋਂ ਮੁੜ ਕੇ ਪਿੰਡ ਵਾਲੇ ਰਾਤ 'ਤੇ ਚੜ੍ਹ ਜਾਂਦਾ। 'ਬਾਬਾ ਜੀਤ' ਵਕਤ ਦਾ ਬੜਾ ਪਾਬੰਦ ਸੀ। ਸਿਆਲਾਂ ਵਿਚ ਜਦੋਂ ਸਕੂਲ 9.15 ਵਜੇ ਲੱਗਦਾ ਸੀ ਤਾਂ ਉਨ੍ਹਾਂ ਦਾ ਸਾਈਕਲ ਪੂਰੇ ਨੌਂ ਵਜੇ ਸਕੂਲ ਦੇ ਸਾਈਕਲ ਸਟੈਂਡ 'ਤੇ ਆ ਲੱਗਦਾ। ਬਹੁਤੇ ਵਿਦਿਆਰਥੀ ਬਾਬੇ ਜੀਤ ਦੇ ਬਿਮਾਰ ਹੋਣ ਦੀਆਂ ਸੁਖਣਾਂ ਸੁੱਖਦੇ ਰਹਿੰਦੇ। ਜਿਸ ਦਿਨ ਉਨ੍ਹਾਂ ਦਾ ਸਾਈਕਲ ਪੌਣੇ ਨੌਂ ਤੱਕ ਸਕੂਲ ਵਾਲਾ ਮੋੜ ਨਾ ਮੁੜਦਾ, ਸਕੂਲੀ ਵਿਦਿਆਰਥੀਆਂ ਦੇ ਚਿਹਰੇ 'ਤੇ ਖੁਸ਼ੀ ਨੱਚਣ ਲੱਗ ਜਾਂਦੀ ਸੀ। ਵਿਦਿਆਰਥੀਆਂ ਨੂੰ ਲੱਗਦਾ ਜਿਵੇਂ ਰੱਬ ਨੇ ਉਨ੍ਹਾਂ ਦੀ ਨੇੜਿਓਂ ਹੋ ਕੇ ਸੁਣ ਲਈ ਹੋਵੇ।

ਜਦੋਂ ਅਸੀਂ ਸੱਤਵੀਂ ਜਮਾਤ ਵਿਚ ਆਏ ਤਾਂ ਸਾਨੂੰ ਮਾਸਟਰ ਅਜੀਤ ਸਿੰਘ ਅੰਗਰੇਜ਼ੀ ਪੜ੍ਹਾਉਣ ਲੱਗੇ। ਬਾਬਾ ਜੀ ਨੇ ਸਾਰੀ ਕਲਾਸ ਨੂੰ ਐਮ.ਬੀ.ਡੀ. ਖ਼ਰੀਦ ਲੈਣ ਲਈ ਆਖ ਦਿੱਤਾ। ਕਲਾਸ ਦੇ ਪੰਜ-ਸੱਤ ਮੁੰਡੇ ਕੁੜੀਆਂ ਨੇ ਦੂਜੇ ਦਿਨ ਹੀ ਗਾਈਡ ਲੈ ਆਂਦੀ। ਹਫ਼ਤ ਦੇ ਵਿਚ-ਵਿਚ ਅੱਧਿਓਂ ਬਹੁਤੇ ਵਿਦਿਆਰਥੀ ਗਾਈਡਾਂ ਖ਼ਰੀਦ ਚੁੱਕੇ ਸਨ। ਮਾਸਟਰ ਜੀ ਜਦੋਂ ਵੀ ਪੜ੍ਹਾਉਣ ਲੱਗਦੇ, ਜਿਨ੍ਹਾਂ ਵਿਦਿਆਰਥੀਆਂ ਨੇ ਅਜੇ ਤਕ ਵੀ ਗਾਈਡ ਨ੍ਹੀਂ ਸੀ ਖ਼ਰੀਦੀ, ਉਨ੍ਹਾਂ ਨੂੰ ਗਾਈਡ ਲੈ ਕੇ ਆਉਣ ਲਈ ਚੇਤਾਵਨੀ ਦਿੰਦੇ। ਪੰਦਰਾਂ ਦਿਨਾਂ ਦੀ ਨਿੱਤ ਨਵੀਂ ਚੇਤਾਵਨੀ ਤੋਂ ਬਾਅਦ, ਇੱਕ ਦਿਨ ਮਾਸਟਰ ਜੀ ਨੇ ਗਾਈਡ ਵਿਹੂਣੇ ਵਿਦਿਆਰਥੀਆਂ ਨੂੰ ਕਲਾਸ ਵਿਚ ਖੜ੍ਹੇ ਕਰਕੇ ਸੋਮਵਾਰ ਤਕ ਗਾਈਡ ਲੈ ਕੇ ਆਉਣ ਦਾ ਅਲਟੀਮੇਟਮ ਵੀ ਦੇ ਦਿੱਤਾ। ਮਿੱਥੇ ਸੋਮਵਾਰ ਵਾਲੇ ਦਿਨ ਕਲਾਸ ਵਿਚ ਆਉਂਦਿਆਂ ਹੀ ਮਾਸਟਰ ਜੀ ਨੇ ਗਾਈਡ ਨਾ ਲੈ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਖੜ੍ਹੇ ਹੋਣ ਦਾ ਹੁਕਮ ਸੁਣਾ ਦਿੱਤਾ। ਮੈਂ ਨਿੰਮੋਝੂਣਾ ਜਿਹਾ ਹੋ ਕੇ ਆਪਣੀ ਜਗ੍ਹਾ 'ਤੇ ਖੜ੍ਹਾ ਹੋ ਗਿਆ ਸੀ। ਮੈਂ ਨੀਵੀਂ ਪਾਈ ਹੀ ਆਸੇ-ਪਾਸੇ ਦੇਖਿਆ ਮੇਰੇ ਨਾਲ ਦੇ 8 ਕੁ ਜਣੇ ਰਹਿ ਗਏ ਸਨ। ਬਾਕੀ ਸਾਰੀ ਕਲਾਸ ਬੈਠੀ ਹੋਈ ਸੀ। ਬਾਬਾ ਜੀ ਨੇ ਸਾਨੂੰ ਸਾਰਿਆਂ ਨੂੰ ਕੰਨ ਫੜ੍ਹਨ ਦਾ ਹੁਕਮ ਸੁਣਾ ਦਿੱਤਾ। ਮੈਂ ਦੇਖਿਆ ਕਈ ਵਿਦਿਆਰਥੀਆਂ ਨੇ ਤਾਂ ਮਾਸਟਰ ਜੀ ਦਾ ਵਾਕ ਵੀ ਪੂਰਾ



ਨ੍ਹੀਂ ਸੀ ਹੋਣ ਦਿੱਤਾ ਕਿ ਪਹਿਲਾਂ ਹੀ ਲੱਤਾਂ ਹੇਠ ਦੀ ਬਾਹਵਾਂ ਕੱਢ ਕੇ ਕੰਨ ਫੜ ਲਏ ਸਨ। ਮਾਸਟਰ ਜੀ ਵਾਰੋ-ਵਾਰੀ ਇਕੱਲੇ-ਇਕੱਲੇ ਕੋਲ ਜਾਂਦੇ ਅਤੇ ਪੂਰੇ ਗੁੱਸੇ ਨਾਲ ਮੁਰਗਾ ਬਣੇ ਵਿਦਿਆਰਥੀ ਨੂੰ ਉਠਾ ਕੇ ਹੱਥਾਂ 'ਤੇ ਪੂਰੇ ਜੋਸ਼ ਨਾਲ ਡੰਡੇ ਮਾਰਦੇ। ਇੰਜ ਵਿਦਿਆਰਥੀਆਂ ਨੂੰ ਇੱਕ-ਇੱਕ ਕਰਕੇ ਫੈਂਟਣਾ ਸ਼ੁਰੂ ਕਰ ਦਿੱਤਾ। ਕਲਾਸ ਵਿਚ ਕਈ ਮੁੰਡੇ ਮੇਰੇ ਤੋਂ ਵੱਡੀ ਉਮਰ ਦੇ ਸਨ, ਉਹ ਮੇਰੇ ਨਾਲੋਂ ਸੀ ਵੀ ਗ਼ਰੀਬ ਘਰਾਂ ਦੇ। ਮੈਂ ਹੈਰਾਨ ਸਾਂ ਕਿ ਉਹ ਚੁੱਪ-ਚਾਪ ਕੁੱਟ ਖਾਈ ਜਾਂਦੇ ਸਨ।

ਆਖ਼ਰ ਮੇਰੀ ਵੀ ਵਾਰੀ ਆ ਗਈ। ਬਾਬਾ ਜੀ ਨੇ ਮੈਨੂੰ ਉਠਾ ਲਿਆ। ਮੈਂ ਆਪਣੇ ਹੱਥ ਉਨ੍ਹਾਂ ਅੱਗੇ ਕੀਤੇ। 'ਠਾਹ' ਕਰਕੇ ਡੰਡਾ ਮੇਰੇ ਹੱਥ 'ਤੇ ਵੱਜਾ ਤਾਂ ਮੇਰੀ ਚੀਕ ਅਸਮਾਨ ਨੂੰ ਚੀਰਦੀ ਚਲੀ ਗਈ। ਮੇਰੀਆਂ ਧਾਹਾਂ ਨਿਕਲ ਗਈਆਂ। ਬੈਂਤ ਦੇ ਡੰਡੇ ਦੀ ਮਾਰ ਇੰਨੀ ਸਰੀਰ 'ਤੇ ਨ੍ਹੀਂ ਸੀ ਪਈ ਜਿੰਨੀ ਮੇਰੇ ਦਿਲ 'ਤੇ ਪਈ ਸੀ ਜਿਵੇਂ ਕਿਸੇ ਨੇ ਰੂਹ 'ਤੇ ਚੀਰ ਪਾ ਦਿੱਤਾ ਹੋਵੇ। ਧੁਰ ਅੰਦਰ ਤਕ ਜ਼ਖ਼ਮੀ ਹੋ ਗਿਆ ਸਾਂ। ਸਕੂਲ ਵਿਚ ਸ਼ਰਾਰਤ ਦੀ ਵਜ੍ਹਾ ਕਰਕੇ ਭਾਵੇਂ ਅਣਗਿਣਤ ਵਾਰ ਕੁੱਟ ਖਾਧੀ ਹੋਵੇ ਪਰ ਪੜ੍ਹਾਈ ਕਰਕੇ ਕਦੇ ਕਿਸੇ ਉਸਤਾਦ ਕੋਲੋਂ ਓਏ ਤਕ ਨ੍ਹੀਂ ਸੀ ਅਖਵਾਈ। ਹੁਣ ਕੁੱਟ ਨਾ ਤਾਂ ਸ਼ਰਾਰਤ ਕਰਕੇ ਪੈ ਰਹੀ ਸੀ ਤੇ ਨਾ ਹੀ ਪੜ੍ਹਾਈ ਕਰਕੇ। ਇਸਦੀ ਵਜ੍ਹਾ ਤਾਂ ਮਾਂ-ਬਾਪ ਦੀ ਗ਼ਰੀਬੀ ਸੀ। ਮੇਰੇ ਚਾਹੁੰਦਿਆਂ ਵੀ ਗਾਈਡ ਖ਼ਰੀਦਣ ਲਈ 40-45 ਰੁਪਏ ਦਾ ਸਬੱਬ ਨ੍ਹੀਂ ਸੀ ਬਣ ਸਕਿਆ। ਉਸ ਸਮੇਂ ਘਰ ਦੀ ਸਾਰੀ ਮੰਦਹਾਲੀ ਮੇਰੀਆਂ ਅੱਖਾਂ ਅੱਗੋਂ ਲੰਘ ਗਈ।

'ਸਰਕਾਰ ਨੇ ਗਰਾਮਰ ਕਿਸ ਵਾਸਤੇ ਲਗਾਈ ਆ? ਤੁਸੀਂ ਗਰਾਮਰ ਤੋਂ ਕਿਉਂ ਨ੍ਹੀਂ ਪੜ੍ਹਾਉਂਦੇ? ਗਾਈਡ ਕੋਈ ਜ਼ਰੂਰੀ ਐ...?' ਮੈਂ ਜਿਵੇਂ ਚੀਕ ਹੀ ਪਿਆ ਸਾਂ। ਮੈਥੋਂ ਐਨੀ ਉੱਚੀ ਆਵਾਜ਼ ਵਿਚ ਕਿਵੇਂ ਬੋਲਿਆ ਗਿਆ ਸੀ? ਮੈਂ ਤਾਂ ਆਪਣੇ ਅਧਿਆਪਕਾਂ ਦਾ ਲਾਡਲਾ ਸ਼ਾਗਿਰਦ ਸਾਂ। ਪਹਿਲੀ ਤੋਂ ਛੇਵੀਂ ਕਲਾਸ ਤਕ ਪਹਿਲੇ ਨੰਬਰ 'ਤੇ ਹੀ ਆਉਂਦਾ ਰਿਹਾ। ਹੁਣ ਵੀ ਮੈਂ ਆਪਣੀ ਕਲਾਸ ਦਾ ਮੋਨੀਟਰ ਸਾਂ। ਅਧਿਆਪਕਾਂ ਦਾ ਬੇਹੱਦ ਵਿਦਿਆਰਥੀ ਕਿਵੇਂ ਬੋਲ ਹੋ ਗਿਆ ਸੀ? ਉਹ ਵੀ ਉਸ ਮਾਸਟਰ ਅੱਗੇ ਜਿਸ ਤੋਂ ਸਾਰਾ ਸਕੂਲ ਤ੍ਰਾਹਿੰਦਾ ਸੀ। ਸਾਰੀ ਜਮਾਤ ਵਿਚ ਸੁੰਨ ਪਸਰ ਗਈ ਸੀ। ਜਮਾਤੀ ਸੋਚ ਰਹੇ ਸਨ ਕਿ ਗੁੱਸੇ ਵਿਚ ਆਇਆ ਬਾਬਾ ਜੀਤ ਹੁਣ ਮੇਰੀ ਚਮੜੀ ਉਧੇੜ ਦੇਵੇਗਾ। ਪਰ ਇਹ ਕੀ? ਡੰਡਾ ਮਾਰਨ ਲਈ ਮਾਸਟਰ ਜੀ ਦਾ ਉੱਠਿਆ ਹੱਥ ਥਾਏਂ ਸਿੱਥਲ ਹੋ ਗਿਆ ਸੀ। ਮੈਂ ਦੇਖਿਆ ਮਾਸਟਰ ਜੀ ਦਾ ਉਸ ਸਮੇਂ ਚਿਹਰਾ ਪੀਲਾ ਹੋ ਗਿਆ ਸੀ। ਮੂੰਹ 'ਤੇ ਉਦਾਸੀ ਅਤੇ ਪਲੱਤਣ ਫਿਰ ਗਈ ਸੀ। ਉਨ੍ਹਾਂ ਡੰਡਾ ਇੱਕ ਕੋਨੇ ਸੁੱਟ ਦਿੱਤਾ ਤੇ ਕਲਾਸ ਵਿਚੋਂ ਬਾਹਰ ਚਲੇ ਗਏ। ਮਾਸਟਰ ਜੀ ਨਿੰਮੋਝੂਣੇ ਜਿਹੇ ਹੋ ਕੇ ਦੂਰ ਦਰੱਖਤਾਂ ਦੀ ਛਾਵੇਂ ਜਾ ਬੈਠੇ ਤੇ ਦੇਰ ਤਕ ਉੱਥੇ ਹੀ ਬੈਠੇ ਰਹੇ ਸਨ। ਉਸ ਦਿਨ ਉਹ ਬਾਕੀ ਅਧਿਆਪਕਾਂ ਵਿਚ ਵੀ ਨ੍ਹੀਂ ਸਨ ਬੈਠੇ। ਅੱਧੀ ਛੁੱਟੀ ਤਕ ਉੱਥੇ ਹੀ ਬੈਠੇ ਰਹੇ ਸਨ।

'ਸਰ ਮੈਥੋਂ ਗ਼ਲਤੀ ਹੋਗੀ...ਮੈਨੂੰ ਮੁਆਫ਼ ਕਰ ਦਿਉ। ਮੈਂ ਅੱਧੀ ਛੁੱਟੀ ਸਮੇਂ ਉਨ੍ਹਾਂ ਅੱਗੇ ਮੁਜਰਮਾਂ ਵਾਂਗ ਹੱਥ ਜੋੜੀ ਖੜ੍ਹਾ ਸਾਂ।'

'ਸਰ ਮੈਨੂੰ ਪਤਾ ਨ੍ਹੀਂ ਕੀ ਹੋ ਗਿਆ ਸੀ?... ਸਰ ਮੈਨੂੰ ਜਿੰਨਾ ਮਰਜ਼ੀ ਕੁੱਟ ਲਉ। ਹੁਣ ਨ੍ਹੀਂ ਮੂਹਰੇ ਬੋਲਦਾ ਸਰ ਜੀ...।' ਮੇਰੇ ਹੰਝੂ ਵਹਿ ਤੁਰੇ ਸਨ। ਕੁਝ ਕੁ ਹੰਝੂ ਮਾਸਟਰ ਜੀ ਦੇ ਪੈਰਾਂ 'ਤੇ ਜਾ ਡਿੱਗੇ ਸਨ। ਦਰਅਸਲ ਮੈਂ ਬਾਬਾ ਜੀਤ ਜੀ ਦੀ ਅੰਦਰੋਂ ਬੜੀ ਇੱਜ਼ਤ ਕਰਦਾ ਸਾਂ ਕਿਉਂਕਿ ਉਹ ਗ਼ਰੀਬ ਬੱਚਿਆਂ ਨੂੰ ਅੱਧੀ ਛੁੱਟੀ ਤੋਂ ਬਾਅਦ ਵਾਧੂ ਸਮਾਂ ਵੀ ਪੜ੍ਹਾਉਂਦੇ ਸਨ।


'ਨ੍ਹੀਂ ਬੇਟੇ ਨ੍ਹੀਂ ਗ਼ਲਤੀ ਤੇਰੇ ਤੋਂ ਨ੍ਹੀਂ... ਮੇਰੇ ਤੋਂ ਹੋਈ ਐ।' ਉਨ੍ਹਾਂ ਨੇ ਮੈਨੂੰ ਬਾਹੋਂ ਫੜ ਕੇ ਛਾਤੀ ਨਾਲ ਘੁੱਟ ਲਿਆ ਸੀ। ਉਨ੍ਹਾਂ ਨੇ ਉਨਾ ਚਿਰ ਮੈਨੂੰ ਛਾਤੀ ਨਾਲ ਲਾਈ ਰੱਖਿਆ ਜਿੰਨਾ ਚਿਰ ਮੇਰੇ ਹੌਕੇ ਬੰਦ ਨ੍ਹੀਂ ਹੋਏ। ਮਾਸਟਰ ਜੀ ਦਾ ਗੱਚ ਭਰ ਆਇਆ ਸੀ। 'ਮੈਨੂੰ ਤਾਂ ਸਗੋਂ ਖੁਸ਼ੀ ਹੋਈ ਐ-ਮੇਰਾ ਕੋਈ ਵਿਦਿਆਰਥੀ ਗ਼ਲਤ ਗੱਲਾਂ ਦੇ ਖਿਲਾਫ਼ ਬੋਲਣ ਜੋਗਾ ਹੋਇਆ।' ਮਾਸਟਰ ਜੀ ਦੇ ਚਿਹਰੇ 'ਤੇ ਅਜੀਬ ਜਿਹੀ ਚਮਕ ਸੀ।

# ਨਾਵਲ 'ਚਾਰ ਗੁਰੀਲੇ'

ਲੇਖਕ: ਪਰਮਜੀਤ ਰੋਡੇ
ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਮੁਹਾਲੀ
ਮੁੱਲ: 500, ਸਫ਼ੇ: 370
ਸੰਪਰਕ: ਪਬਰਅਰ50f@ਚਲੋਦ।ਚੋਮ

'ਚਾਰ ਗੁਰੀਲੇ' ਪਰਮਜੀਤ ਰੋਡੇ ਦਾ ਪਲੇਠਾ ਨਾਵਲ ਹੈ। 370 ਸਫਿਆਂ 'ਤੇ ਫੈਲੇ ਇਸ ਵੱਡ ਅਕਾਲੀ ਨਾਵਲ ਦੀ ਕਹਾਣੀ ਪੰਜਾਬ ਦੇ ਇੱਕ ਪਿੰਡ ਤੋਂ ਸ਼ੁਰੂ ਹੋ ਕੇ ਛੱਤੀਸਗੜ੍ਹ ਦੇ ਜੰਗਲਾਂ 'ਚ ਜਾ ਪੁੱਜਦੀ ਹੈ। ਨਾਵਲ ਦਾ ਕੇਂਦਰੀ ਵਿਸ਼ਾ ਦੇਸ਼ ਭਰ 'ਚ ਵਾਪਰ ਰਹੀਆਂ ਜਬਰ ਦੀਆਂ ਘਟਨਾਵਾਂ ਤੋਂ ਪੀੜਤ ਕੁੜੀਆਂ ਹਨ ਜੋ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਇਨਸਾਫ਼ ਲੈਣ ਲਈ ਦਰ-ਦਰ ਭਟਕਦੀਆਂ ਹਨ, ਪ੍ਰੰਤੂ ਦੇਸ਼ ਦਾ ਭ੍ਰਿਸ਼ਟ ਪੁਲਸ ਤੇ ਨਿਆਂਤੰਤਰ ਅਮੀਰ ਸ਼੍ਰੇਣੀ ਦੇ ਹੱਥੀਂ ਚੜ੍ਹ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦਾ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਇਨਸਾਫ਼ ਲੈਣ ਲਈ ਆਪਣੇ ਹਮ-ਖਿਆਲੀ ਨੌਜਵਾਨਾਂ ਨਾਲ ਹਥਿਆਰ ਚੁੱਕਣੇ ਪੈਂਦੇ ਹਨ। ਜਿਸ ਤਰ੍ਹਾਂ ਅਕਸਰ ਹੀ ਹੁੰਦਾ ਹੈ ਕਿ ਸਰੋਤਾਂ ਅਤੇ ਸਿੱਕੇਬੰਦ ਯੋਜਨਾਵਾਂ ਦੀ ਘਾਟ ਕਾਰਨ ਹਥਿਆਰਬੰਦ ਸੰਘਰਸ਼ ਬਹੁਤੀ ਦੇਰ ਨਹੀਂ ਚੱਲਦਾ। ਅਜਿਹਾ ਕੁਝ ਹੀ ਵਾਪਰਦਾ ਹੈ ਨਾਵਲ ਦੇ ਮੁੱਖ ਪਾਤਰਾਂ ਫੱਤੂ, ਮੀਨਾ ਅਤੇ ਛਿੰਦਰ ਨਾਲ, ਜੋ ਜਬਰ-ਜਨਾਹ ਦੀਆਂ ਪੀੜਤ ਕੁੜੀਆਂ ਲਈ ਇਨਸਾਫ਼ ਦੀ ਲੜਾਈ ਲੜਦਿਆਂ ਪੁਲਿਸ ਦੀ ਗੋਲੀ ਦਾ ਸ਼ਿਕਾਰ ਬਣਦੇ ਹਨ ਜਦ ਕਿ ਜੱਗਾ ਕਿਵੇਂ ਨਾ ਕਿਵੇਂ ਪੰਜਾਬ ਪੁਲਿਸ ਦੀ ਗ੍ਰਿਫ਼ਤ ਤੋਂ ਬਚ ਕੇ ਛੱਤੀਸਗੜ੍ਹ ਦੇ ਆਦਿਵਾਸੀ ਗੁਰੀਲਿਆਂ ਨਾਲ ਜਾ ਮਿਲਦਾ ਹੈ।

ਨਾਵਲਕਾਰ ਨੇ ਸਮੇਂ ਦੀਆਂ ਸਰਕਾਰਾਂ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ ਜੋ ਸੱਤਾ ਵਿਚ ਆਉਣ ਤੋਂ ਪਹਿਲਾਂ ਸਮਾਜ ਵਿਚਲੀਆਂ ਕੁਰੀਤੀਆਂ ਅਤੇ ਲਾਅ ਐਂਡ ਆਰਡਰ ਦੀ ਸਥਿਤੀ 'ਚ ਬਦਲਾਅ ਲਿਆਉਣ ਦੇ ਸਬਜ਼ਬਾਗ ਦਿਖਾਉਂਦੇ ਹਨ, ਪ੍ਰੰਤੂ ਸੱਤਾ 'ਚ ਆਉਂਦਿਆਂ ਹੀ ਉਨ੍ਹਾਂ ਦੀ ਨੀਅਤ ਬਦਲ ਜਾਂਦੀ ਹੈ। ਨਾਵਲਕਾਰ ਦੀ ਇਹ ਖ਼ੂਬੀ ਹੈ ਕਿ ਉਹ ਸਮਾਜ ਦੇ ਹਾਸ਼ੀਆ ਗ੍ਰਸਤ ਲੋਕਾਂ ਦੇ ਧੀਆਂ ਪੁੱਤਰਾਂ ਨੂੰ ਨਾਇਕ ਵਜੋਂ ਇਸ ਤਰ੍ਹਾਂ ਉਭਾਰਦਾ ਹੈ ਕਿ ਉਹ ਲੋਕ ਨਾਇਕ ਹੋ ਨਿਬੜਦੇ ਹਨ। ਨਾਵਲਕਾਰ ਜਿੱਥੇ ਝੂਠੇ ਪੁਲਿਸ ਮੁਕਾਬਲਿਆਂ ਦਾ ਪਾਜ ਉਘੇੜਦਾ ਹੈ, ਉੱਥੇ ਹੀ ਪੰਜਾਬ ਅੰਦਰ ਕਮਿਊਨਿਸਟ ਵਿਚਾਰਧਾਰਾ ਦੀ ਆਮਦ ਅਤੇ ਉਸ ਦੀ ਅਸਫਲਤਾ ਦੇ ਕਾਰਨਾਂ ਤੋਂ ਵੀ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੈ। ਨਾਵਲਕਾਰ ਨੇ, ਕਹਾਣੀ ਵਿਚਲੇ ਪ੍ਰੇਮ ਪ੍ਰਸੰਗ ਨੂੰ ਨਿਵੇਕਲੇ ਢੰਗ ਨਾਲ਼ ਪੇਸ਼ ਕਰਦਿਆਂ ਮੁੱਖ ਪਾਤਰ ਨੂੰ ਜਾਤੀਵਾਦ ਤੋਂ ਉਪਰ ਉਠ ਕੇ ਵਿਆਹ ਦੇ ਬੰਧਨ 'ਚ ਬੱਝਣ ਦੇ ਨਾਲ-ਨਾਲ ਸਮਾਜ ਦੇ ਦੱਬੇ-ਕੁਚਲੇ ਲੋਕਾਂ ਲਈ ਨਿਰ-ਸਵਾਰਥ ਆਪਣਾ ਆਪਾ ਕੁਰਬਾਨ ਕਰਦਿਆਂ ਦਿਖਾਇਆ ਹੈ। ਇਸ ਪ੍ਰਕਾਰ ਹੀ ਨਾਵਲ ਦੇ ਦੋ ਪਾਤਰਾਂ ਦੀ ਲੜਾਈ ਭਾਵੇਂ ਨਿੱਜ ਤੋਂ ਸ਼ੁਰੂ ਹੁੰਦੀ ਹੈ, ਉਹ ਪ੍ਰਵਾਨ ਪਰ ਰੂਪ ਹੋ ਕੇ ਚੜ੍ਹਦੀ ਹੈ। ਨਾਵਲਕਾਰ ਆਪਣੀ ਇਸ ਰਚਨਾ ਅੰਦਰ ਮਾਨਵੀ ਕਦਰਾਂ-ਕੀਮਤਾਂ ਨੂੰ ਪ੍ਰਥਮ ਸਥਾਨ ਦਿੰਦਾ ਹੈ ਜਦਕਿ ਰਿਸ਼ਤੇ ਗੌਣ ਹੋ




ਜਾਂਦੇ ਹਨ। ਇਸ ਕਰਕੇ ਤਾਂ ਪਾਤਰ ਜੱਗਾ (ਜਗਜੀਤ) ਆਪਣੀ ਭੈਣ ਤਾਰੋ ਨਾਲ ਜਬਰ-ਜਨਾਹ ਕਰਨ ਵਾਲੇ ਆਪਣੇ ਸਕੇ ਮਾਮੇ ਨੂੰ ਮਾਰਨ ਲਈ, ਸੀ ਨਹੀਂ ਵੱਟਦਾ। ਨਾਵਲਕਾਰ ਨੇ ਆਪਣੇ ਨਾਵਲ ਦੀਆਂ ਔਰਤਾਂ ਨੂੰ ਅਬਲਾ ਬਣਾਉਣ ਦੀ ਬਜਾਏ ਚੰਡੀ ਦੇ ਰੂਪ 'ਚ ਚਿਤਰਿਆ ਹੈ, ਜਿਹੜੀ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਦਾ ਬਦਲਾ ਲੈਣ ਲਈ ਇਕ ਜੱਜ, ਜਬਰ-ਜਨਾਹ ਦੇ ਦੋ ਅਪਰਾਧੀਆਂ ਅਤੇ ਇਕ ਨਸ਼ੇ ਦੇ ਸੌਦਾਗਰ ਨੂੰ ਆਪਣੇ ਹੱਥੀਂ ਮਾਰ ਕੇ ਆਪਣੇ ਗੁੱਸੇ ਦੀ ਅੱਗ ਠੰਡੀ ਕਰਦੀਆਂ ਹਨ। ਨਾਵਲ ਦੀ ਭਾਸ਼ਾ ਸਰਲ ਅਤੇ ਪਲਾਟ ਗੁੰਦਵਾਂ ਹੈ। ਜਿਸ ਕਰਕੇ ਨਾਵਲ ਨੂੰ ਪੜ੍ਹਦਿਆਂ ਅੰਤ ਤੱਕ ਪਾਠਕ ਅਕੇਵਾਂ ਮਹਿਸੂਸ ਨਹੀਂ ਕਰਦਾ। ਬੇਸ਼ੱਕ ਨਾਵਲ ਵਿਚਲੀਆਂ ਇੱਕਾ-ਦੁੱਕਾ ਸ਼ਬਦ ਜੋੜਾਂ ਦੀਆਂ ਗਲਤੀਆਂ ਅਤੇ ਕਿਤੇ-ਕਿਤੇ ਘਟਨਾਵਾਂ ਦੁਹਰਾਓ ਅੱਖਰਦਾ ਹੈ, ਪਰੰਤੂ ਪਰਮਜੀਤ ਰੋਡੇ ਦੀ ਇਹ ਪਲੇਠੀ ਰਚਨਾ ਗਲਪਕਾਰੀ ਦੇ ਖੇਤਰ 'ਚ ਆਪਣੀ ਥਾਂ ਬਣਾਉਣ ਦੇ ਕਾਬਲ ਹੈ। ਇਸ ਦੀ ਆਮਦ ਨਾਲ ਪੰਜਾਬੀ ਨਾਵਲਕਾਰੀ ਦਾ ਪਿੜ ਹੋਰ ਮੋਕਲਾ ਹੋਇਆ ਹੈ। ਪਰਮਜੀਤ ਰੋਡੇ ਇਸ ਲਈ ਵਧਾਈ ਦਾ ਪਾਤਰ ਹੈ।

*-ਸੁਖਮੰਦਰ ਸਿੰਘ ਬਰਾੜ*
*ਫੋਨ: 98149-65928*

# ਮਾਂ-ਪੁੱਤਰ ਦਾ ਅਮਰ ਬੰਧਨ!

ਦੁਨੀਆ ਨੇ ਉਸ ਨੂੰ 'ਗਧੇ-ਮੂੰਹ ਵਾਲੀ ਔਰਤ' ਕਿਹਾ, ਪਰ ਉਸ ਦੇ ਬੇਟੇ ਨੇ ਸਿਰਫ਼ 'ਮਾਂ' ਕਿਹਾ। ਇਹ ਕਹਾਣੀ ਇੱਕ ਮਾਂ ਦੀ ਹੈ, ਜਿਸ ਦੇ ਦਿਲ ਵਿਚ ਪਿਆਰ ਦਾ ਸਮੁੰਦਰ ਸੀ, ਪਰ ਦੁਨੀਆ ਨੇ ਉਸ ਦੇ ਚਿਹਰੇ 'ਤੇ ਤਾਅਨੇ ਕੱਸੇ। ਉਹ 'ਮੁਲ-ਫੇਸਡ ਵੁਮਨ' ਸੀ, ਸ਼ਾਇਦ ਐਂਟੀਆਨਾ ਲੁਕਾਸੀ, ਜੋ ਲੁਕਾਸੀ ਪਰਿਵਾਰ ਦੀ ਇੱਕ ਮੈਂਬਰ ਸੀ। ਉਸ ਦੀ ਚਿੱਟੀ ਚਮੜੀ, ਜੋ ਅਲਬਾਈਨਿਜ਼ਮ ਦੀ ਦੇਵੀ ਦੀ ਭੇਟ ਸੀ, ਲੋਕਾਂ ਲਈ ਹੈਰਾਨੀ ਦਾ ਕਾਰਨ ਬਣੀ, ਪਰ ਉਸ ਦੇ ਬੇਟੇ ਜੋਸਫ਼ ਲਈ ਉਹ ਸਿਰਫ਼ 'ਮਾਂ' ਸੀ, ਇੱਕ ਸੁਪਨਾ, ਇੱਕ ਸਹਾਰਾ।



ਇੱਕ ਟੁੱਟਿਆ ਹੋਇਆ ਜੀਵਨ, ਪਰ ਮਜ਼ਬੂਤ ਪਿਆਰ! ਐਂਟੀਆਨਾ, ਜੋ ਮੈਡਾਗਾਸਕਰ ਦੀਆਂ ਲਹਿਰਾਂ ਤੋਂ ਆਈ, ਆਪਣੇ ਪਰਿਵਾਰ ਸਹਿਤ ਬਾਰਨਮ ਦੇ ਸ਼ੋਅਜ਼ ਵਿਚ ਆ ਗਈ। ਉਸ ਦਾ ਚਿਹਰਾ, ਜੋ ਸਮਾਜ ਨੂੰ ਅਜੀਬ ਲੱਗਦਾ ਸੀ, ਲੋਕਾਂ ਦੀਆਂ ਝਲਕਾਂ 'ਤੇ ਹਾਸੇ ਦਾ ਕਾਰਨ ਬਣਿਆ। 'ਗਧੇ-ਮੂੰਹ ਵਾਲੀ'– ਇਹ ਸ਼ਬਦ ਉਸ ਦੇ ਕੰਨਾਂ ਵਿਚ ਗੂੰਜਦੇ, ਪਰ ਉਸ ਦੀਆਂ ਅੱਖਾਂ ਵਿਚ ਅੱਥਰੂ ਸਨ, ਜੋ ਉਸ ਦੇ ਬੇਟੇ ਲਈ ਸੀ। ਜੋਸਫ਼, ਜੋ ਵੀ ਅਲਬਾਈਨੋ ਸੀ, ਆਪਣੇ ਵਾਇਲਨ ਦੀਆਂ ਤਾਣਾਂ ਨਾਲ ਮਾਂ ਦੇ ਦੁੱਖ ਨੂੰ ਘੱਟ ਕਰਦਾ। ਉਹ ਸਟੇਜ 'ਤੇ ਖੜ੍ਹਾ ਹੋ ਕੇ ਵਾਇਲਨ ਵਜਾਉਂਦਾ, ਅਤੇ ਉਸ ਦੀ ਹਰ ਤਾਣ ਵਿਚ ਮਾਂ ਦਾ ਪਿਆਰ ਗੂੰਜਦਾ।

ਮਾਂ-ਪੁੱਤਰ ਦਾ ਅਮਰ ਬੰਧਨ! ਜਦੋਂ ਬਾਰਨਮ ਨੇ ਉਨ੍ਹਾਂ ਨੂੰ 'ਵੰਡਰਫੁਲ ਅਲਬਾਈਨੋ ਫੈਮਿਲੀ' ਕਹਿ ਕੇ ਪ੍ਰਦਰਸ਼ਿਤ ਕੀਤਾ, ਤਾਂ ਉਹ ਲੋਕਾਂ ਲਈ ਸਿਰਫ਼ ਇੱਕ ਦ੍ਰਿਸ਼ਟੀਕੋਣ ਸਨ। ਪਰ ਜੋਸਫ਼ ਦੇ ਦਿਲ ਵਿਚ ਉਸ ਦੀ ਮਾਂ ਇੱਕ ਦੇਵੀ ਸੀ। ਉਹ ਆਖਦਾ, 'ਮੇਰੀ ਮਾਂ ਮੇਰੇ ਜੀਵਨ ਦੀ ਰੌਸ਼ਨੀ ਹੈ, ਭਾਵੇਂ ਦੁਨੀਆਂ ਉਸ ਨੂੰ ਹਨੇਰੇ ਵਿਚ ਡਾਹ ਲਵੇ।' ਰਾਤਾਂ ਵਿਚ, ਜਦੋਂ ਉਹ ਸਟੇਜ ਤੋਂ ਹਟਦੇ, ਜੋਸਫ਼ ਆਪਣੀ ਮਾਂ ਦੇ ਹੱਥ ਫੜ ਕੇ ਉਸ ਨੂੰ ਸੁਣਾਉਂਦਾ ਕਿ ਉਹ ਉਸ ਲਈ ਸਭ ਕੁਝ ਹੈ। ਉਸ ਦੀਆਂ ਅੱਖਾਂ ਵਿਚ ਹੰਝੂ ਸਨ, ਪਰ ਉਸ ਦਾ ਸਿਰ ਹਮੇਸ਼ਾ ਉੱਚਾ ਰਹਿੰਦਾ, ਕਿਉਂਕਿ ਉਸ ਦੇ ਬੇਟੇ ਦਾ ਪਿਆਰ ਉਸ ਦੀ ਤਾਕਤ ਸੀ।

ਦੁੱਖ ਦਾ ਅੰਤ ਅਤੇ ਅਮਰ ਵਿਰਾਸਤ! 1865 ਵਿਚ ਮਿਊਜ਼ੀਅਮ ਦੀ ਅੱਗ ਨੇ ਉਨ੍ਹਾਂ ਦੇ ਸ਼ੋਅ ਜੀਵਨ ਨੂੰ ਸਾੜ ਦਿੱਤਾ। ਜੋਸਫ਼ ਇਕੱਲਾ ਰਹਿ ਗਿਆ, ਪਰ ਉਸ ਦੀ ਵਾਇਲਨ ਦੀ ਹਰ ਤਾਣ ਵਿਚ ਉਸ ਦੀ ਮਾਂ ਦੀ ਯਾਦ ਸੀ। 1909 ਵਿਚ, ਜਦੋਂ ਉਸਦਾ ਕੈਨਸਸ ਸਿਟੀ ਵਿਚ ਇਨਫੈਕਸ਼ਨ ਨਾਲ ਲੜਦਿਆਂ ਦੇਹਾਂਤ ਹੋਇਆ, ਉਸ ਦੇ ਹੱਥ ਵਿਚ ਵਾਇਲਨ ਸੀ– ਜੋ ਉਸ ਦੀ ਮਾਂ ਦੀ ਯਾਦਗਾਰ ਸੀ। ਐਂਟੀਆਨਾ ਦੀ ਮੌਤ ਬਾਰੇ ਜ਼ਿਆਦਾ ਨਹੀਂ ਪਤਾ, ਪਰ ਉਸ ਦਾ ਪਿਆਰ ਜੋਸਫ਼ ਦੇ ਦਿਲ ਵਿਚ ਸਦੀਵੀ ਰਹਿੰਦਾ।

ਇਹ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਪਿਆਰ ਦੀ ਗਹਿਰਾਈ ਚਿਹਰੇ ਜਾਂ ਸਰੀਰ ਤੋਂ ਵੱਡੀ ਹੈ। ਜੋਸਫ਼ ਅਤੇ ਉਸ ਦੀ ਮਾਂ ਦਾ ਸੰਬੰਧ ਅੱਜ ਵੀ ਸਾਨੂੰ ਰੁਲਾਉਂਦਾ ਹੈ ਅਤੇ ਸਮਝਾਉਂਦਾ ਹੈ ਕਿ ਸੱਚਾ ਪਿਆਰ ਕਦੇ ਨਹੀਂ ਮਰਦਾ।

*-ਕਾਕਾ ਸੈਂਭੀ*

## ਕਾਵਿ-ਕਿਆਰੀ

### ਰਾਜਵੀਰ ਜਵੰਦਾ ਲਈ ਦੁਆ

ਤੇਰੇ ਲਈ ਦੁਆਵਾਂ ਸਾਰਾ ਕਰਦਾ ਜਹਾਨ ਵੇ।
ਸਿੰਘ ਸਰਦਾਰ ਤੂੰਏਂ ਗਾਇਕੀ ’ਚ ਮਹਾਨ ਵੇ।
ਹੋਰਾਂ ਨਾਲੋਂ ਵੱਖਰੀ ਅਵਾਜ਼ ਤੇਰੀ ਸੋਹਣਿਆ,
ਚੰਨ ਤੱਕ ਜਾਂਦੀ ਪਰਵਾਜ਼ ਤੇਰੀ ਸੋਹਣਿਆ,
ਤੇਰੇ ਬਿਨਾ ਤੇਰਾ ਘਰ ਮਾਂ ਲਈ ਵੀਰਾਨ ਵੇ।
ਤੇਰੇ ਲਈ...।
ਤੇਰੇ ਗਾਏ ਗੀਤਾਂ ਵਿਚ ਬੜਾ ਈ ਮਿਠਾਸ ਏ,
ਤੇਰੇ ਤੋਂ ਪੰਜਾਬੀਆਂ ਨੂੰ ਅਜੇ ਵੱਡੀ ਆਸ ਏ,
ਛੇਤੀ ਠੀਕ ਹੋ ਕੇ ਆਜਾ ਪਿੰਡ ਸੁੰਨਸਾਨ ਵੇ।
ਤੇਰੇ ਲਈ...।
ਰਾਜਵੀਰ ਨਾਮ ਤੇਰਾ ਬੜਾ ਹੀ ਪਿਆਰਾ ਏ,
ਤੁਰ ਗਿਆ ਬਾਪੂ, ਮਾਂ ਨੂੰ ਤੇਰਾ ਹੀ ਸਹਾਰਾ ਏ,
ਤੇਰੇ ਨਾਲ ਤੇਰੀ ਮਾਂ ਦਾ ਵੱਸਦਾ ਜਹਾਨ ਵੇ।
ਤੇਰੇ ਲਈ...।
ਹੱਥ ਜੋੜ ਰੱਬ ਅੱਗੇ ਕਰਾਂ ਅਰਦਾਸ ਵੇ,
ਤੇਰੇ ਉੱਤੇ ਮੇਹਰ ਕੋਈ ਕਰ ਦੇਵੇ ਖਾਸ ਵੇ,
ਮੁੜ ਗਾਉਣ ਜੋਗਾ ਹੋਜੇਂ, ਹੋਵੇ ਉੱਚੀ ਸ਼ਾਨ ਵੇ।
ਤੇਰੇ ਲਈ...।

***-ਜਸਪਾਲ ਸਿੰਘ ਨਾਗਰਾ ‘ਮਹਿੰਦਪੁਰੀਆ’***
***ਫੋਨ- +13604481989***

---

### ਮਾਂ ਦੇ ਰੂਪ

ਮਾਂ ਤੂੰ ਭਿੰਨ ਭਿੰਨ ਰੂਪ ਵਟਾਵੇਂ,
ਪਹਿਲੇ ਧੀ ਫਿਰ ਭੈਣ ਬਣ ਜਾਵੇਂ।

ਭੂਆ ਬਣ ਕਿਤੇ ਬਣ ਜਾਏਂ ਮਾਸੀ,
ਮੋਹ ਦੀ ਮੂਰਤ ਮੁੱਢ ਤੋਂ ਪਿਆਸੀ।

ਨੂੰਹ, ਸੱਸ ਤੇ ਨਾਨੀ ਦਾਦੀ ਬਣਦੀ,
ਖਾਵੰਦ ਦੀ ਸਦਾ ਪਿਆਦੀ ਬਣਦੀ।

ਪੁੱਤ ਮੋਹ ਵਿਚ ਰਹੇ ਸਦਾ ਗੁਆਚੀ,
ਘਰਾਂ ਦੀ ਤੂੰ ਹੈਂ ਰੂਹ ਸਭਨਾਂ ਜਾਚੀ।

ਧੀ ਤੋਂ ਫਿਰ ਤੂੰ ਮਾਂ ਹੈ ਬਣ ਜਾਂਦੀ,
ਵਾਹ ਮਾਂ ਤੂੰ ਕਿੰਨੇ ਰੂਪ ਵਟਾਉਂਦੀ!

ਇੰਝ ਹੀ ਚੱਲਦਾ ਰਹਿੰਦਾ ਹੈ ਗੇੜਾ,
ਤੇਰੇ ਬਿਨ ਲੱਗਦਾ ਸੱਖਣਾ ਵਿਹੜਾ।

ਤੇਰੇ ਬਿਨ ਆਦਿ, ਜੁਗਾਦਿ ਨਹੀਂ ਹੈ,
ਤੇਰੇ ਬਿਨ ਭਵਿੱਖ ਆਬਾਦ ਨਹੀਂ ਹੈ।

ਤੂੰ ਹੀ ਸਰਬ ਸ੍ਰਿਸ਼ਟੀ ਦੀ ਸਿਰਜਕ,
ਤੂੰ ਹੀ ਸਰਬ ਸ਼ਕਤੀ ਦੀ ਵਿਤਰਕ!

ਬੱਚਿਆਂ ਨੂੰ ਕਰਦੀ ਠੰਢੀਆਂ ਛਾਂਵਾਂ,
ਮਾਂ ਤੇਰੇ ਤੋਂ ਜਿੰਦੜੀ ਮੈਂ ਘੋਲ ਘੁੰਮਾਵਾਂ!

***-ਸੇਵਾ ਸਿੰਘ ‘ਨੂਰਪੁਰੀ’***

---

### ਗ਼ਜ਼ਲ

ਪੱਥਰਾਂ ਦੇ ਵਿਚੋਂ ਅਸੀਂ ਲੱਭਦੇ ਭਗਵਾਨ।
ਸਾਡੇ ਅੰਦਰ ਛੁਪੇ ਬੈਠੇ ਨੇ ਕਈ ਸ਼ੈਤਾਨ।
ਜੋ ਨਹੀਂ ਹੁੰਦੇ ਮੱਥੇ ਦੀਆਂ ਲਕੀਰਾਂ ਵਿਚ,
ਉਹ ਬਣ ਜਾਂਦੇ ਨੇ ਦਿਲ ਦੇ ਮਹਿਮਾਨ।

ਕੱਚੀਆਂ ਛੱਤਾਂ ਵਾਲੇ ਨਿੰਬਲ ਹੀ ਚਾਹੁੰਦੇ,
ਝੜੀ ਉਨ੍ਹਾਂ ਲਈ ਬਣ ਜਾਂਦੀ ਤੂਫ਼ਾਨ।
ਦੀਵਾਲੀ ਨੂੰ ਸਿਰ ਝੁਕਾ ਕੇ ਦੀਵੇ ਕਰਦੇ,
ਸਕੂਲਾਂ ਕਾਲਜਾਂ ‘ਚੋਂ ਮਿਲਦਾ ਗਿਆਨ।

ਬੈਂਕਾਂ ‘ਚ ਖਾਤੇ ਸਾਡੇ ਸਾਹਾਂ ਨਾਲ ਚੱਲਦੇ,
ਘਰ ‘ਚੋਂ ਵੀ ਮਿਟ ਜਾਵੇ ਨਾਮੋ-ਨਿਸ਼ਾਨ।
ਸਮਾਂ ਜ਼ਖਮ ਨਾ ਭਰੇ ਆਦਤ ਪਾ ਦੇਵੇ,
ਸੱਤੀ ਰੀਝਾਂ ਨੂੰ ਦੱਬਦਾ ਰਹੇ ਇਨਸਾਨ।

***-ਸੱਤੀ ਉਟਾਲਾਂ ਵਾਲਾ***
***ਫੋਨ: 90564-36733***

---

### ਕਿਉਂ?

ਮੇਰੇ ਹਾਸੇ ਕਿਉਂ ਤੇਰੇ ਲਈ ਜ਼ਹਿਰ ਬਣੇ?
ਕਿਉਂ ਤੇਰੇ ਲਈ ਪੁੱਠੇ ਮੇਰੇ ਪੈਰ ਬਣੇ?
ਮੇਰਾ ਹੋਣਾ ਕਾਹਤੋਂ ਤੈਨੂੰ ਚੁਭਦਾ ਸੀ ਏਨਾ?
ਕਿਉਂ ਮੇਰੇ ਹੁੰਦਿਆਂ ਆਪਣੇ ਤੇਰੇ ਗੈਰ ਬਣੇ?

ਮੈਂ ਤੈਨੂੰ ਤੱਕਦੀ ਸੀ ਸਾਹ ਚਲਦੇ ਰੱਖਣ ਲਈ,
ਮੇਰੇ ਹੱਕ ਹੀ ਮੇਰੇ ਲਈ ਕਿਉਂ ਕਹਿਰ ਬਣੇ?
ਦਿਲ ਨੂੰ ਬੜੀ ਸਜ਼ਾ ਦਿੱਤੀ ਤੇਰੇ ‘ਤੇ ਡੁੱਲ੍ਹਣ ਦੀ,
ਨੈਣ ਨਿਮਾਣੇ ਤੇਰੇ ਕਰਕੇ ਨਹਿਰ ਬਣੇ।

ਜੋਬਨ ਰੁਤੇ ਚਾਅ ਤੇ ਸਧਰਾਂ ਮੁੱਕ ਗਈਆਂ,
ਵੀਰਪਾਲ ਕੋਈ ਵਜ੍ਹਾ ਜਿਉਣ ਦੀ ਖੈਰ ਬਣੇ।
ਤੈਥੋਂ ਪਹਿਲਾਂ ਇਸ਼ਕ ਇਬਾਦਤ ਲੱਗਦਾ ਸੀ,
ਤੇਰੇ ਕਰਕੇ ਰੱਬ ਦੇ ਨਾਲ ਵੀ ਵੈਰ ਬਣੇ।

ਦਰਗਾਹ ਦੇ ਵਰਗੇ ਸਾਨੂੰ ਜਿਹੜੇ ਲੱਗਦੇ ਸੀ,
ਉਹੀ ਸਾਡੇ ਲਈ ਖੰਡਰ ਤੇਰੇ ਸ਼ਹਿਰ ਬਣੇ।
ਮੁੜ ਕੇ ਅਸੀਂ ਮੁਹੱਬਤ ਦੀ ਦਹਿਲੀਜ਼ ਨਹੀਂ ਲੰਘੀ,
ਤੇਰੇ ਦਿੱਤੇ ਦਰਦ ਜਦੋਂ ਦੇ ਲਹਿਰ ਬਣੇ।

***-ਵੀਰਪਾਲ ਭੱਠਲ***

# ਬੇਪਰਵਾਹੀਆਂ...!!!

ਸਿਆਣੇ ਕਹਿੰਦੇ ਹਨ ਕਿ ਬਹੁਤ ਜ਼ਿਆਦਾ ਗੱਲਾਂ ਅਤੇ ਯਾਦਾਂ ਨੂੰ ਚੇਤੇ ਰੱਖਣ ਵਾਲਾ ਇਨਸਾਨ ਅਕਸਰ ਹੀ ਪ੍ਰੇਸ਼ਾਨੀ ਦੇ ਆਲਮ ’ਚ ਘਿਰਿਆ ਰਹਿੰਦਾ ਹੈ। ਨਿੱਕੀ ਤੋਂ ਨਿੱਕੀ ਗੱਲ ਅਤੇ ਘਟਨਾ ਨੂੰ ਸਾਲਾਂ-ਬੱਧੀ ਜ਼ਿਹਨ ਵਿਚ ਬਿਠਾਈ ਰੱਖਣਾ ਹੀ ਮਾਨਸਿਕ ਪ੍ਰੇਸ਼ਾਨੀਆਂ ਅਤੇ ਤਕਲੀਫ਼ਾਂ ਦਾ ਸਭ ਤੋਂ ਵੱਡਾ ਕਾਰਨ ਬਣ ਜਾਂਦਾ ਹੈ। ਖ਼ੌਰੇ! ਇਸੇ ਲਈ ਕਿਹਾ ਜਾਂਦਾ ਹੈ ਕਿ ਬੰਦੇ ਨੂੰ ਆਪਣੇ ਜੀਵਨ ਵਿਚ ਕੁਝ ਗੱਲਾਂ ਅਤੇ ਘਟਨਾਵਾਂ ਨੂੰ ਭੁੱਲਣਾ ਵੀ ਸਿੱਖਣਾ ਚਾਹੀਦਾ ਹੈ। ਬੇਪਰਵਾਹੀਆਂ ਕਦੇ-ਕਦਾਈਂ ਮਨੁੱਖ ਦੀ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਭਰ ਦਿੰਦੀਆਂ ਹਨ। ਇਸ ਲਈ ਨਿੱਕੀਆਂ-ਮੋਟੀਆਂ ਗੱਲਾਂ ਨੂੰ ਜ਼ਿਆਦਾ ਤਵੱਜੋਂ ਨਹੀਂ ਦੇਣੀ ਚਾਹੀਦੀ। ਬਹੁਤ ਜ਼ਿਆਦਾ ਸੋਚਣ ਵਾਲੇ ਬੰਦੇ ਦੇ ਘਰ ਵਿਚ ਕਲੇਸ਼ ਅਤੇ ਦੁੱਖ ਆਮ ਹੀ ਦੇਖਣ ਨੂੰ ਮਿਲਦੇ ਹਨ। ਅਜਿਹੇ ਲੋਕ ਬਹੁਤ ਸੋਚ-ਵਿਚਾਰ ਕੇ ਗੱਲ ਕਰਨ ਦੇ ਆਦੀ ਹੋ ਜਾਂਦੇ ਹਨ। ਅਮੂਮਨ ਘੱਟ ਬੋਲਣ ਲੱਗਦੇ ਹਨ ਅਤੇ



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 90414-98009

ਦੂਜਿਆਂ ਦੁਆਰਾ ਕਹੀਆਂ ਗੱਲਾਂ ਦੇ ਆਪਣੇ ਮਨ ਦੇ ਸੁਭਾਅ ਅਤੇ ਸਥਿਤੀ ਮੁਤਾਬਿਕ ਅਰਥ ਕੱਢਣੇ ਸ਼ੁਰੂ ਕਰ ਦਿੰਦੇ ਹਨ। ਫਿਰ ਸਹਿਜੇ-ਸਹਿਜੇ ਘਰਾਂ ਵਿਚ ਦੂਰੀਆਂ ਵੱਧਣ ਲੱਗਦੀਆਂ ਹਨ ਅਤੇ ਪਰਿਵਾਰਿਕ ਮੈਂਬਰਾਂ ਵਿਚ ਆਪਸੀ ਬੋਲ-ਚਾਲ ਘੱਟਣ ਲੱਗਦੀ ਹੈ ਜਾਂ ਫਿਰ ਉੱਕਾ ਹੀ ਬੰਦ ਹੋ ਜਾਂਦੀ ਹੈ।

ਫੇਰ ਜਦੋਂ ਸੰਵਾਦ (ਗੱਲਬਾਤ) ਦਾ ਸਿਲਸਿਲਾ ਉੱਕਾ ਹੀ ਬੰਦ ਹੋ ਜਾਂਦਾ ਹੈ ਤਾਂ ਫਿਰ ਵੱਖਰੇਵੇਂ ਹੋ ਜਾਂਦੇ ਹਨ। ਇਹ ਵੱਖਰੇਵੇਂ ਕਈ ਵਾਰ ਦੁਸ਼ਮਣੀ, ਵੈਰ-ਵਿਰੋਧ ਅਤੇ ਨਫ਼ਰਤ ਦਾ ਰੂਪ ਵੀ ਧਾਰਨ ਕਰ ਲੈਂਦੇ ਹਨ। ਪਰਿਵਾਰਾਂ ਵਿਚ ਅਜਿਹੀ ਸਥਿਤੀ ਦਾ ਕਾਰਨ ਹੁੰਦਾ ਹੈ ਕਿ ਆਪਸੀ ਸੰਵਾਦ (ਗੱਲਬਾਤ) ਦਾ ਸਿਲਸਿਲਾ ਉੱਕਾ ਹੀ ਖ਼ਤਮ ਹੋ ਚੁਕਾ ਹੁੰਦਾ ਹੈ ਅਤੇ ਦੂਜੇ ਲੋਕ ਅਤੇ ਰਿਸ਼ਤੇਦਾਰ ਮਾਮੂਲੀ ਗੱਲਾਂ ਅਤੇ ਘਟਨਾਵਾਂ ਨੂੰ ਤੋੜ-ਮਰੋੜ ਕੇ, ਵੱਡੀਆਂ ਕਰਕੇ ਪੇਸ਼ ਕਰਦੇ ਹਨ। ਇਸ ਲਈ ਪਰਿਵਾਰਿਕ ਮੈਂਬਰਾਂ ਦੇ ਮਨਾਂ ਵਿਚ ਇਕ-ਦੂਜੇ ਲਈ ਹੋਰ ਜ਼ਿਆਦਾ ਖਟਾਸ ਅਤੇ ਨਫ਼ਰਤ ਪੈਦਾ ਹੋ ਜਾਂਦੀ ਹੈ। ਇਨ੍ਹਾਂ ਘਟਨਾਵਾਂ ਦਾ ਮੂਲ ਕਾਰਨ ਹੁੰਦਾ ਹੈ; ਬਹੁਤ ਜ਼ਿਆਦਾ ਸੋਚ-ਵਿਚਾਰ ਕਰਨਾ ਅਤੇ ਆਪਣੇ ਮਨ ਦੀ ਸਥਿਤੀ ਅਤੇ ਸੁਭਾਅ ਦੇ ਮੁਤਾਬਿਕ ਗੱਲਾਂ ਅਤੇ ਘਟਨਾਵਾਂ ਦੇ ਅਰਥ ਕੱਢਣਾ। ਇਸ ਲਈ ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਆਮ ਜੀਵਨ ਦੀਆਂ ਨਿੱਕੀਆਂ-ਮੋਟੀਆਂ ਗੱਲਾਂ ਨੂੰ ਹੱਸ ਕੇ ਟਾਲ ਦੇਣਾ ਚਾਹੀਦਾ ਹੈ ਜਾਂ ਜ਼ਿਹਨ ’ਚੋਂ ਵਿਸਾਰ ਦੇਣਾ ਚਾਹੀਦਾ ਹੈ।

ਸਵਾਲ ਇਹ ਹੈ ਕਿ ਹੱਦੋਂ ਵੱਧ ਸੋਚ-ਵਿਚਾਰ ਦੇ ਇਸ ਸਿਲਸਿਲੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?, ਤਾਂ ਇਸ ਦਾ ਸਭ ਤੋਂ ਕਾਰਗਰ ਉਪਾਅ ਇਹ ਹੈ ਕਿ ਮਨੁੱਖ ਨੂੰ ਆਪਣੇ-ਆਪ ਨੂੰ ‘ਮਸ਼ਰੂਫ਼’ ਰੱਖਣਾ ਚਾਹੀਦਾ ਹੈ। ਅਸਲ ਵਿਚ ਬਹੁਤੀ ਸੋਚ-ਵਿਚਾਰ ਦਾ ਸਿਲਸਿਲਾ ਉਦੋਂ ਆਰੰਭ ਹੁੰਦਾ ਹੈ ਜਦੋਂ ਮਨੁੱਖ ਵਿਹਲਾ ਹੁੰਦਾ ਹੈ ਅਤੇ ਇਕੱਲਾ ਹੁੰਦਾ ਹੈ। ਇਸ ਨਾਲ ਬੰਦਾ ਉਨ੍ਹਾਂ ਗੱਲਾਂ ਅਤੇ ਯਾਦਾਂ ਉੱਤੇ ਆਪਣੇ ਧਿਆਨ ਨੂੰ ਕੇਂਦਰਿਤ ਕਰ ਲੈਂਦਾ ਹੈ ਜਿਨ੍ਹਾਂ ਦਾ ਅਸਲ ਜੀਵਨ ਵਿਚ ਕੋਈ ਮਹੱਤਵ ਅਤੇ ਲਾਭ ਨਹੀਂ ਹੁੰਦਾ ਅਤੇ ਜਿਨ੍ਹਾਂ ਬਾਰੇ ਸੋਚ-ਵਿਚਾਰ ਕਰਕੇ ਜੀਵਨ ਵਿਚ ਕੋਈ ਤਬਦੀਲੀ ਵੀ ਨਹੀਂ ਹੁੰਦੀ।

ਕਈ ਵਾਰ ਮਨੁੱਖ ਜਾਣਬੁਝ ਕੇ ਸੋਚ-ਵਿਚਾਰ ਦੇ ਸਾਗਰ ਵਿਚ ਨਹੀਂ ਗੁਆਚਦਾ ਬਲਕਿ ਚਾਣ-ਚੱਕ ਹੀ ਇਸ ਭਵਸਾਗਰ ਵਿਚ ਡੁੱਬ ਜਾਂਦਾ ਹੈ। ਫੇਰ ਲੱਖ ਯਤਨ ਕਰਨ ਦੇ ਬਾਵਜੂਦ ਵੀ ਇਸ ਦਲਦਲ ਵਿਚੋਂ ਬਾਹਰ ਨਹੀਂ ਨਿਕਲ ਪਾਉਂਦਾ। ਇਸ ਲਈ ਮਨੋਵਿਗਿਆਨੀਆਂ ਵੱਲੋਂ ਕਿਹਾ ਜਾਂਦਾ ਹੈ ਕਿ ਬੰਦਾ ਆਪਣੇ-ਆਪ ਨੂੰ ਮਸ਼ਰੂਫ਼ ਰੱਖੇ ਤਾਂ ਕਿ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੀ ਨਾ ਹੋ ਸਕੇ। ਫੇਰ ਵੀ ਜੇ ਕਦੇ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਆਪਸੀ ਸੰਵਾਦ (ਗੱਲਬਾਤ) ਦਾ ਪੱਲਾ ਨਾ ਛੱਡੋ। ਆਪਣੇ ਸ਼ੌਕ ਜਿਉਂਦੇ ਰੱਖੋ ਅਤੇ ਉਨ੍ਹਾਂ ਲਈ ਸਮਾਂ ਕੱਢੋ। ਅਸਲ ਵਿਚ ਜਿਸ ਮਨੁੱਖ ਦੇ ਸ਼ੌਕ ਜਿਉਂਦੇ ਹਨ, ਉਹੀ ਮਨੁੱਖ ਸਹੀ ਅਰਥਾਂ ਵਿਚ ਜਿਉਂਦਾ ਹੈ। ਇਸ ਲਈ ਮਨੁੱਖ ਨੂੰ ਜਿਉਂਦੇ ਹੋਣ ਦਾ ਸਬੂਤ ਦੇਣਾ ਚਾਹੀਦਾ ਹੈ ਅਤੇ ਆਪਣੇ ਜੀਵਨ ਵਿਚ ਸੋਚਾਂ ਦੀ ਘੁੰਮਣ-ਘੇਰੀ ਤੋਂ ਬਚਣਾ ਚਾਹੀਦਾ ਹੈ। ਜ਼ਿੰਦਗੀ ਖੁੱਲ੍ਹਦਿਲੀ ਨਾਲ ਜਿਉਣੀ ਚਾਹੀਦੀ ਹੈ। ਇਕ ਸ਼ੇਅਰ ਹੈ;

‘ਖੁੱਲ੍ਹਦਿਲੀ ਵੀ ਆਪਣੀ ਥਾਂ ਇਕ ਗਹਿਣਾ ਹੈ,
ਹਰ ਬੰਦੇ ਦੇ ਹਿੱਸੇ ਪਰ ਇਹ ਆਉਂਦਾ ਨਹੀਂ।’

ਖੁੱਲ੍ਹਦਿਲੀ ਅਤੇ ਬੇਪਰਵਾਹੀ ਬਾਰੇ ਜ਼ਿਕਰ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਗੁਰਬਾਣੀ ਵਿਚ ਰੱਬ (ਪਰਮਾਤਮਾ) ਨੂੰ ਵੀ ਬੇਪਰਵਾਹ ਕਿਹਾ ਗਿਆ ਹੈ, ਜਿਹੜਾ ਆਪਣੇ ਭਗਤਾਂ (ਪਿਆਰਿਆਂ) ਦੇ ਗੁਨਾਹਾਂ (ਭੁੱਲਾਂ) ਦੀ ਗਿਣਤੀ ਨਹੀਂ ਕਰਦਾ ਬਲਕਿ ਬਖ਼ਸ਼ ਦਿੰਦਾ ਹੈ ਅਤੇ ਆਪਣੇ ਨਾਲ ਮਿਲਾ ਲੈਂਦਾ ਹੈ;

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1379)

ਭਾਵ ਉਹ ਜੀਵ ਰੂਪੀ ਇਸਤਰੀ ਸੁਹਾਗਣ ਹੈ ਜਿਹੜੀ ਬੇਪਰਵਾਹ (ਰੱਬ) ਨੂੰ ਭਾਉਂਦੀ (ਚੰਗੀ) ਲੱਗਦੀ ਹੈ।

ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਦਾ ਜੀਵਨ ਕੁਦਰਤ ਦੀ ਸਭ ਤੋਂ ਵੱਡਮੁੱਲੀ ਅਤੇ ਖ਼ੂਬਸੂਰਦ ਦਾਤ ਹੈ। ਇਸ ਨੂੰ ਖੁੱਲ੍ਹਦਿਲੀ ਅਤੇ ਜ਼ਿੰਦਾਦਿਲੀ ਨਾਲ ਬਤੀਤ ਕਰਨਾ ਚਾਹੀਦਾ ਹੈ ਅਤੇ ਬੇਲੋੜੀ ਸੋਚ-ਵਿਚਾਰ ਦੀ ਆਦਤ ਦਾ ਖਹਿੜਾ ਛੱਡਣਾ ਚਾਹੀਦਾ ਹੈ ਤਾਂ ਕਿ ਮਨੁੱਖੀ ਜ਼ਿੰਦਗੀ ਦਾ ਲੁਤਫ਼ (ਆਨੰਦ) ਲਿਆ ਜਾ ਸਕੇ ਅਤੇ ਪਰਿਵਾਰਾਂ ਵਿਚ ਆਪਸੀ ਮੋਹ-ਮੁਹੱਬਤ ਦਾ ਸਿਲਸਿਲਾ ਬਰਕਰਾਰ ਰਹੇ। ਪੰਜਾਬੀ ਸੂਫ਼ੀ ਗਾਇਕ ਅਤੇ ਸ਼ਾਇਰ ਡਾ. ਸਤਿੰਦਰ ਸਰਤਾਜ ਦੇ ਇਕ ਗੀਤ ਦੀਆਂ ਇਨ੍ਹਾਂ ਸਤਰਾਂ ਨਾਲ ਟਿੱਪਣੀ ਸਮਾਪਤ ਕਰਦੇ ਹਾਂ;

ਰੱਬ ਦੀਆਂ ਬੇਪਰਵਾਹੀਆਂ, ਸਾਨੂੰ ਹਾਲੇ ਸਮਝ ਨਹੀਂ ਆਈਆਂ।
ਰੱਬ ਦੀਆਂ ਬੇਪਰਵਾਹੀਆਂ।

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ ‘ਜ਼ਿੰਦਗੀ ਨਾਮਾ’ ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

# ਫੁੱਲ ਤੇ ਹੰਝੂ

ਹੀਥਰੋ ਏਅਰਪੋਰਟ ਤੋਂ ਨੋਰਵਿੱਚ ਸ਼ਹਿਰ...ਛੇ ਸੌ ਪੌਂਡ ਤੋਂ ਵੀ ਉੱਤੇ ਦਾ ਟ੍ਰਿਪ...ਬੜਾ ਖੁਸ਼ ਸਾਂ...ਕਿੰਨੇ ਸਾਰੇ ਬਿੱਲ ਕਿਸ਼ਤਾਂ ਗ੍ਰੋਸਰੀਆਂ ਇੱਕੋ ਹੱਲੇ ਅਹੁ ਗਏ ਅਹੁ ਗਏ ਹੋਣ ਵਾਲੇ ਸਨ...!

ਸੱਠ ਕੁ ਸਾਲ ਦਾ ਗੋਰਾ ਮਿੱਥੇ ਸਮੇਂ ਬਾਹਰ ਆਇਆ...ਲੰਮਾ ਸਾਰਾ ਕਾਲਾ ਕੋਟ ਅਤੇ ਟੌਪ...ਕਾਲੀਆਂ ਐਨਕਾਂ...!

ਮੈਂ ਵਿਸ਼ ਕਰਕੇ ਟਰੰਕ ਖੋਲ੍ਹਿਆ...ਸਮਾਨ ਫੜਨ ਉਸ ਵੱਲ ਵਧਿਆ...ਪਰ ਇਸ਼ਾਰੇ ਨਾਲ ਮਨ੍ਹਾ ਕਰ ਦਿੱਤਾ...ਸਾਰਾ ਕੁਝ ਆਪ ਹੀ ਰੱਖਿਆ!

ਮਾਹੌਲ ਨੂੰ ਖੁਸ਼ਗਵਾਰ ਕਰਨ ਖਾਤਿਰ ਇਕ-ਦੋ ਗੱਲਾਂ ਕੀਤੀਆਂ ਪਰ ਉਸਨੇ ਕੋਈ ਜੁਆਬ ਨਾ ਦਿੱਤਾ...!

ਮੈਂ ਧਾਰਨਾ ਬਣਾ ਲਈ ਕਿ ਰਿਜ਼ਰਵ ਰਹਿਣ ਵਾਲਾ ਕੋਈ ਘਮੰਡੀ ਗੋਰਾ ਏ...ਬਹੁਤੀ ਗੱਲ-ਬਾਤ ਕਰਨੀ ਪਸੰਦ ਨਹੀਂ ਕਰਦਾ...!

ਅੰਦਰ ਬੈਠ ਬਾਰੀ ਵਾਲੇ ਪਾਸੇ ਨਾਲ ਲੱਗ ਗਿਆ...ਮੈਂ ਗੱਡੀ ਤੋਰ ਲਈ...ਲੰਡਨ ਦੀਆਂ ਸੜਕਾਂ...ਮਾਰੋ ਮਾਰ ਕਰਦਾ ਟਰੈਫਿਕ...ਪੌਣੇ ਕੁ ਘੰਟੇ ਬਾਅਦ ਸ਼ਹਿਰੋਂ ਬਾਹਰ ਨਿੱਕਲ ਪਿੰਡਾਂ ਵਿਚੋਂ ਦੀ ਨਿੱਕਲਣ ਲੱਗੇ...ਅਚਾਨਕ ਧਿਆਨ ਗਿਆ ਉਹ ਸੌਂ ਗਿਆ ਸੀ...ਮੈਂ ਮਿਊਜ਼ਿਕ ਥੋੜ੍ਹਾ ਹੌਲੀ ਕਰ ਦਿੱਤਾ...!

ਸਵਾ ਕੁ ਸੌ ਕਿਲੋਮੀਟਰ ਮਗਰੋਂ ਗੱਡੀ ਥੈਟਫ਼ੋਰਡ ਸ਼ਹਿਰ ਕੋਲ ਅੱਪੜਨ ਲੱਗੀ ਤਾਂ ਇਸ਼ਾਰੇ ਨਾਲ ਹੌਲੀ ਕਰਵਾ ਲਈ...ਫੇਰ ਅੱਗਿਓਂ ਇੱਕ ਮੋੜ ਤੋਂ ਸੱਜੇ ਪਾਸੇ ਨੂੰ ਮੁੜਵਾ ਲਈ...!

ਇੱਕ ਪੁਰਾਣਾ ਚਰਚ ਸੀ...ਸੁੰਨਸਾਨ ਜਿਹਾ...ਆਸੇ ਪਾਸੇ ਕੋਈ ਬੰਦਾ ਪਰਿੰਦਾ ਨਹੀਂ...ਬ੍ਰੇਕ ਮਰਵਾ ਹੇਠਾਂ ਉੱਤਰ ਗਿਆ ਤੇ ਪੰਜ ਮਿੰਟ ਦਾ ਆਖ ਚਰਚ ਦੇ ਪਿਛਲੇ ਪਾਸੇ ਚਲਾ ਗਿਆ...!

ਹੈਰਾਨ ਸਾਂ ਪਤਾ ਨੀ ਕੀ ਕਰਨ ਗਿਆ...ਹੋ ਸਕਦਾ ਕਿਸੇ ਆਪਣੇ ਦੀ ਕਬਰ ਹੋਵੇ...ਫੇਰ ਸੋਚਿਆ ਇਹ ਫਿਲਾਸਫਰ ਟਾਈਪ ਲੋਕ...ਕਬਰਾਂ ਵਿਚੋਂ ਵੀ ਕਿੰਨਾ ਕੁਝ ਲੱਭ ਲੈਂਦੇ ਨੇ...ਆਪਣੇ ਸ਼ਹਿਰ ਦਾ ਸ਼ਿਵ ਕੁਮਾਰ ਚੇਤੇ ਆ ਗਿਆ...“ਕਬਰਾਂ ਉਡੀਕਦੀਆਂ ਜਿਉਂ ਪੁੱਤਰਾਂ ਨੂੰ ਮਾਵਾਂ”

ਮਾਏਂ ਨੀ ਮਾਏਂ ਮੇਰੇ ਗੀਤਾਂ ਵਿਚੋਂ ਬਿਰਹੋਂ ਦੀ ਰੜਕ ਪਵੇ...ਅੱਧੀ ਅੱਧੀ ਰਾਤੀ ਉੱਠ...ਰੋਣ ਮੋਏ ਮਿੱਤਰਾਂ ਨੂੰ...ਮਾਏਂ ਸਾਨੂੰ ਨੀਂਦ ਨਾ ਪਵੇ...!

ਠੀਕ ਪੰਜ ਮਿੰਟ ਬਾਅਦ ਵਾਪਿਸ ਪਰਤਿਆ...ਮੈਂ ਵੇਖਿਆ



ਗਿੱਲੀਆਂ ਅੱਖਾਂ ਪੂੰਝ ਰਿਹਾ ਸੀ...ਫੇਰ ਸੋਚ ਆਈ ਇਹ ਪੜ੍ਹੇ ਲਿਖੇ ਲੋਕ ਪਤਾ ਨਹੀਂ ਕਦੋਂ ਤੇ ਕਿਸ ਗੱਲ ‘ਤੇ ਜਜ਼ਬਾਤੀ ਹੋ ਜਾਵਣ...ਖੈਰ ਮੈਨੂੰ ਇਸ ਨਾਲ ਕੀ...ਮੈਨੂੰ ਤੇ ਟ੍ਰਿਪ ਮਗਰੋਂ ਮਿਲਣ ਵਾਲੀ ਰਕਮ ਦਾ ਇੰਤਜ਼ਾਰ ਸੀ...ਸੋਚ ਲਿਆ ਕਿ ਲੰਡਨ ਵਾਪਿਸ ਮੁੜ ਅੱਜ ਮੀਟ ਬਣਾਉਣਾ...ਇੱਕ ਦੋ ਯਾਰ ਵੀ ਸੱਦ ਲੈਣੇ ਤੇ ਫੇਰ ਲੰਮੀ ਮਹਿਫ਼ਿਲ...ਕੱਲ੍ਹ ਵੈਸੇ ਵੀ ਸਬੱਬੀਂ ਐਤਵਾਰ ਹੀ ਹੈ...!

ਸੋਚਾਂ ਦੀ ਘੁੰਮਣ ਘੇਰੀ ਵਿਚ ਪਏ ਨੂੰ ਅਚਾਨਕ ਪਿੱਛਿਓਂ ਵਾਜ ਪਈ...ਗੋਰਾ ਪੰਜਾਬੀ ਵਿਚ ਪੁੱਛ ਰਿਹਾ ਸੀ...“ਤੈਨੂੰ ਪਤਾ ਮੈਂ ਜਜ਼ਬਾਤੀ ਕਿਓਂ ਹੋਇਆਂ”

ਮੈਂ ਏਧਰ ਓਧਰ ਵੇਖਿਆ...ਮੇਰਾ ਜ਼ਿਹਨ ਸ਼ਾਇਦ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਕੋਈ ਗੋਰਾ ਏਡੀ ਸੋਹਣੀ ਪੰਜਾਬੀ ਵੀ ਬੋਲ ਸਕਦਾ ਹੈ...!

ਤਸੱਲੀ ਹੋ ਜਾਣ ਮਗਰੋਂ ਸਭ ਤੋਂ ਪਹਿਲੋਂ ਇੱਕ ਗਿਲਾ ਕੀਤਾ...ਆਖਿਆ ਸਰ ਜੀ ਤੁਹਾਨੂੰ ਪੰਜਾਬੀ ਬੋਲਣੀ ਆਉਂਦੀ ਏ...ਕੋਈ ਇੰਗਲਿਸ਼ ਮੈਨ ਸਮਝ ਮੈਂ ਤੇ ਸਾਰੇ ਰਾਹ ਆਪਣੇ ਸਾਹ ਹੀ ਸੂਤੇ ਰੱਖੇ...!

ਉਸਨੇ ਇੱਕ ਵੇਰ ਫੇਰ ਪੁੱਛਿਆ...“ਦੱਸ ਖਾਂ ਭਲਾ ਮੈਂ ਰੋਇਆ ਕਿਓਂ ਸਾਂ”?

“ਨਹੀਂ ਜੀ ਮੈਨੂੰ ਨਹੀਂ ਪਤਾ...ਹੋ ਸਕਦਾ ਤੁਹਾਡਾ ਕੋਈ ਮਿੱਤਰ ਪਿਆਰਾ ਨਜ਼ਦੀਕੀ ਸਬੰਧੀ ਇਥੇ ਦਫ਼ਨ ਹੋਵੇ...“

ਆਖਣ ਲੱਗਾ ਓਏ ਭੋਲਿਆ ਮੇਰਾ ਨਹੀਂ ਸਗੋਂ ਸਾਰੀ ਕੌਮ ਦਾ ਮਿੱਤਰ ਪਿਆਰਾ ਇਥੇ ਦਫ਼ਨ ਏ...ਮਹਾਰਾਜਾ ਦਲੀਪ ਸਿੰਘ ਦੀ ਮੜ੍ਹੀ ‘ਤੇ ਫੁਲ ਚਾੜ੍ਹ ਕੇ ਆਇਆ ਹਾਂ...ਮੇਰਾ ਪਿੰਡ ਬਡਰੁੱਖਾਂ...ਕਿਸੇ ਬਾਬੇ ਨੇ ਓਥੋਂ ਉਚੇਚੇ ਘੱਲੇ ਸਨ...ਅਖ਼ੇ ਪੁੱਤਰਾ ਰੋ ਤੇ ਸਕਦਾ ਨਹੀਂ ਪਰ ਮੇਰੇ ਵੱਲੋਂ ਆਹ ਜ਼ਰੂਰ ਚੜ੍ਹਾ ਦੇਵੀਂ...ਪਰ ਮੈਂ ਅੱਗੋਂ ਆਖਿਆ ਬਾਬਾ ਤੇਰੇ ਫੁੱਲ ਵੀ ਚੜ੍ਹਾਊਂਗਾ ਤੇ ਹੰਝੂ ਵੀ...ਹੁਣੇ ਹੁਣੇ ਉਸ ਬਾਬਾ ਜੀ ਵੱਲੋਂ ਘੱਲੇ ਦੋ ਚਾਰ ਹੰਝੂ ਵੀ ਆਪਣੇ ਵੱਲੋਂ ਮੜ੍ਹੀ ‘ਤੇ ਵਗਾ ਕੇ ਆਇਆ ਹਾਂ...!

ਵਾਪਿਸ ਲੰਡਨ ਮੁੜਦਿਆਂ ਨੋਰਵਿੱਚ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਉਸ ਪ੍ਰੋਫੈਸਰ ਪਿਆਰਾ ਸਿੰਘ ਵੱਲੋਂ ਸਿੱਖ ਰਾਜ ਬਾਰੇ ਦੱਸੀਆਂ ਕਿੰਨੀਆਂ ਸਾਰੀਆਂ ਹੋਰ ਗੱਲਾਂ ਹੀ ਜ਼ਿਹਨ ਵਿਚ ਘੁੰਮਦੀਆਂ ਰਹੀਆਂ...ਵਾਪਿਸ ਪਰਤਦਿਆਂ ਓਥੇ ਆਪ ਮੁਹਾਰੇ ਹੀ ਬ੍ਰੇਕ ਲੱਗ ਗਈ ਤੇ ਮੜ੍ਹੀ ‘ਤੇ ਬੈਠੇ ਦੇ-ਚਾਰ ਹੰਝੂ ਮੇਰੇ ਵੀ ਵਹਿ ਤੁਰੇ...!

ਉਸ ਸ਼ਾਮ ਫੇਰ ਘਰੇ ਨਾ ਤਾਂ ਕੋਈ ਮਹਿਫ਼ਿਲ ਲੱਗੀ ਤੇ ਨਾ ਹੀ ਕੋਈ ਮੀਟ ਮੁਰਗਾ ਬਣਿਆ...ਸਾਰੀ ਰਾਤ ਬੱਸ ਮਹਾਰਾਜੇ ਦੀ ਜ਼ਿੰਦਗੀ ‘ਤੇ ਬਣੀ ਬਲੈਕ ਪ੍ਰਿੰਸ ਵੇਖ ਵੇਖ ਕੱਲਾ ਹੀ ਹੰਝੂ ਵਹਾਉਂਦਾ ਰਿਹਾ...ਸਵੇਰੇ ਸੋਫੇ ‘ਤੇ ਪਏ ਦੀਆਂ ਸੁੱਜੀਆਂ ਅੱਖਾਂ ਵੇਖ ਨਿਆਣਿਆਂ ਰੌਲਾ ਪਾ ਦਿੱਤਾ...ਮੋਮ ਵੇਖ ਡੈਡ ਨੂੰ ਫਲੂ ਹੋ ਗਿਆ!

ਇਸ ਤੋਂ ਪਹਿਲਾਂ ਕਿ ਨਾਲਦੀ ਕੋਈ ਟਿੱਪਣੀ ਕਰਦੀ ਮੈਂ ਆਪਮੁਹਾਰੇ ਹੀ ਬੋਲ ਉਠਿਆ ਕੋਈ ਫਲੂ ਨਹੀਂ ਹੋਇਆ ਬੱਸ ਦਲੀਪ ਸਿੰਘ ਨਾਮ ਦਾ ਇੱਕ ਅੜ੍ਹਬ ਮਿੱਤਰ ਪਿਆਰਾ ਯਾਦ ਆ ਗਿਆ। ਅੱਜ ਤੋਂ ਪਹਿਲਾਂ ਮੇਰੇ ਉਸ ਦੇ ਘਰ ਅੱਗਿਉਂ ਬਿਨਾ ਰੁਕਿਆਂ ਲੰਘਾਏ ਸਾਰੇ ਫੇਰਿਆਂ ਦਾ ਹਿਸਾਬ ਕਿਤਾਬ ਪੂਰਾ ਕਰਦਾ ਰਿਹਾਂ!

# ਇੱਕ ਨਿਵੇਕਲਾ ਦਸਤਾਵੇਜ਼ ਹੈ – 'ਰਾਵਣ ਹੀ ਰਾਵਣ'!!

ਕੈਨੇਡਾ ਦੇ ਖ਼ੂਬਸੂਰਤ ਸ਼ਹਿਰ ਕੈਲਗਰੀ ਵਿਚ ਵੱਸਦੇ ਬਹੁ-ਵਿਧਾਵੀ ਲੇਖਕ ਰਵਿੰਦਰ ਸਿੰਘ ਸੋਢੀ ਦਾ ਰਚਨਾਤਮਕ ਖੇਤਰ ਖ਼ਾਸਾ ਲੰਮਾ-ਚੌੜਾ ਹੈ। ਸੱਤਰਵਿਆਂ ਤੋਂ ਸ਼ੁਰੂ ਹੋਏ ਅੱਧੀ ਕੁ ਸਦੀ ਦੇ ਸਾਹਿਤਕ ਸਫ਼ਰ ਵਿਚ ਸਰ ਕੀਤੇ ਮੀਲ ਪੱਥਰਾਂ ਵਿਚ ਕਾਵਿ-ਸੰਗ੍ਰਹਿ, ਕਹਾਣੀਆਂ, ਨਾਟਕ, ਆਲੋਚਨਾ, ਖੋਜ ਕਾਰਜ, ਅਨੁਵਾਦ ਅਤੇ ਕਿਤਾਬੀ ਸੰਪਾਦਨ ਵਗੈਰਾ ਸ਼ਾਮਲ ਹਨ। ਬਹੁਤ ਸਾਰੀਆਂ ਪੰਜਾਬੀ ਪੁਸਤਕਾਂ ਦੀ ਉੱਚ ਪਾਏਦਾਰ ਸਮੀਖਿਆ ਕਰ ਚੁੱਕੇ ਹਨ ਅਤੇ ਕਰ ਵੀ ਰਹੇ ਹਨ। ਦੇਸ ਪਰਦੇਸ ਦੀਆਂ ਅਖ਼ਬਾਰਾਂ ਅਤੇ ਮਿਆਰੀ ਮੈਗਜ਼ੀਨਾਂ ਦੇ ਨਾ.ਲ-ਨਾ.ਲ ਸੋਸ਼ਲ ਮੀਡੀਆ ਦੇ ਮੰਚਾਂ ਤੋਂ ਆਪਣੇ ਪਾਠਕਾਂ ਨਾਲ ਅਕਸਰ ਸਾਂਝਾ ਪਾਉਂਦੇ ਰਹਿੰਦੇ ਹਨ। ਸ਼ਬਦਾਂ ਦੀਆਂ ਇਹ ਸਾਂਝਾਂ ਸੁਹਿਰਦ ਪਾਠਕਾਂ ਦੇ ਸਾਹਿਤਕ ਪੈਂਡਿਆਂ ਦਾ ਮਾਰਗ-ਦਰਸ਼ਨ ਵੀ ਕਰਦੀਆਂ ਹਨ।

ਬਦਲ ਰਹੇ ਸਮੇਂ ਦੇ ਸੰਦਰਭ ਵਿਚ ਰਵਿੰਦਰ ਸਿੰਘ ਸੋਢੀ ਨੇ ਸਾਹਿਤ ਰਚਨਾ ਦੇ ਪਿੜ ਵਿਚ ਬਦਲਦੇ ਸਮੇਂ ਦੇ ਅਨਕੂਲ ਆਏ ਬਦਲਾਅ ਨੂੰ ਵੀ ਬਹੁਤ ਸੂਖ਼ਮਤਾ ਨਾਲ ਵਾਚਦਿਆਂ ਅਤੇ

ਕੁਲਵਿੰਦਰ ਸਿੰਘ ਬਾਠ

ਵਿਚਾਰਦਿਆਂ ਇਸ ਨਿਰੰਤਰ ਪ੍ਰਕਿਰਿਆ ਨੂੰ 'ਅਟੱਲ ਸਚਾਈ' ਕਿਹਾ ਹੈ, ਜੋ ਬਿਲਕੁਲ ਦਰੁਸਤ ਹੈ। ਉਨ੍ਹਾਂ ਆਪਣੀ ਨਵੀਂ ਪੁਸਤਕ 'ਰਾਵਣ ਹੀ ਰਾਵਣ' ਨਾਲ ਪੰਜਾਬੀ ਸਾਹਿਤ ਜਗਤ ਵਿਚ 'ਸੋਲਵੀਂ' ਦਸਤਕ ਦਿੱਤੀ ਹੈ। ਪਾਠਕ ਨੂੰ ਇਸ ਕਾਵਿ-ਸੰਗ੍ਰਹਿ ਦੇ ਨਾਮ ਤੋਂ ਕਿਤਾਬ ਬਾਰੇ ਕੁਝ ਅੰਦਾਜ਼ਾ ਤਾਂ ਸਹਿਜੇ ਈ ਲੱਗ ਜਾਂਦਾ ਹੈ। ਸਦੀਆਂ ਤੋਂ ਵਰ੍ਹੇ ਦਰ ਵਰ੍ਹੇ ਫ਼ੂਕਣ ਜਾਂ ਜਾਲਣ ਦੇ ਬਾਵਜੂਦ ਵੀ 'ਰਾਵਣ' ਸਾਡੇ ਸਮਾਜ ਵਿਚੋਂ ਖ਼ਤਮ ਨਹੀਂ ਹੋ ਸਕੇ, ਬਲਕਿ, ਦਿਨ-ਦੁੱਗਣੀ ਰਾਤ-ਚੌਗੁਣੀ ਤਰੱਕੀ ਕਰਦਿਆਂ ਅਤੇ ਰੂਪ ਬਦਲ-ਬਦਲ ਕੇ ਸਮਾਜ ਨੂੰ ਡਰਾ ਅਤੇ ਸਤਾ ਰਹੇ ਹਨ। 'ਰਾਵਣ ਹੀ ਰਾਵਣ' ਪੁਸਤਕ ਮਨੁੱਖ ਦੇ ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਅਤੇ ਧਾਰਮਿਕ ਤਾਣਿਆਂ-ਬਾਣਿਆਂ ਦੀ ਤ੍ਰਾਸਦੀ, ਚਿੰਤਾ ਅਤੇ ਚਿੰਤਨ ਦੀ ਦਾਸਤਾਨ ਹੈ। ਅਸਲ ਵਿਚ ਇਹ ਪੁਸਤਕ ਕਵਿਤਾ, ਗ਼ਜ਼ਲ ਅਤੇ ਗੀਤਾਂ ਦਾ ਰਮਣੀਕ ਸੰਗ੍ਰਹਿ ਹੈ। 80 ਸਫ਼ਿਆਂ ਦੀ ਇਸ ਰੰਗੋਲੀ ਵਿਚ 43 ਗ਼ਜ਼ਲਾਂ, ਕਵਿਤਾਵਾਂ ਅਤੇ ਗੀਤਾਂ ਦੇ ਵੰਨ-ਸੁਵੰਨੇ ਰੰਗ ਤੇ ਰੂਪ ਹਨ।

ਕਾਵਿ-ਸੰਗ੍ਰਹਿ ਦਾ ਆਗਾਜ਼ ਬਹੁਤ ਹੀ ਖ਼ੂਬਸੂਰਤ ਕਵਿਤਾ 'ਕੈਦ ਕਰੋ, ਕੈਦ ਕਰੋ'... ਨਾਲ ਕੀਤਾ ਹੈ। ਕੈਦ - ਇੱਛਾ ਦੇ ਵਿਰੁੱਧ ਸੁਤੰਤਰਤਾ 'ਤੇ ਲਗਾਈ ਪਾਬੰਦੀ ਈ ਹੁੰਦੀ ਹੈ। ਲੇਖਕ ਨੇ ਖ਼ੂਬਸੂਰਤੀ ਨਾਲ ਆਪਣੀ ਰੂਹ ਦੇ ਅਹਿਸਾਸ ਪ੍ਰਗਟਾਉਂਦੇ ਹੋਏ ਲਿਖਿਆ ਹੈ ਕਿ ਕਿਵੇਂ ਅਜੋਕੇ ਸਮੇਂ ਦੇ 'ਰਾਵਣ ਅਤੇ ਰਾਵਣੀ ਸੋਚ' ਦੇ ਧਾਰਨੀ ਉਸ ਹਰੇਕ ਕੁਦਰਤੀ ਅਤੇ ਮਨੁੱਖੀ ਵਰਤਾਰੇ ਅਤੇ ਕਾਰਜਾਂ ਨੂੰ 'ਕੈਦ' ਕਰਨਾ ਲੋਚਦੇ ਹਨ ਜੋ ਉਨ੍ਹਾਂ ਦੇ ਅਨੁਕੂਲ ਨਹੀਂ ਹੁੰਦਾ। ਇਸ ਕਵਿਤਾ ਨੂੰ ਪੜ੍ਹ ਕੇ ਬਾਬਾ ਨਾਨਕ ਵੀ ਯਾਦ ਆ ਗਿਆ... ਜੋ ਚੰਗਿਆਂ ਨੂੰ ਉਜੜ-ਉਜੜ ਕੇ ਚੰਗਿਆਈਆਂ ਫੈਲਾਉਣ ਲਈ ਜਗਾਉਂਦਾ ਅਤੇ ਪ੍ਰੇਰਦਾ ਰਿਹਾ।


ਹੌਂਸਲਾ ਬੁੱਢੇ ਬਾਬਿਆਂ ਦਾ ਦੇਖੇ ਕੁੱਲ ਜਹਾਨ ਪਿਆ
ਕੇਸਰੀ ਚੁੰਨੀਆਂ ਵਾਲੀਆਂ ਨੇ ਵੀ,
ਕੀਤਾ ਸਾਨੂੰ ਪ੍ਰੇਸ਼ਾਨ ਬੜਾ
ਇਹ ਬੁੱਢੇ ਬਾਬੇ ਕੈਦ ਕਰੋ,
ਇਹ ਕੇਸਰੀ ਚੁੰਨੀਆਂ ਕੈਦ ਕਰੋ।

ਇਹ ਕਿਹੜੇ ਨੇ ਕਲਮਾਂ ਵਾਲੇ,
ਜੋ ਸਾਡੇ 'ਤੇ ਤਨਜ਼ਾਂ ਕੱਸਦੇ
ਇਹ ਕਿਹੜੇ ਨੇ ਗੁਸਤਾਖ਼ ਲੋਕ,
ਜੋ ਸਾਡੀ ਹਰ ਗੱਲ 'ਤੇ ਹੱਸਦੇ
ਇਹ ਕਲਮਾਂ ਵਾਲੇ ਕੈਦ ਕਰੋ,
ਇਹ ਹੱਸਣ ਵਾਲੇ ਕੈਦ ਕਰੋ
ਕੈਦ ਕਰੋ, ਕੈਦ ਕਰੋ।

ਸਮੇਂ ਨੇ ਬਦਲਣਾ ਹੈ, ਬਦਲ ਰਿਹਾ ਹੈ, ਅਤੇ ਇਸ ਬਦਲਾਓ ਨੂੰ ਅੱਜ ਤੱਕ ਕੋਈ ਨਹੀਂ ਰੋਕ ਸਕਿਆ। ਬਦਕਿਸਮਤੀ ਨਾਲ ਇਸ ਬਦਲਾਓ ਨਾਲ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਵੀ ਤਕੜਾ ਖੋਰਾ ਲੱਗਾ ਹੈ ਅਤੇ ਇਹ ਤਿਲਕਦੀਆਂ-ਤਿਲਕਦੀਆਂ ਡਿੱਗ ਈ ਗਈਆਂ। ਰਵਿੰਦਰ ਸਿੰਘ ਸੋਢੀ ਦੀ ਇਹ ਗਜ਼ਲ ਵੀ ਬਾਕਮਾਲ ਅਸਲੀਅਤ ਬਿਆਨ ਕਰ ਰਹੀ ਹੈ..

ਘਰਾਂ ਦੇ ਬਜ਼ੁਰਗਾਂ ਨੂੰ ਕਦੇ,
ਘਰ ਦੇ ਜਿੰਦਰਾ ਕਹਿੰਦੇ ਸੀ
ਹੁਣ ਤਾਂ ਘਰ ਦੇ ਹਰ ਕਮਰੇ 'ਤੇ,
ਵੱਖਰਾ ਜਿੰਦਰਾ ਲੱਗਦਾ ਹੈ।

ਰੱਬ ਦੇ ਘਰ ਵਿਚ ਚੋਰ ਉਚੱਕੇ,
ਲੰਬੇ ਚੋਲੇ ਪਾਈ ਫਿਰਨ




ਤਾਂ ਹੀ ਤਾਂ ਦਾਨ ਪਾਤਰਾਂ 'ਤੇ ਹੁਣ,
ਮੋਟਾ ਜਿੰਦਰਾ ਲੱਗਦਾ ਹੈ।

ਸਦੀਆਂ ਪਹਿਲਾਂ ਦੇ ਬਦੀ ਦੇ ਪ੍ਰਤੀਕ ਰਾਵਣ ਨੂੰ ਹਰ ਸਾਲ ਪਟਾਕਿਆਂ ਦੇ ਸ਼ੋਰ ਵਿਚ ਸੜਦਿਆਂ ਦੇਖ ਅਸੀਂ ਖੁਸ਼ ਹੋ ਜਾਂਦੇ ਹਾਂ ਪਰ ਅਜੋਕੇ ਸਮਿਆਂ ਦੇ ਰਾਵਣ ਸ਼ਰ੍ਹੇਆਮ ਖੁੱਲ੍ਹੇ ਘੁੰਮਦੇ ਫਿਰਦੇ ਹਨ। ਕਿਤਨੇ ਵਿਵਹਾਰ, ਕੁਰੀਤੀਆਂ, ਅਨੈਤਿਕਤਾ ਜਾਂ ਹੈਵਾਨੀਅਤ ਦੇ ਕਾਰਜ ਲਛਮਣ ਰੇਖਾਵਾਂ ਨੂੰ ਉ.ਲੰਘਦਿਆਂ ਇਨਸਾਨੀਅਤ ਦਾ ਘਾਣ ਕਰ ਰਹੇ ਨੇ? ਇਨ੍ਹਾਂ ਰਾਵਣੀ ਰੁਝਾਨਾਂ ਵਿਚ ਲਾਲਚ, ਮੋਹ, ਰਿਸ਼ਵਤ, ਨਸ਼ੇ, ਹਵਸ, ਝੂਠ, ਲੜਾਈਆਂ ਫ਼ਸਾਦ ਕਿੱਧਰੋਂ ਘੱਟ ਹਨ...

ਹੋਰ ਵੀ ਬਹੁਤ ਰਾਵਣ
ਫਿਰ ਰਹੇ ਚੁਫੇਰੇ...
ਇਕੱਲੇ-ਇਕੱਲੇ ਰਾਵਣ ਨੂੰ
ਸਬਕ ਸਿਖਾਉਣ ਦਾ
ਅੱਗ ਲਾਉਣ ਦਾ
ਪ੍ਰਬੰਧ ਕਰੋ।
ਅੱਜ ਦੇ ਡਾਇਨਾਸੋਰ...

ਕਵਿਤਾ ਵਿਚ ਰਵਿੰਦਰ ਸਿੰਘ ਸੋਢੀ ਨੇ ਅਜੋਕੇ ਸਮੇਂ ਵਿਚ ਚੰਮ ਦੀਆਂ ਚਲਾਉਣ ਵਾਲੇ ਰਾਜਿਆਂ, ਮਹਾਰਾਜਿਆਂ, ਤਾਨਾਸ਼ਾਹਾਂ, ਦਹਿਸ਼ਤਗਰਦਾਂ, ਦੁਨੀਆਂ ਦੇ ਠਾਣੇਦਾਰਾਂ, ਜਾਤਾਂ-ਧਰਮਾਂ ਦੇ ਨਾਮ ਵੰਡੀਆਂ ਪਾਉਣ ਵਾਲਿਆਂ ਨੂੰ ਕਾਲ ਕੋਠੜੀ ਵਿਚ ਦਫ਼ਨਾਉਣ ਲਈ ਵੰਗਾਰਿਆ ਹੈ।

ਸੋਚਣ ਦਾ ਵੇਲਾ ਹੈ
ਕੁਝ ਕਰਨ ਦਾ ਵੀ
ਕਿ
ਇਹਨਾਂ ਖ਼ਤਰਨਾਕ
'ਡਾਇਨਾਸੋਰਾਂ' ਦੇ 'ਕਾਲੇ ਯੁਗ' ਨੂੰ
ਭੂਤਕਾਲ ਦੀ ਕੋਠੜੀ ਵਿਚ
ਕਦੋਂ ਦਫ਼ਨਾਇਆ ਜਾਵੇਗਾ?
ਕਦੋਂ?

ਰਵਿੰਦਰ ਸਿੰਘ ਸੋਢੀ ਦੀਆਂ ਕਈ ਗਜ਼ਲਾਂ ਨੂੰ ਪੜ੍ਹਦਿਆਂ ਮਨ ਨੂੰ ਸਕੂਨ ਜਿਹਾ ਮਿਲਦਾ ਹੈ... ਅਤੇ ਖ਼ੁਦ-ਬ-ਖ਼ੁਦ ਰੂਹ ਵਿਚੋਂ ਆਵਾਜ਼ ਆਉਂਦੀ ਹੈ... ਵਾਹ.. ਵਾਹ... ਤੇ ਵਾਹ...

ਇੱਕ ਵਣਜਾਰੇ ਤੋਂ ਉਸ, ਕੀ ਪੁੱਛਿਆ ਭਾਅ ਵੰਗਾਂ ਦਾ
ਸਾਰੇ ਵਣਜਾਰੇ ਉਸ ਦੇ ਘਰ, ਡੇਰਾ ਲਾ ਕੇ ਬਹਿ ਗਏ।
ਮਹਿਲਾਂ ਵਰਗੇ ਘਰ ਦਾ ਸੁਖ ਬਹੁਤ ਭੋਗ ਲਿਆ ਹੈ
ਮਿੱਟੀ ਲਿੱਪੇ ਘਰ ਵਲ ਹੁਣ ਮੁੜ ਜਾਣ ਨੂੰ ਜੀ ਕਰਦਾ।

ਤੂੰ ਇਕ ਵਾਰ ਹੁੰਗਾਰਾ ਤਾਂ ਭਰ ਸਾਥ ਨਿਭਾਉਣ ਦਾ
ਤੇਰੇ ਨਾਲ ਜ਼ਿੰਦਗੀ ਜਿਊਣ ਦੀ ਅਜੇ ਤਦਬੀਰ ਬਾਕੀ ਹੈ।

ਕਈ ਰਿਸ਼ਤੇ ਇਤਨੇ ਪਾਕਿ-ਮੁਹੱਬਤੀ ਅਤੇ ਬੇਨਾਮ ਜਿਹੇ ਬਣ ਜਾਂਦੇ ਨੇ ਕਿ ਉਨ੍ਹਾਂ ਨੂੰ ਕੋਈ ਮੁਹੱਬਤੀ ਰੂਹ ਵਾਲਾ ਹੀ ਜਾਣ ਅਤੇ ਮਹਿਸੂਸ ਕਰਦਾ ਹੈ। ਕੀ ਦੇਈਏ ਨਾਂ? ... ਕਵਿਤਾ ਵਿਚ ਰਵਿੰਦਰ ਸਿੰਘ ਸੋਢੀ ਨੇ ਆਪਣੇ ਭਾਵੁਕ ਅਤੇ ਸੰਵੇਦਨਸ਼ੀਲ ਕਾਵਿ-ਮਨ ਦੇ ਵਲਵਲਿਆਂ ਨੂੰ ਮੁਹੱਬਤੀ ਲਫਜ਼ਾਂ ਵਿਚ ਇੰਜ ਪਰੋਇਆ ਹੈ...

ਸ਼ਰਾਰਤੀ ਪੌਣ
ਪੱਤਿਆਂ ਦੇ ਕੰਨਾਂ 'ਚ ਕੁਝ ਕਹਿ
ਸਾਂ ਸਾਂ ਕਰਦੀ ਜਾਂਦੀ ਲੰਘ
ਕਿਸੇ ਅਕਹਿ ਨਸ਼ੇ 'ਚ ਪੱਤੇ
ਖਾ ਜਾਣ ਹੁਲਾਰਾ
ਪੌਣ ਤੇ ਪੱਤਿਆਂ ਦੇ
ਉਸ ਰਿਸ਼ਤੇ ਨੂੰ ਕੀ ਦੇਈਏ ਨਾਂ?

ਖੁਦਕੁਸ਼ੀ ਜਾਂ ਮੌਤ ਇਕੱਲਿਆਂ ਸਰੀਰ ਦੇ ਮਰ ਜਾਣ ਕਰਕੇ ਹੀ ਨਹੀਂ ਹੁੰਦੀ। ਮਰੀਆਂ ਰੂਹਾਂ ਅਤੇ ਜ਼ਮੀਰਾਂ ਵਾਲੇ ਵੀ ਜਿਉਂਦੀਆਂ ਲਾਸ਼ਾਂ ਹੀ ਤਾਂ ਹੁੰਦੇ ਹਨ। ਜੀਵਨ ਜਿਉਂਦਿਆਂ ਮਨੁੱਖ ਪੈਰ ਪੈਰ 'ਤੇ ਚਾਹੁੰਦਿਆਂ ਜਾਂ ਨਾ ਚਾਹੁੰਦਿਆਂ ਵੀ ਖੁਦਕੁਸ਼ੀਆਂ ਹੀ ਤਾਂ ਕਰਦਾ ਰਹਿੰਦਾ ਹੈ।

ਮੈਂ ਵੀ
ਜ਼ਿੰਦਗੀ ਵਿਚ ਕੁਝ ਬਣਨ ਲਈ
ਜਦੋਂ ਵੀ ਝੂਠ, ਫ਼ਰੇਬ
ਜਾਂ ਕੁਝ ਹੋਰ ਕਰਦਾ ਹਾਂ
ਖੁਦਕੁਸ਼ੀ ਹੀ ਕਰਦਾ ਹਾਂ...

ਬੇਦਾਵੇ ਦੇ ਇਤਿਹਾਸ ਦੀ ਸਾਡੇ ਧਰਮ-ਸਮਾਜ ਵਿਚ ਬਹੁਤ ਅਹਿਮੀਅਤ ਹੈ। ਪਰ ਅੱਜ ਦੇ ਬੇਦਾਵੀਏ ਸੱਭ ਹੱਦਾਂ ਬੰਨ੍ਹੇ ਪਾਰ ਕਰ ਗਏ ਹਨ...। ਰਵਿੰਦਰ ਸਿੰਘ ਸੋਢੀ ਨੇ ਕਮਾਲ ਦੀ ਤਸਵੀਰ ਉਤਾਰੀ ਹੈ ਅਜੋਕੇ ਬੇਦਾਵੀਆਂ ਦੀ!!

ਗੁਰੂ ਘਰ ਦੇ ਜੋ
'ਵਜ਼ੀਰ' ਕਹਾਉਂਦੇ
ਚੜ੍ਹਾਵੇ ਪਿੱਛੇ
ਇੱਕ ਦੂਜੇ ਦੀਆਂ ਪੱਗਾਂ ਨੂੰ
ਹੱਥ ਪਾਉਂਦੇ।

ਜੇਕਰ ਜ਼ਿੰਦਗੀ ਵਿਚ ਰੰਗ ਹੀ ਨਾ ਹੋਣ ਜਾਂ ਫਿਰ ਯਾਦਾਂ ਹੀ ਨਾ ਹੋਣ ਤਾਂ ਜੀਵਨ ਕਿਤਨਾ ਰੁੱਖਾ ਤੇ ਬੇ-ਰੰਗਾ ਹੋਵੇ? ਜ਼ਿੰਦਗੀ ਦੇ ਰੰਗ ਬਦਲਦੇ ਨੇ, ਹਰੇਕ ਰੰਗ ਦੀ ਆਪਣੀ ਤਰੰਗ ਹੁੰਦੀ ਹੈ, ਆਪਣਾ ਜਸ਼ਨ ਅਤੇ ਰਸ ਹੁੰਦਾ ਹੈ ਜੋ ਬੀਤ ਜਾਣ 'ਤੇ ਯਾਦਾਂ ਵਿਚ ਤਬਦੀਲ ਹੋ ਜਾਂਦਾ ਹੈ। ਸੋਢੀ ਸਾਹਿਬ ਦੀਆਂ ਯਾਦਾਂ ਦੀ ਹਲਕੀ ਜਿਹੀ ਝਲਕ... ਦੇਖੋ

ਕੁਝ ਯਾਦਾਂ ਦੇ ਪਰਛਾਵੇਂ,
ਕੁਝ ਪਰਛਾਵਿਆਂ ਦੀਆਂ ਯਾਦਾਂ
ਸਾਡੇ ਦਿਲ ਨੂੰ ਬਹੁਤ ਸਤਾਉਂਦੀਆਂ,
ਉਹ ਯਾਦਾਂ ਦੀਆਂ ਯਾਦਾਂ।

ਪੰਜਾਬ ਦੀ ਧਰਤੀ ਨੂੰ ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ, ਸੂਫ਼ੀਆਂ-ਸੰਤਾਂ ਅਤੇ ਯੋਧਿਆਂ-ਸੂਰਬੀਰਾਂ ਦੀ ਭੋਇੰ ਨਾਲ ਵੀ ਜਾਣਿਆ-ਪਛਾਣਿਆ ਜਾਂਦਾ ਹੈ। ਰਵਿੰਦਰ ਸਿੰਘ ਸੋਢੀ ਦੀ ਰੂਹ ਕੁਰਲਾ ਉੱਠਦੀ ਹੈ ਜਦ ਭਰਮਾਂ-ਧਰਮਾਂ, ਜਾਤਾਂ-ਪਾਤਾਂ ਦੇ ਚੱਕਰਾਂ ਵਿਚ ਫਸਾ ਕੇ 'ਇਨਸਾਨ ਦੇ ਭੇਸ ਵਿਚ ਰਾਵਣ' ਇਨਸਾਨੀਅਤ ਨੂੰ ਹੀ ਮਾਰ ਜਾਂਦੇ ਹਨ।

ਕੁਝ ਸਾਡੇ ਭਰਮ ਹੀ ਮਾਰ ਗਏ,
ਕੁਛ ਭਰਮਾਂ ਵਿਚ ਪਾ ਕੇ ਮਾਰ ਗਏ
ਧਰਮੀਆਂ ਦੀ ਇਸ ਧਰਤਾਂ 'ਤੇ,
ਸਾਨੂੰ ਧਰਮਾਂ ਵਾਲੇ ਮਾਰ ਗਏ।

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਨੂੰ ਪੰਜਾਬੀਆਂ ਤੋਂ ਬਿਹਤਰ ਕੌਣ ਜਾਣ ਸਕਦਾ ਹੈ? ਆਪਣੇ ਹੱਕਾਂ ਲਈ ਲੜਨਾ ਇਨ੍ਹਾਂ ਦੇ 'ਜੀਨ' ਵਿਚ ਹੈ। ਅਜੇ ਕੱਲ੍ਹ ਹੀ ਦੀ ਤਾਂ ਗੱਲ ਹੈ ਜਦ ਪੰਜਾਬੀ ਇਕੱਠੇ ਹੋ ਦਿੱਲੀ ਦੀਆਂ ਬਰੂਹਾਂ 'ਤੇ ਜਾ ਪਹੁੰਚੇ ਸਨ, ਆਪਣਾ ਪੱਖ ਰੱਖਣ ਵਾਸਤੇ ਅਤੇ ਬਣਦਾ ਹੱਕ ਲੈਣ ਵਾਸਤੇ! ਸਮੇਂ ਦੇ ਅੜੀਅਲ ਸ਼ਾਸਕ ਨੂੰ ਇੰਜ ਆਖ ਰਹੇ ਨੇ...

ਹੰਕਾਰ ਤਿਆਗ
ਦਿੱਲੀ ਦੀਆਂ ਬਰੂਹਾਂ
ਮੱਲੀ ਬੈਠੇ
ਕਿਸਾਨਾਂ ਦੀ ਸੱਥ ਵਿਚ ਜਾ
ਕੁਝ ਉਹਨਾਂ ਦੀ ਸੁਣ
ਕੁੱਝ ਆਪਣੀਆਂ ਸੁਣਾ
ਕਾਲੇ ਕਨੂੰਨਾਂ ਵਾਲੀ ਵਹੀ ਨੂੰ ਤੂੰ
ਚੁੱਲ੍ਹੇ ਵਿਚ ਪਾ।

ਅਸੀਂ ਕਹਿ ਤਾਂ ਦਿੰਦੇ ਹਾਂ ਕਿ ਕੁੜੀਆਂ ਚਿੜੀਆਂ ਹੁੰਦੀਆਂ ਨੇ। ਪਰ ਬਦਕਿਸਮਤੀ ਨੂੰ ਇਨ੍ਹਾਂ ਚਿੜੀਆਂ ਦੇ ਪਰ ਆਉਣ ਹੀ ਨਹੀਂ ਦਿੰਦੇ, ਜੇਕਰ ਆ ਗਏ ਤਾਂ ਕੁਤਰ ਦਿੰਦੇ ਹਾਂ। ਉਨ੍ਹਾਂ ਦੇ ਹਿੱਸੇ ਦਾ ਅੰਬਰ ਵੀ ਖੋਹ ਲੈਂਦੇ ਹਾਂ। ਉਹ ਕਿਵੇਂ ਅਤੇ ਕਿਹੜੇ ਨੀਲੇ ਅੰਬਰਾਂ ਵਿਚ ਪਰਵਾਜ਼ ਭਰਨ? ਪੁਸਤਕ ਦੇ ਅੰਤ ਵਿਚ ਰਵਿੰਦਰ ਸਿੰਘ ਸੋਢੀ ਨੇ ਇਸ ਤ੍ਰਾਸਦੀ ਨੂੰ ਬਾਖ਼ੂਬੀ ਬਿਆਨਿਆ ਹੈ...

ਉਹ ਵੀ ਤਾਂ ਅੰਮੜੀ ਦੀ ਜਾਈ, ਬਾਬਲ ਨੇ ਲਾਡ ਲਡਾਈ
ਉਹਦੇ ਨਾ ਹਿੱਸੇ ਆਉਂਦੀ, ਲੋਹੜੀ ਦੀ ਕੋਈ ਵਧਾਈ
ਆਪਣੇ ਜਦ ਹੋਣ ਬੇਗਾਨੇ, ਜਾਣ ਕਿੱਥੇ ਉਹ ਮਰਜਾਣੀਆਂ
ਹਾਏ ਨੀ ਮਰਜਾਣੀਆਂ, ਹਾਏ ਨੀ ਮਰਜਾਣੀਆਂ।

ਰਵਿੰਦਰ ਸਿੰਘ ਸੋਢੀ ਦੇ ਇਸ ਕਾਵਿ-ਸੰਗ੍ਰਹਿ ਦੀ ਅਜੋਕੇ ਸਮੇਂ ਵਿਚ ਬਹੁਤ ਅਹਿਮੀਅਤ ਹੈ। ਵਿਭਿੰਨ ਵਿਸ਼ਿਆਂ 'ਤੇ ਕੇਂਦਰਿਤ ਰੰਗ-ਬਰੰਗੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤ ਪਾਠਕ ਨੂੰ ਹਲੂਣਦੇ ਜਾਂਦੇ ਹਨ, ਨਾਲ ਤੋਰਦੇ ਨੇ ਅਤੇ ਉਹਦੀ ਰੂਹ ਨੂੰ ਧੂਹ ਪਾਉਂਦੇ ਹਨ! ਇਸ ਖ਼ੂਬਸੂਰਤ ਰਚਨਾ ਤੋਂ ਰਵਿੰਦਰ ਸਿੰਘ ਸੋਢੀ ਦੀ ਸੰਵੇਦਨਸ਼ੀਲਤਾ, ਉਸਾਰੂ ਬਿਰਤੀ, ਲੰਮੀ ਅਤੇ ਸਕਾਰਾਤਮਕ ਸੋਚ ਦੀ ਅਥਾਹ ਸ਼ਕਤੀ ਦਾ ਅੰਦਾਜ਼ਾ ਭਲੀ-ਭਾਂਤ ਹੋ ਜਾਂਦਾ ਹੈ। ਇਸ ਦੇ ਨਾ.ਲ-ਨਾ.ਲ ਹੀ ਸਮਾਜ ਨੂੰ ਖ਼ੂਬਸੂਰਤ ਬਣਾਉਣ ਲਈ ਨਿਭਾਏ ਜਾ ਰਹੇ ਫਰਜ਼ ਦੀ ਝਲਕ ਵੀ ਸਾਫ਼ ਨਜ਼ਰ ਪੈਂਦੀ ਹੈ। ਲੇਖਕ ਦੀ ਰੂਹ ਦਾ ਸੁਨੇਹਾ ਨਿਰਸੰਦੇਹ ਪਾਠਕਾਂ ਦੀ ਰੂਹ ਤੱਕ ਅੱਪੜ ਰਿਹਾ ਹੈ।

ਰਵਿੰਦਰ ਸਿੰਘ ਸੋਢੀ ਦੇ 'ਦਿਲ ਅਤੇ ਢਿੱਡ' ਦੀਆਂ ਬਾਤਾਂ ਪਾਉਂਦਾ ਇਹ ਕਾਵਿ-ਸੰਗ੍ਰਹਿ ਸੁਹਿਰਦ ਪਾਠਕਾਂ ਦੇ ਪੜ੍ਹਨ ਅਤੇ ਮਾਣਨ ਯੋਗ ਹੈ। ਪੰਜਾਬੀ ਸਾਹਿਤ ਜਗਤ ਵਿਚ ਇਸ ਅਨਮੋਲ ਅਤੇ ਦਸਤਾਵੇਜ਼ੀ ਰਚਨਾ ਦਾ ਸਵਾਗਤ ਹੈ!!

ਜ਼ਿੰਦਗੀ ਜ਼ਿੰਦਾਬਾਦ।

---

# ਰਿਸ਼ਤਿਆਂ ਨੂੰ ਨਾ ਗਵਾਇਓ

ਕੁੱਝ ਲੋਕ ਦੁਆਵਾਂ ਵਰਗੇ ਹੁੰਦੇ ਨੇ, ਜੋ ਹਰ ਪਲ ਕੁੱਝ ਚੰਗਾ ਹੋਣ ਦਾ ਅਹਿਸਾਸ ਦਿਵਾਉਂਦੇ ਰਹਿੰਦੇ।

ਕੁੱਝ ਲੋਕ ਸਾਹਾਂ ਵਰਗੇ ਹੁੰਦੇ ਜੋ ਜ਼ਿੰਦਗੀ ਜਿਉਣ ਦੀ ਵਜ੍ਹਾ ਹੋਇਆ ਕਰਦੇ ਤੇ ਕੁੱਝ ਕੁ ਸਬਕਾਂ ਜਿਹੇ ਜੋ ਜਦ ਵੀ ਆਉਂਦੇ ਕੁੱਝ ਨਾ ਕੁੱਝ ਸਿਖਾ ਕੇ ਜਾਂਦੇ। ਫਿਰ ਕੁੱਝ ਲਾ-ਇਲਾਜ ਰੋਗ ਜਿਹੇ ਜੋ ਲੱਖ ਛੱਡਣਾ ਚਾਹੀਏ, ਛੱਡ ਨਹੀਂ

ਦਲੀਪ ਕੌਰ ਟਿਵਾਣਾ

ਹੁੰਦੇ, ਏਂਦਾ ਹੀ ਤਾਂ ਚੱਲਦਾ ਰਹਿੰਦਾ ਜ਼ਿੰਦਗੀ ਤੋਂ ਮੌਤ ਤੱਕ ਦਾ ਸਫਰ, ਮਜਬੂਰੀ, ਬੇਬਸੀ, ਲਾਚਾਰੀ, ਹਿੰਮਤ, ਬਿਖਰਨਾ ਫਿਰ ਤੋਂ ਜੁੜਨਾ, ਚੰਗੇ ਮਾੜੇ ਤਜਰਬੇ, ਬਦਲਾਅ ਤੇ ਪਤਾ ਨਹੀਂ ਕਿੰਨਾ ਕੁੱਝ ਸਿੱਖਦੇ ਰਹਿਨੇ ਹਾਂ, ਵਿਚਾਰ ਬਦਲ ਜਾਂਦੇ, ਸੋਚ ਬਦਲ ਜਾਂਦੀ।


ਪਰ ਇਨਸਾਨ ਦਾ ਮੂਲ ਤੇ ਉਹੀ ਰਹਿੰਦਾ, ਕਦੇ ਕੁੱਝ ਟਾਈਮ ਲਈ ਅਸੀਂ ਦਿਖਾਵਾ ਵੀ ਕਰਦੇ ਕੁੱਝ ਹੋਰ ਬਣਨ ਦਾ ਜੋ ਅਸੀਂ ਨਹੀਂ ਹਾਂ, ਪਰ ਕੱਦ ਤੱਕ ਕੋਈ ਅਸਲੋਂ ਊਣਾ ਹੋ ਕੇ ਰਹਿ ਸਕਦਾ, ਬਹੁਤ ਕੁੱਝ ਪਤਾ ਹੁੰਦਾ ਸਾਨੂੰ ਪਰ ਫਿਰ ਵੀ ਅਣਜਾਣ ਬਣੇ ਰਹਿਨੇ ਆਂ। ਸਭ ਜਾਣਦੇ ਨੇ ਕਿ ਕੁੱਝ ਵੀ ਸਥਾਈ ਨਹੀਂ, ਪਰ ਫਿਰ ਵੀ ਅਸੀਂ ਉਹੀ ਲੱਭਦੇ ਹਾਂ ਚਾਹੇ ਕਿਸੇ ਦਾ ਸਦੀਵੀ ਸਾਥ ਹੋਵੇ ਜਾਂ ਕੋਈ ਨਿਰਜੀਵ ਚੀਜ਼, ਤਾਂਘ ਤੇ ਇਹੀ ਹੁੰਦੀ ਵੀ ਇਹ ਲੰਮਾ ਚੱਲੇ। ਫਿਰ ਚਾਹੇ ਸਾਨੂੰ ਇਹ ਵੀ ਪਤਾ ਹੁੰਦਾ ਵੀ ਕੱਲ ਇਹ ਸਮਾਂ ਹੀ ਨਾ ਰਹੇ ਜਾਂ ਕੱਲ ਦੀ ਫਿਕਰ ਕਰਨ ਵਾਲੇ ਅਸੀਂ ਹੀ ਨਾ ਹੋਈਏ।

ਕਈ ਵਾਰ ਕੱਲ ਨੂੰ ਮਿਲਣ ਵਾਲੇ ਦੁੱਖ ਦੀ ਫਿਕਰ ਆਪਣਾ ਅੱਜ ਖਰਾਬ ਕਰ ਲੈਨੇ ਤੇ ਜਦ ਕੱਲ ਆਉਂਦਾ ਨਾ ਉਹ ਸਮਾਂ ਰਹਿੰਦਾ, ਨਾ ਸਾਥ, ਕਿੰਨੀਆਂ ਉਲਝਣਾਂ ਜਿਨ੍ਹਾਂ ਨੂੰ ਹੋਰ ਉਲਝਾ ਲੈਨੇ। ਅਸੀਂ ਜੋ ਵਕਤ ਨਾਲ ਸ਼ਾਇਦ ਖੁਦ ਸੁਲਝ ਸਕਦੀਆਂ, ਕਿਉਂ ਅਸੀਂ ਜੋ ਅੱਜ ਏ ਉਹਦੇ ਖੁਸ਼ ਨਹੀਂ ਰਹਿ ਸਕਦੇ, ਇਸ ਗੱਲ ਦਾ ਪਛਤਾਵਾ ਉਦੋਂ ਹੁੰਦਾ ਜਦ ਉਹ ਵੀ ਚਲਾ ਜਾਂਦਾ ਜੋ ਕੋਲ ਸੀ।

ਖੈਰ ਦੁੱਖ ਬਿਨਾਂ ਜ਼ਿੰਦਗੀ ਨੂੰ ਸਮਝਿਆ ਨਹੀਂ ਜਾ ਸਕਦਾ, ਫਿਰ ਤੇ ਖੁਸ਼ੀ ਦਾ ਵੀ ਆਨੰਦ ਨਹੀਂ ਆਉਂਦਾ ਜੇ ਜ਼ਿੰਦਗੀ ਹਮੇਸ਼ਾ ਸੁਖਾਲੀ ਰਹੇ। ਜ਼ਿੰਦਗੀ ਸਭ ਤੋਂ ਅਨਮੋਲ ਪੂੰਜੀ ਕਮਾਏ ਹੋਏ ਰਿਸ਼ਤੇ ਤੇ ਖੱਟਿਆ ਹੋਇਆ ਪਿਆਰ ਹੁੰਦਾ। ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ 'ਚ ਇਨ੍ਹਾਂ ਨੂੰ ਗਵਾਇਉ, ਫਿਰ ਖੁਸ਼ੀ ਦਾ ਵੀ ਕੀ ਕਰੋਗੇ ਜੇ ਸੁਣਨ ਲਈ ਕੋਈ ਕੋਲ ਨਾ ਹੋਇਆ। ਤੇ ਪੈਸੇ ਦਾ ਵੀ ਕੀ ਜੇ ਕੋਈ ਦੋ ਪਿਆਰ ਦੇ ਬੋਲ ਕਹਿਣ ਵਾਲਾ ਈ ਨਾ ਹੋਇਆ, ਫਰਕ ਸਮਝਿਉ ਕਦੇ ਜੋ ਸੁਕੂਨ ਤੁਹਾਨੂੰ ਗਰਮੀ 'ਚ ਦੇਖ ਕੇ ਪੱਖਾ ਝੱਲਣ ਵਾਲੇ ਹੱਥ ਦੇ ਸਕਦੇ ਉਹ ਏ.ਸੀ. 'ਚੋਂ ਕਦੇ ਨਹੀਂ ਲੱਭਣਾ।

# ਆਰਟੀਫਿਸ਼ਲ ਇੰਟੈਲੀਜੈਂਸ ਦੇ ਵਿਕਾਸ ਵਿਚ ਕਾਮਿਆਂ ਦਾ ਸ਼ੋਸ਼ਣ

ਅੱਜ-ਕੱਲ੍ਹ ਪ੍ਰਚੱਲਤ ਮੀਡੀਆ ਵਿਚ ਆਰਟੀਫਿਸ਼ਲ ਇੰਟੈਲੀਜੈਂਸ ਨਾਲ ਹੋਣ ਵਾਲੀਆਂ ਪ੍ਰਾਪਤੀਆਂ ਦੇ ਸੰਬੰਧ ਵਿਚ ਇਕ ਗੱਲ ਆਮ ਕਹੀ ਜਾਂਦੀ ਹੈ ਕਿ ਇਸ ਨਾਲ ਵਿਸ਼ਵ ਪੱਧਰ 'ਤੇ ਉਤਪਾਦਕਤਾ (ਪ੍ਰੋਡਕਟੀਵਿਟੀ) ਅਤੇ ਵਰਕਰਾਂ ਦੀਆਂ ਤਨਖਾਹਾਂ ਵਿਚ ਵੱਡਾ ਵਾਧਾ ਹੋਵੇਗਾ। ਉਦਾਹਰਨ ਲਈ ਏ.ਆਈ. ਗੁਰੂ ਮਾਰਕ ਐਂਡਰੀਸਨ ਦਾ ਕਹਿਣਾ ਹੈ ਕਿ ਏ.ਆਈ. ਨਾਲ 'ਸਮੁੱਚੀ ਆਰਥਿਕਤਾ ਵਿਚ ਉਤਪਾਦਕਤਾ ਨਾਟਕੀ ਢੰਗ ਨਾਲ ਵਧੇਗੀ, ਜਿਸ ਨਾਲ ਆਰਥਿਕ ਵਾਧਾ ਹੋਵੇਗਾ, ਨਵੀਆਂ ਸਨਅਤਾਂ ਪੈਦਾ ਹੋਣਗੀਆਂ, ਨਵੀਆਂ ਨੌਕਰੀਆਂ ਅਤੇ ਤਨਖਾਹਾਂ ਵਿਚ ਵਾਧਾ ਹੋਵੇਗਾ, ਜਿਸ ਦੇ ਨਤੀਜੇ ਵਜੋਂ ਵਧੇਰੇ ਪਦਾਰਥਕ ਖੁਸ਼ਹਾਲੀ ਦੇ ਨਵੇਂ ਯੁੱਗ ਦਾ ਆਗਮਨ ਹੋਵੇਗਾ।' ਪਰ ਇਹ



ਸੁਖਵੰਤ ਹੁੰਦਲ

ਦਾਅਵਾ ਆਰਟੀਫਿਸ਼ਲ ਇੰਟੈਲੀਜੈਂਸੀ ਨੂੰ ਵਿਕਸਤ ਕਰਨ ਲਈ ਦਹਿ-ਲੱਖਾਂ ਦੀ ਗਿਣਤੀ ਵਿਚ ਕੰਮ ਕਰ ਰਹੇ ਵਰਕਰਾਂ ਦੇ ਤਜਰਬੇ ਨਾਲ ਮੇਲ ਨਹੀਂ ਖਾਂਦਾ। ਇਸ ਸਮੇਂ ਦੁਨੀਆ ਦੇ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਨਾਲ ਸੰਬੰਧਿਤ ਇਹ ਦਹਿ-ਲੱਖਾਂ ਵਰਕਰ ਬਹੁਤ ਹੀ ਘੱਟ ਤਨਖਾਹਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਵਿਚ ਕੰਮ ਕਰ ਰਹੇ ਹਨ ਅਤੇ ਏ.ਆਈ. ਦੇ ਖੇਤਰ 'ਚ ਕੰਮ ਕਰ ਰਹੀਆਂ ਕੰਪਨੀਆਂ ਵਲੋਂ ਕੀਤੇ ਜਾਂਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਸ ਲੇਖ ਵਿਚ ਏ.ਆਈ. ਦੇ ਵਿਕਾਸ ਦੌਰਾਨ ਹੋ ਰਹੇ ਕਾਮਿਆਂ ਦੇ ਸ਼ੋਸ਼ਣ ਬਾਰੇ ਗੱਲ ਕੀਤੀ ਗਈ ਹੈ।

ਆਰਟੀਫਿਸ਼ਲ ਇੰਟੈਲੀਜੈਂਸ ਦੇ ਮਾਡਲਾਂ, ਜਿਵੇਂ ਚੈਟ ਜੀ ਪੀ ਟੀ, ਨੂੰ ਸਿਖਲਾਈ ਦੇਣ ਲਈ ਬਹੁਤ ਸਾਰੇ ਡੇਟਾ (ਜਾਣਕਾਰੀ) ਦੀ ਲੋੜ ਪੈਂਦੀ ਹੈ। ਇਸ ਡੇਟਾ ਵਿਚ ਲਿਖਤ (ਟੈਕਸਟ), ਤਸਵੀਰਾਂ (ਇਮੇਜ), ਆਵਾਜ਼ (ਆਡੀਓ), ਵੀਡੀਓ ਆਦਿ ਸ਼ਾਮਲ ਹਨ। ਏ.ਆਈ. ਦੇ ਮਾਡਲ ਇਸ ਡੇਟਾ ਤੋਂ ਤਾਂ ਹੀ ਸਿੱਖ ਸਕਦੇ ਹਨ, ਜੇ ਇਹ ਠੀਕ ਤਰ੍ਹਾਂ ਲੇਬਲ ਅਤੇ ਸ਼੍ਰੇਣੀਬੱਧ ਕੀਤਾ ਗਿਆ ਹੋਵੇ। ਜਿਵੇਂ ਕਿ ਆਪਣੇ ਆਪ ਚੱਲਣ ਵਾਲੀਆਂ ਕਾਰਾਂ ਨਾਲ ਸੰਬੰਧਿਤ ਏ.ਆਈ. ਦੇ ਮਾਡਲਾਂ ਨੂੰ ਸੜਕ 'ਤੇ ਲੱਗੇ ਸਾਈਨਾਂ, ਪੈਦਲ ਚੱਲਣ ਵਾਲਿਆਂ, ਖੰਭਿਆਂ ਆਦਿ ਬਾਰੇ ਫਰਕ ਸਿੱਖਣ ਲਈ ਜ਼ਰੂਰੀ ਹੈ ਕਿ ਵੀਡੀਓਜ਼ ਵਿਚ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਹੀ ਅਤੇ ਸਪੱਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੋਵੇ। ਇਸੇ ਤਰ੍ਹਾਂ ਬੋਲੀ ਨਾਲ ਸੰਬੰਧਿਤ ਏ.ਆਈ. ਮਾਡਲਾਂ ਨੂੰ ਬੋਲੀ ਵਿਚ ਗਾਲ੍ਹਾਂ, ਅਸ਼ਲੀਲ ਭਾਸ਼ਾ, ਨਫਰਤ ਅਤੇ ਵਿਤਕਰੇ ਭਰੀ ਸ਼ਬਦਾਵਲੀ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਲਿਖਤਾਂ ਵਿਚ ਇਨ੍ਹਾਂ ਚੀਜ਼ਾਂ ਦੀ ਚੰਗੀ ਤਰ੍ਹਾਂ ਪਛਾਣ ਕੀਤੀ ਗਈ ਹੋਵੇ। ਇਸ ਲਈ ਇਹ ਕੰਮ ਕਰਨ ਲਈ ਲੱਖਾਂ, ਦਹਿ-ਲੱਖਾਂ (ਮਿਲੀਅਨਾਂ) ਲੋਕਾਂ ਦੀ ਲੋੜ ਪੈਂਦੀ ਹੈ ਅਤੇ ਇਨ੍ਹਾਂ ਲੋਕਾਂ ਨੂੰ ਲੇਬਲਰ (ਲੇਬਲ ਲਾਉਣ ਵਾਲੇ) ਜਾਂ ਐਨੋਟੇਟਰ (ਨੋਟ ਲਿਖਣ ਵਾਲੇ) ਕਿਹਾ ਜਾਂਦਾ ਹੈ। ਇਹ ਲੇਬਲਰ ਜਾਂ ਐਨੋਟੇਟਰ ਦਿਨ ਵਿਚ ਘੰਟਿਆਂ ਬੱਧੀ ਆਪਣੇ ਫੋਨਾਂ ਜਾਂ ਕੰਪਿਊਟਰਾਂ ਦੀਆਂ ਸਕਰੀਨਾਂ ਅੱਗੇ ਬੈਠੇ ਫੋਟੋਆਂ, ਵੀਡੀਓ ਅਤੇ ਲਿਖਤਾਂ ਨੂੰ ਦੇਖਦੇ ਹਨ ਅਤੇ ਵਸਤੂਆਂ ਦੁਆਲੇ ਗੋਲ ਦਾਇਰੇ ਵਾਹ ਕੇ ਉਨ੍ਹਾਂ 'ਤੇ ਲੇਬਲ ਲਾਉਂਦੇ ਹਨ ਤਾਂ ਕਿ ਏ.ਆਈ. ਮਾਡਲ ਇਨ੍ਹਾਂ ਫੋਟੋਆਂ, ਵੀਡੀਓਜ਼ ਆਦਿ ਤੋਂ ਸਿੱਖ ਸਕੇ। ਉਹ ਘਰ ਵਿਚਲੇ ਫਰਨੀਚਰ 'ਤੇ ਨਿਸ਼ਾਨ ਲਾਉਂਦੇ ਹਨ ਕਿ ਇਹ ਟੀ.ਵੀ. ਹੈ, ਇਹ ਮਾਈਕਰੋਵੇਵ, ਓਵਨ ਹੈ। ਲੋਕਾਂ ਦੇ ਚਿਹਰਿਆਂ ਬਾਰੇ ਦੱਸਣ ਲਈ ਚਿਹਰਿਆਂ 'ਤੇ ਨਿਸ਼ਾਨ ਲਾ ਕੇ ਲੇਬਲ ਲਾਉਂਦੇ ਹਨ, ਇਹ ਗੋਰਾ ਹੈ, ਇਹ ਕਾਲਾ ਹੈ, ਇਹ ਏਸ਼ੀਅਨ ਹੈ।

ਲੇਬਲ ਲਾਉਣ ਜਾਂ ਨੋਟ ਲਿਖਣ ਦਾ ਕੰਮ ਕਰਨ ਵਾਲੇ ਇਨ੍ਹਾਂ ਲੱਖਾਂ ਲੋਕਾਂ ਵਿਚੋਂ ਬਹੁ-ਗਿਣਤੀ ਅਮਰੀਕਾ ਦੀ ਸਿਲੀਕੋਨ ਵੈਲੀ ਤੋਂ ਹਜ਼ਾਰਾਂ ਮੀਲ ਦੂਰ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਵਿਚ ਕੰਮ ਕਰਦੇ ਹਨ। ਇਨ੍ਹਾਂ ਦੇਸ਼ਾਂ ਵਿਚ ਫਿਲਪੀਨ, ਕੀਨੀਆ, ਇੰਡੀਆ, ਪਾਕਿਸਤਾਨ, ਵੈਨਜ਼ੂਏਲਾ, ਕੋਲੰਬੀਆ ਆਦਿ ਦੇਸ਼ ਸ਼ਾਮਲ ਹਨ। ਸੰਨ 2023 ਵਿਚ ਛਪੀ ਇਕ ਰਿਪੋਰਟ ਅਨੁਸਾਰ ਉਸ ਸਮੇਂ ਇਕੱਲੇ ਫਿਲਪੀਨ ਵਿਚ 20 ਲੱਖ ਤੋਂ ਜ਼ਿਆਦਾ ਲੋਕ ਇਸ ਤਰ੍ਹਾਂ ਦਾ ਕੰਮ ਕਰ ਰਹੇ ਸਨ। ਇੰਡੀਆ ਬਾਰੇ ਸੰਨ 2022 ਵਿਚ ਛਪੀ ਇਕ ਰਿਪੋਰਟ ਅਨੁਸਾਰ ਉਸ ਸਮੇਂ 70,000 ਲੋਕ ਇਸ ਖੇਤਰ ਵਿਚ ਕੰਮ ਕਰਦੇ ਸਨ ਅਤੇ ਉਸ ਸਮੇਂ ਇੰਡੀਆ ਵਿਚ ਡੇਟਾ ਲੇਬਲਿੰਗ ਦੀ ਇੰਡਸਟਰੀ ਦੀ ਕੀਮਤ 25 ਕਰੋੜ (250 ਮਿਲੀਅਨ) ਡਾਲਰ ਦੇ ਬਰਾਬਰ ਸੀ। ਉਸ ਵੇਲੇ ਆਉਣ ਵਾਲੇ ਸਾਲਾਂ ਵਿਚ ਇੰਡੀਆ ਵਿਚ ਇਸ ਇੰਡਸਟਰੀ ਦੇ ਪਸਾਰ ਦੇ ਅੰਦਾਜ਼ੇ ਲਾਏ ਜਾ ਰਹੇ ਸਨ। ਇਸ ਪਸਾਰ ਦੇ ਸੱਚ ਹੋਣ ਦਾ ਅੰਦਾਜ਼ਾ ਕੰਪਿਊਟਰ ਵਰਲਡ ਨਾਂ ਦੇ ਸਾਈਟ 'ਤੇ 8 ਸਤੰਬਰ 2025 ਨੂੰ ਛਪੇ ਇਕ ਆਰਟੀਕਲ ਤੋਂ ਲਾਇਆ ਜਾ ਸਕਦਾ ਹੈ। ਇਸ ਆਰਟੀਕਲ ਵਿਚ ਜਾਣਕਾਰੀ ਦਿੱਤੀ ਗਈ ਹੈ ਕਿ ਇੰਡੀਆ ਵਿਚ ਊਬਰ ਨੇ ਇੰਡੀਆ ਦੇ 12 ਸ਼ਹਿਰਾਂ ਵਿਚ ਇਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿਚ ਉਹ ਆਪਣੇ ਡਰਾਈਵਰਾਂ ਨੂੰ ਡੇਟਾ ਨੂੰ ਲੇਬਲ ਕਰਨ ਦੀ ਜਾਣਕਾਰੀ ਦੇ ਰਹੇ ਹਨ ਤਾਂ ਕਿ ਉਹ ਉਸ ਸਮੇਂ ਡੇਟਾ ਲੇਬਲ ਕਰਨ ਦਾ ਕੰਮ ਕਰ ਸਕਣ ਜਦੋਂ ਉਹ ਵਿਹਲੇ ਹੁੰਦੇ ਹਨ ਭਾਵ ਜਦੋਂ ਉਨ੍ਹਾਂ ਕੋਲ ਊਬਰ ਦੀ ਸਵਾਰੀ ਨਹੀਂ ਹੁੰਦੀ ਹੈ। ਇਸ ਆਰਟੀਕਲ ਅਨੁਸਾਰ ਊਬਰ ਦੇ ਇਸ ਕਦਮ ਨਾਲ ਇੰਡੀਆ ਵਿਚ ਊਬਰ ਦੇ 10 ਲੱਖ (1 ਮਿਲੀਅਨ) ਤੋਂ ਵੱਧ ਡਰਾਈਵਰ ਇਸ ਖੇਤਰ ਵਿਚ ਕੰਮ ਕਰਨ ਵਾਲਿਆਂ ਵਿਚ ਸ਼ਾਮਲ ਹੋ ਜਾਣਗੇ। ਫਰਵਰੀ 2024 ਵਿਚ ਅਲਜਜ਼ੀਰਾ ਦੀ ਸਾਈਟ 'ਤੇ ਛਪੇ ਇਕ ਆਰਟੀਕਲ ਅਨੁਸਾਰ ਕੀਨੀਆ ਵਿਚ 12 ਲੱਖ (1.2 ਮਿਲੀਅਨ) ਲੋਕ ਆਨਲਾਈਨ ਕੰਮ ਕਰਦੇ ਹਨ। ਇਸ ਆਰਟੀਕਲ ਤੋਂ ਇਹ ਸਪੱਸ਼ਟ ਨਹੀਂ ਕਿ ਇਨ੍ਹਾਂ ਵਿਚੋਂ ਕਿੰਨੇ ਲੋਕ ਡੇਟਾ ਨੂੰ ਲੇਬਲ ਕਰਨ ਦਾ ਕੰਮ ਕਰਦੇ ਹਨ। ਪਰ ਇਹ ਕਿਹਾ ਜਾ ਸਕਦਾ ਹੈ ਇਨ੍ਹਾਂ ਵਿਚੋਂ ਬਹੁਗਿਣਤੀ ਲੋਕ ਇਹ ਕੰਮ ਕਰਦੇ ਹੋਣਗੇ ਕਿਉਂਕਿ ਬਹੁਤ ਸਾਰੇ ਆਰਟੀਕਲਾਂ ਵਿਚ ਕੀਨੀਆ ਨੂੰ ਕੰਮ ਦੇ ਇਸ ਖੇਤਰ ਦਾ ਇਕ ਪ੍ਰਮੁੱਖ ਕੇਂਦਰ ਲਿਖਿਆ ਗਿਆ ਹੈ।

ਇਹ ਲੋਕ ਏ.ਆਈ. ਦੇ ਖੇਤਰ ਵਿਚ ਵੱਡੀਆਂ ਕੰਪਨੀਆਂ ਜਿਵੇਂ ਮੈਟਾ, ਗੂਗਲ, ਓਪਨ ਆਈ, ਮਾਈਕਰੋਸੋਫਟ, ਐਮਾਜ਼ੋਨ ਲਈ ਡੇਟਾ ਨੂੰ ਲੇਬਲ ਕਰਨ ਦਾ ਕੰਮ ਕਰਦੇ ਹਨ। ਪਰ ਇਹ ਕੰਪਨੀਆਂ ਇਨ੍ਹਾਂ ਵਰਕਰਾਂ ਤੋਂ ਸਿੱਧਾ ਕੰਮ ਨਹੀਂ ਕਰਾਉਂਦੀਆਂ ਸਗੋਂ ਇਹ ਹੋਰ ਕੰਪਨੀਆਂ ਨੂੰ ਠੇਕੇ ਦੇ ਦਿੰਦੀਆਂ ਹਨ, ਅਤੇ ਉਹ ਕੰਪਨੀਆਂ ਇਨ੍ਹਾਂ ਵਰਕਰਾਂ ਤੋਂ ਇਨ੍ਹਾਂ ਵੱਡੀਆਂ ਕੰਪਨੀਆਂ ਲਈ ਕੰਮ ਕਰਾਉਂਦੀਆਂ ਹਨ। ਮੈਟਾ, ਗੂਗਲ, ਓਪਨ ਆਈ, ਮਾਈਕਰੋਸੋਫਟ ਆਦਿ ਕੰਪਨੀਆਂ ਦੀ ਡੇਟਾ ਲੇਬਲ ਕਰਨ ਦੇ ਕੰਮ ਵਿਚ ਠੇਕੇ 'ਤੇ ਸੇਵਾ ਕਰਨ ਵਾਲੀਆਂ ਕੰਪਨੀਆਂ ਵਿਚੋਂ ਕੁੱਝ ਦੇ ਨਾਂ ਇਸ ਪ੍ਰਕਾਰ ਹਨ: ਸੈਮਸੋਰਸ ਇੰਪੈਕਟ ਸੋਰਸਿੰਗ ਇਨਕਾਰਪੋਰੇਸ਼ਨ (ਸਾਮਾ), ਸਕੇਲ ਆਈ, ਆਈ ਮੈਰਿਟ, ਨਿਕੀ ਡਾਟ ਏ ਆਈ, ਅਤੇ ਐਪਨ। ਵੱਡੀਆਂ ਕੰਪਨੀਆਂ ਲਈ ਠੇਕੇ 'ਤੇ ਕੰਮ ਕਰਵਾਉਣ ਵਾਲੀਆਂ ਇਹ ਕੰਪਨੀਆਂ ਆਪਣੇ ਆਪ ਵਿਚ ਹੀ ਕਾਫੀ ਵੱਡੀਆਂ ਬਣ ਗਈਆਂ ਹਨ। ਉਦਾਹਰਨ ਲਈ ਸੰਨ 2024 ਵਿਚ ਛਪੇ ਇਕ ਆਰਟੀਕਲ ਅਨੁਸਾਰ ਸੰਨ 2024 ਵਿਚ ਇਨ੍ਹਾਂ ਵਿਚੋਂ ਇਕ ਕੰਪਨੀ ਸਕੇਲ ਆਈ ਦੀ ਕੁੱਲ ਕੀਮਤ 14 ਅਰਬ (ਬਿਲੀਅਨ) ਡਾਲਰ ਸੀ।

ਬਿਨਾਂ ਸ਼ੱਕ ਇਨ੍ਹਾਂ ਕੰਪਨੀਆਂ ਲਈ ਡੇਟਾ ਨੂੰ ਲੇਬਲ ਕਰਨ ਦਾ ਕੰਮ ਕਰਨ ਵਾਲੇ ਇਹ ਵਰਕਰ ਬਹੁਤ ਕੀਮਤੀ ਕੰਮ ਕਰਦੇ ਹਨ ਜੋ ਏ.ਆਈ. ਦੇ ਮਾਡਲਾਂ ਨੂੰ ਸਿੱਖਿਅਤ ਕਰਨ ਲਈ ਜ਼ਰੂਰੀ ਹੈ ਪਰ ਇਨ੍ਹਾਂ ਵਰਕਰਾਂ ਨੂੰ ਇਸ ਕੰਮ ਦੀ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ। ਬਹੁਤੀਆਂ ਹਾਲਤਾਂ ਵਿਚ ਇਹ ਮਜ਼ਦੂਰੀ ਉਨ੍ਹਾਂ ਦੇ ਦੇਸ਼ਾਂ ਵਿਚ ਨਿਸ਼ਚਿਤ ਕੀਤੀ ਗਈ ਘੱਟੋ-ਘੱਟ ਉਜਰਤ ਦੇ ਨੇੜੇ ਹੁੰਦੀ ਹੈ ਅਤੇ ਕਈ ਹਾਲਤਾਂ ਵਿਚ ਉਸ ਤੋਂ ਵੀ ਘੱਟ। ਉਦਾਹਰਨ ਲਈ 2023-2024 ਦੌਰਾਨ ਕੀਨੀਆ ਵਿਚ ਇਸ ਖੇਤਰ ਵਿਚ ਕੰਮ ਕਰਨ ਵਾਲੇ ਵਰਕਰਾਂ ਬਾਰੇ ਕਈ ਰਿਪੋਰਟਾਂ ਛਪੀਆਂ ਹਨ। ਇਨ੍ਹਾਂ ਰਿਪੋਰਟਾਂ ਵਿਚ ਕੀਨੀਆ ਦੇ ਵਰਕਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਇਹ ਕੰਮ ਕਰਨ ਦੇ 1.32 ਡਾਲਰ ਤੋਂ 2.0 ਡਾਲਰ ਪ੍ਰਤੀ ਘੰਟੇ ਦੇ ਮਿਲਦੇ ਹਨ। ਭਾਵੇਂ ਕਿ ਕੀਨੀਆ ਵਿਚ ਸਾਰੇ ਵਰਕਰਾਂ ਲਈ ਕੋਈ ਨਿਸ਼ਚਿਤ ਘੱਟੋ-ਘੱਟ ਤਨਖਾਹ ਨਹੀਂ ਹੈ ਪਰ ਜਿਸ ਸਮੇਂ ਦੀ ਇਹ ਵਰਕਰ ਗੱਲ ਕਰਦੇ ਹਨ, ਉਸ ਸਮੇਂ ਕੀਨੀਆ ਵਿਚ ਇਕ ਰਿਸੈਪਸ਼ਨਿਸਟ ਦੀ ਘੱਟੋ-ਘੱਟ ਤਨਖਾਹ 1.52 ਡਾਲਰ ਪ੍ਰਤੀ ਘੰਟਾ ਸੀ। ਭਾਵ ਇਨ੍ਹਾਂ ਵਰਕਰਾਂ ਦੀ ਤਨਖਾਹ ਇਕ ਰਿਸੈਪਸ਼ਨਿਸਟ ਲਈ ਨਿਸ਼ਚਿਤ ਕੀਤੀ ਘੱਟੋ-ਘੱਟ ਤਨਖਾਹ ਦੇ ਬਰਾਬਰ ਸੀ, ਕੁੱਝ ਦੀ ਇਸ ਤੋਂ ਥੋੜ੍ਹੀ ਜਿਹੀ ਘੱਟ ਅਤੇ ਕੁੱਝ ਦੀ ਥੋੜ੍ਹੀ ਜਿਹੀ ਵੱਧ। ਫਿਲਪੀਨ ਬਾਰੇ ਛਪੀਆਂ ਰਿਪੋਰਟਾਂ ਵਿਚ ਉੱਥੋਂ ਦੇ ਵਰਕਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਅਕਸਰ ਫਿਲਪੀਨ ਵਿਚ ਨਿਸ਼ਚਿਤ ਘੱਟੋ-ਘੱਟ ਤਨਖਾਹ ਤੋਂ ਘੱਟ ਪੈਸੇ ਮਿਲਦੇ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਫਿਲਪੀਨ ਵਿਚ ਵੱਖ-ਵੱਖ ਖਿੱਤਿਆਂ ਵਿਚ ਘੱਟੋ-ਘੱਟ ਤਨਖਾਹ ਦਿਹਾੜੀ ਦੇ 6-10 ਡਾਲਰ ਦੇ ਵਿਚਕਾਰ ਹੈ। ਵੈਨਜ਼ੂਏਲਾ ਵਿਚ ਇਸ ਖੇਤਰ ਵਿਚ ਕੰਮ ਕਰਨ ਵਾਲੇ ਵਰਕਰਾਂ ਨੂੰ ਪ੍ਰਤੀ ਘੰਟੇ ਦੇ 90 ਸੈਂਟ ਤੋਂ 2 ਡਾਲਰ ਦੇ ਵਿਚਕਾਰ ਮਜ਼ਦੂਰੀ ਮਿਲਦੀ ਹੈ।

ਅਤੇ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਇਹ ਮਜ਼ਦੂਰੀ ਸਮੇਂ ਸਿਰ ਨਹੀਂ ਦਿੱਤੀ ਜਾਂਦੀ, ਪੂਰੀ ਨਹੀਂ ਦਿੱਤੀ ਜਾਂਦੀ ਜਾਂ ਬਿਲਕੁਲ ਹੀ ਨਹੀਂ ਦਿੱਤੀ ਜਾਂਦੀ। ਇਸ ਤਰ੍ਹਾਂ ਕਰਨ ਲਈ ਇਹ ਕੰਪਨੀਆਂ ਕੋਈ ਨਾ ਕੋਈ ਕਾਰਨ ਲੱਭ ਲੈਂਦੀਆਂ ਹਨ। ਇਸ ਸੰਬੰਧ ਵਿਚ ਕੁੱਝ ਉਦਾਹਰਨਾਂ ਪੇਸ਼ ਹਨ। ਅਮਰੀਕਾ ਦੇ ਟੈਲੀਵਿਜ਼ਨ ਨੈੱਟਵਰਕ ਸੀ.ਬੀ.ਐੱਸ. ਦੇ ਸਾਈਟ 'ਤੇ ਉਨ੍ਹਾਂ ਦੇ 60 ਮਿੰਟ ਦੇ ਇਕ ਪ੍ਰੋਗਰਾਮ ਦੀ



ਟ੍ਰਾਂਸਕ੍ਰਿਪਟ ਛਾਪੀ ਗਈ ਹੈ। ਇਸ ਪ੍ਰੋਗਰਾਮ ਵਿਚ ਉਨ੍ਹਾਂ ਨੇ ਕੀਨੀਆ ਵਿਚ ਡੇਟਾ ਨੂੰ ਲੇਬਲ ਕਰਨ ਦਾ ਕੰਮ ਕਰਨ ਵਾਲਿਆਂ ਨਾਲ ਇੰਟਰਵਿਊਜ਼ ਕੀਤੀਆਂ ਹਨ ਜਿਨ੍ਹਾਂ ਵਿਚ ਇਹ ਵਰਕਰ ਦਸਦੇ ਹਨ ਕਿ ਉਹ ਡੇਟਾ ਨੂੰ ਲੇਬਲ ਕਰਨ ਦਾ ਕੰਮ ਕਰਨ ਵਾਲੀ ਕੰਪਨੀ ਸਕੇਲ ਆਈ ਦੇ ਵੈੱਬਸਾਈਟ ਰੀਮੋਟਟਾਸਕਸ ਨਾਲ ਕੰਮ ਕਰਦੇ ਸਨ। ਇਨ੍ਹਾਂ ਵਰਕਰਾਂ ਨੇ ਦੱਸਿਆ ਕਿ ਇਸ ਕੰਪਨੀ ਨੇ ਕਈ ਵਾਰੀ ਉਨ੍ਹਾਂ ਨੂੰ ਉਨ੍ਹਾਂ ਦੀ ਮਜ਼ਦੂਰੀ ਨਹੀਂ ਦਿੱਤੀ। ਜਦੋਂ ਤਨਖਾਹ ਦੇਣ ਦਾ ਸਮਾਂ ਆਉਂਦਾ ਸੀ ਤਾਂ ਕੰਪਨੀ ਕੁੱਝ ਦਿਨ ਪਹਿਲਾਂ ਹੀ ਵਰਕਰਾਂ ਨੂੰ ਇਹ ਕਹਿ ਕੇ ਉਨ੍ਹਾਂ ਦਾ ਅਕਾਊਂਟ ਬੰਦ ਕਰ ਦਿੰਦੀ ਸੀ ਕਿ ਉਨ੍ਹਾਂ ਨੇ "ਕਿਸੇ ਪਾਲਸੀ ਦੀ ਉਲੰਘਣਾ ਕੀਤੀ ਹੈ"। ਇੰਟਰਵਿਊ ਕਰਨ ਵਾਲੇ ਵਲੋਂ ਇਹ ਪੁੱਛਣ 'ਤੇ ਕਿ ਕੀ ਇਹ ਵਰਤਾਰਾ ਆਮ ਸੀ, ਵਰਕਰਾਂ ਦਾ ਜੁਆਬ ਸੀ ਹਾਂ। ਇਕ ਹੋਰ ਰਿਪੋਰਟ ਵਿਚ ਇਕ ਵਰਕਰ ਨੇ ਇਸੇ ਤਰ੍ਹਾਂ ਦੀ ਕਹਾਣੀ ਇੰਡੀਆ ਬਾਰੇ ਦੱਸੀ ਹੈ। ਇਹ ਵਰਕਰ ਆਊਟਲੀਅਰ ਨਾਂ ਦੀ ਕੰਪਨੀ ਲਈ ਕੰਮ ਕਰਦਾ ਸੀ। ਆਊਟਲੀਅਰ ਸਕੇਲ ਆਈ ਕੰਪਨੀ ਦਾ ਹੀ ਹਿੱਸਾ ਹੈ। ਇਸ ਵਰਕਰ ਨੇ ਦੱਸਿਆ ਕਿ ਜਦੋਂ ਉਸ ਨੇ 5 ਡਾਲਰ ਦੇ ਬਰਾਬਰ ਦਾ ਕੰਮ ਕਰ ਲਿਆ ਤਾਂ ਇਕ ਹਫ਼ਤਾ ਬਾਅਦ ਤੱਕ ਕੰਪਨੀ ਨੇ ਉਸ ਨੂੰ ਕੋਈ ਅਦਾਇਗੀ ਨਹੀਂ ਕੀਤੀ। ਉਹ ਫਿਰ ਵੀ ਕੰਮ ਕਰਦਾ ਰਿਹਾ ਅਤੇ ਉਸ ਦੇ ਕੰਪਨੀ ਵੱਲ 20-30 ਡਾਲਰ ਬਣ ਗਏ। ਜਦੋਂ ਉਹ ਇਸ ਅਦਾਇਗੀ ਦੀ ਉਡੀਕ ਕਰ ਰਿਹਾ ਸੀ ਤਾਂ ਉਸ ਨੂੰ ਕੰਪਨੀ ਵਲੋਂ ਇਕ ਈ-ਮੇਲ ਮਿਲੀ ਕਿ ਉਸ ਨੇ ਕੰਪਨੀ ਦੀ ਪਾਲਸੀ ਦੀ ਉਲੰਘਣਾ ਕੀਤੀ ਹੈ ਅਤੇ ਉਸ ਦਾ ਅਕਾਊਂਟ ਮੁਲਤਵੀ ਕਰ ਦਿੱਤਾ ਗਿਆ ਹੈ। ਜਦੋਂ ਵਰਕਰ ਨੇ ਕੰਪਨੀ ਨੂੰ ਇਸ ਦੇ ਕਾਰਨ ਬਾਰੇ ਪੁੱਛਿਆ ਤਾਂ ਉਸ ਨੂੰ ਕੋਈ ਢੁਕਵਾਂ ਜਵਾਬ ਨਹੀਂ ਦਿੱਤਾ ਗਿਆ ਅਤੇ ਉਸ ਨੂੰ ਕੋਈ ਵੀ ਪੈਸਾ ਨਹੀਂ ਦਿੱਤਾ ਗਿਆ।

ਸੰਨ 2023 ਵਿਚ ਵਾਸ਼ਿੰਗਟਨ ਪੋਸਟ ਵਿਚ ਫਿਲਪੀਨ ਵਿਚ ਡੇਟਾ ਲੇਬਲ ਕਰਨ ਦਾ ਕੰਮ ਵਾਲੇ ਵਰਕਰਾਂ ਬਾਰੇ ਰਿਪੋਰਟ ਛਪੀ ਸੀ। ਇਸ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਫਿਲਪੀਨ ਵਿਚ ਸਕੇਲ ਆਈ ਕੰਪਨੀ ਨੇ ਵਰਕਰਾਂ ਨੂੰ ਬਹੁਤ ਘੱਟ ਤਨਖਾਹਾਂ ਦਿੱਤੀਆਂ ਸਨ, ਇਹ ਤਨਖਾਹਾਂ ਬਹੁਤੀ ਵਾਰ ਲੇਟ ਦਿੱਤੀਆਂ ਸਨ ਜਾਂ ਦਿੱਤੀਆਂ ਹੀ ਨਹੀਂ ਸਨ ਅਤੇ ਵਰਕਰਾਂ ਨੂੰ ਇਸ ਬਾਰੇ ਚਾਰਾਜੋਈ ਕਰਨ ਦਾ ਕੋਈ ਢੰਗ ਮੁਹੱਈਆ ਨਹੀਂ ਕੀਤਾ ਸੀ। ਵਾਸ਼ਿੰਗਟਨ ਪੋਸਟ ਨੇ ਇਹ ਗੱਲ ਵਰਕਰਾਂ ਨਾਲ ਕੀਤੀਆਂ ਇੰਟਰਵਿਊਜ਼, ਕੰਪਨੀ ਦੇ ਅੰਦਰੂਨੀ ਸੁਨੇਹਿਆਂ, ਅਦਾਇਗੀਆਂ ਦੇ ਰਿਕਾਰਡ ਅਤੇ ਵਿੱਤੀ ਬਿਆਨ (ਫਾਈਨੈਂਸ਼ੀਅਲ ਸਟੇਟਮੈਂਟ) ਦੇਖਣ ਤੋਂ ਬਾਅਦ ਕਹੀ ਸੀ। ਇਸ ਰਿਪੋਰਟ ਵਿਚ ਫਿਲਪੀਨ ਦੇ ਕੁੱਝ ਵਰਕਰਾਂ ਨੇ ਆਪਣੀ ਸਥਿਤੀ ਇਸ ਤਰ੍ਹਾਂ ਦੱਸੀ। 23 ਸਾਲਾ ਸ਼ੈਰੀਸ ਨੇ ਦੱਸਿਆ ਕਿ ਉਸ ਨੇ ਇਕ ਕੰਮ 'ਤੇ ਚਾਰ ਘੰਟੇ ਲਾਏ, ਜਿਸ ਲਈ ਉਸ ਨੂੰ 2 ਡਾਲਰ ਮਿਲਣੇ ਸਨ, ਸਕੇਲ ਆਈ ਦੀ ਕੰਪਨੀ ਰੀਮੋਟਟਾਸਕਸ ਨੇ ਉਸ ਨੂੰ 30 ਸੈਂਟ ਦਿੱਤੇ। ਇਕ ਹੋਰ ਵਰਕਰ ਜੈਕੀ ਨੇ ਦੱਸਿਆ ਕਿ ਉਸ ਨੇ ਇਕ ਕੰਮ 'ਤੇ ਤਿੰਨ ਦਿਨ ਕੰਮ ਕੀਤਾ ਅਤੇ ਉਸ ਦਾ ਖਿਆਲ ਸੀ ਕਿ ਇਸ ਲਈ ਉਸ ਨੂੰ 50 ਡਾਲਰ ਮਿਲਣਗੇ ਪਰ ਉਸ ਨੂੰ ਇਸ ਲਈ ਸਿਰਫ 12 ਡਾਲਰ ਮਿਲੇ। 36 ਸਾਲਾ ਬੈਨਜ਼ ਨੇ ਦੱਸਿਆ ਕਿ ਉਸ ਨੇ ਕੰਪਨੀ ਲਈ 150 ਡਾਲਰ ਤੋਂ ਵੱਧ ਦਾ ਕੰਮ ਕੀਤਾ ਸੀ, ਪਰ ਉਸ ਨੂੰ ਅਚਾਨਕ ਪਲੇਟਫਾਰਮ ਤੋਂ ਕੱਢ ਦਿੱਤਾ ਗਿਆ ਅਤੇ ਉਸ ਨੂੰ ਇਸ ਲਈ ਕੁੱਝ ਨਹੀਂ ਮਿਲਿਆ।

ਡੇਟਾ ਲੇਬਲ ਕਰਨ ਵਾਲੇ ਵਰਕਰਾਂ ਬਾਰੇ ਛਪੀਆਂ ਰਿਪੋਰਟਾਂ ਵਿਚ ਇਨ੍ਹਾਂ ਵਰਕਰਾਂ ਨੇ ਇਕ ਹੋਰ ਸ਼ਿਕਾਇਤ ਇਹ ਕੀਤੀ ਹੈ ਕਿ ਉਨ੍ਹਾਂ ਦਾ ਕੰਮ ਉਨ੍ਹਾਂ 'ਤੇ ਮਾਨਸਿਕ ਤੌਰ 'ਤੇ ਬਹੁਤ ਬੁਰੇ ਅਸਰ ਪਾਉਂਦਾ ਹੈ। ਉਨ੍ਹਾਂ ਨੂੰ ਕਈ ਵਾਰੀ ਘੰਟਿਆਂ ਬੱਧੀ ਅਸ਼ਲੀਲ, ਅਣਮਨੁੱਖੀ, ਹਿੰਸਾ ਅਤੇ ਨਫਰਤ ਨਾਲ ਭਰਪੂਰ ਲਿਖਤਾਂ, ਤਸਵੀਰਾਂ, ਵੀਡੀਓ ਆਦਿ ਦੇਖ ਕੇ ਲੇਬਲ ਕਰਨੀਆਂ ਪੈਂਦੀਆਂ ਹਨ ਤਾਂ ਕਿ ਏ.ਆਈ. ਦੇ ਮਾਡਲਾਂ ਨੂੰ ਇਨ੍ਹਾਂ ਚੀਜ਼ਾਂ ਬਾਰੇ ਸਿਖਲਾਈ ਦਿੱਤੀ ਜਾ ਸਕੇ। ਸੀ.ਬੀ.ਐੱਸ. ਨੈੱਟਵਰਕ ਦੀ ਪਹਿਲਾਂ ਦਰਜ ਕੀਤੀ ਰਿਪੋਰਟ ਵਿਚ ਕੀਨੀਆ ਦੇ ਇਕ ਵਰਕਰ ਨੇ ਦੱਸਿਆ ਕਿ ਉਸ ਦੀ ਡਿਊਟੀ ਏ.ਆਈ. ਦੇ ਮਾਡਲ ਨੂੰ ਪੋਰਨੋਗ੍ਰਾਫੀ (ਅਸ਼ਲੀਲਤਾ), ਨਫਰਤ ਭਰੀ ਬੋਲਚਾਲ ਅਤੇ ਅਤਿ ਦੀ ਹਿੰਸਾ ਦੀ ਪਛਾਣ ਕਰਨਾ ਸਿਖਾਉਣਾ ਸੀ। ਇਸ ਲਈ ਉਸ ਨੂੰ ਹਰ ਰੋਜ਼ 8 ਘੰਟੇ, ਹਫਤੇ ਦੇ 40 ਘੰਟੇ ਅਜਿਹੀ ਸਮੱਗਰੀ ਦੇਖਣੀ ਪੈਂਦੀ ਸੀ ਜਿਸ ਵਿਚ ਲੋਕਾਂ ਨੂੰ ਵੱਢਿਆ-ਟੁੱਕਿਆ ਜਾ ਰਿਹਾ ਹੁੰਦਾ ਸੀ, ਲੋਕ ਜਾਨਵਰਾਂ ਨਾਲ ਸੰਭੋਗ ਕਰ ਰਹੇ ਹੁੰਦੇ ਸਨ ਅਤੇ ਬੱਚਿਆਂ ਨਾਲ ਸਰੀਰਕ ਅਤੇ ਲਿੰਗਕ ਤੌਰ 'ਤੇ ਦੁਰਵਿਹਾਰ ਕਰ ਰਹੇ ਹੁੰਦੇ ਸਨ। ਇਸ ਤਰ੍ਹਾਂ ਦੀ ਸਮੱਗਰੀ ਦੇਖਣ ਨਾਲ ਉਹ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਉਸ ਦਾ ਕਹਿਣਾ ਸੀ ਕਿ ਉਹ ਜਦੋਂ ਵੀ ਆਪਣੇ ਇਸ ਤਜਰਬੇ ਬਾਰੇ ਗੱਲ ਕਰਦਾ ਹੈ ਤਾਂ ਉਸ ਨੂੰ ਡਰਾਉਣੇ ਸੁਫਨੇ ਆਉਂਦੇ ਹਨ। ਕੀਨੀਆ ਵਿਚ ਹੀ ਅਜਿਹੀ ਸਮੱਗਰੀ ਦੇਖਣ ਵਾਲੀ ਇਕ ਹੋਰ ਵਰਕਰ ਨੇ ਦੱਸਿਆ ਕਿ ਇਸ ਕੰਮ ਦੇ ਨਤੀਜੇ ਵਜੋਂ ਉਸ ਨੂੰ ਲੋਕਾਂ ਨਾਲ ਗੱਲਬਾਤ ਕਰਨੀ ਬਹੁਤ ਮੁਸ਼ਕਿਲ ਲਗਦੀ ਹੈ ਅਤੇ ਉਸ ਨੂੰ ਗੱਲ ਕਰਨ ਦੀ ਥਾਂ ਰੋਣਾ ਸੌਖਾ ਲਗਦਾ ਹੈ। ਇਸ ਤਰ੍ਹਾਂ ਦੇ ਕੰਮ ਕਾਰਨ ਤੁਸੀਂ ਆਪਣੇ ਆਪ ਨੂੰ ਲੋਕਾਂ ਤੋਂ ਕੱਟ ਲੈਂਦੇ ਹੋ ਅਤੇ ਆਪਣੇ ਆਪ ਨੂੰ ਬਿਲਕੁਲ ਇਕੱਲੇ ਕਰ ਲੈਂਦੇ ਹੋ।

ਇਨ੍ਹਾਂ ਵਰਕਰਾਂ ਦੇ ਕੰਮ ਦੀਆਂ ਹਾਲਤਾਂ ਬਾਰੇ ਕੁੱਝ ਹੋਰ ਗੱਲਾਂ ਇਸ ਪ੍ਰਕਾਰ ਹਨ। ਇਨ੍ਹਾਂ ਵਰਕਰਾਂ 'ਤੇ ਕੰਪਿਊਟਰ ਪ੍ਰੋਗਰਾਮਾਂ ਨਾਲ ਬਹੁਤ ਸਖ਼ਤ ਨਿਗਰਾਨੀ ਰੱਖੀ ਜਾਂਦੀ ਹੈ। ਇਹ ਕੰਪਿਊਟਰ ਪ੍ਰੋਗਰਾਮ ਵਰਕਰਾਂ ਦੇ ਕੰਮ ਦੇ ਸਕਿੰਟ-ਸਕਿੰਟ ਦਾ ਹਿਸਾਬ ਰੱਖਦੇ ਹਨ। ਜੇ ਵਰਕਰਾਂ ਨੇ ਟੋਆਇਲੈਂਟ ਵਗੈਰਾ ਜਾਣਾ ਹੋਵੇ ਤਾਂ ਉਨ੍ਹਾਂ ਨੂੰ ਆਪਣੇ ਅਕਾਊਂਟ ਤੋਂ ਲੌਗ ਆਊਟ ਹੋ ਕੇ ਜਾਣਾ ਪੈਂਦਾ ਹੈ ਅਤੇ ਟੋਆਇਲੈੱਟ ਤੋਂ ਵਾਪਸ ਆ ਕੇ ਫਿਰ ਲੌਗ ਇਨ ਕਰਨਾ ਪੈਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਵਰਕਰਾਂ ਵਲੋਂ ਟੋਆਇਲੈਂਟ ਵਗੈਰਾ ਜਾਣ ਦਾ ਸਮਾਂ ਉਨ੍ਹਾਂ ਦੇ ਕੰਮ ਦੇ ਸਮੇਂ ਵਿਚੋਂ ਕੱਟ ਲਿਆ ਜਾਂਦਾ ਹੈ। ਇਨ੍ਹਾਂ ਨੂੰ ਬਹੁਤ ਤੇਜ਼ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰੀ ਆਪਣਾ ਕੰਮ ਮੁਕਾਉਣ ਲਈ ਵਾਧੂ ਸਮਾਂ ਲਾਉਣਾ ਪੈਂਦਾ ਹੈ, ਜਿਸ ਦੇ ਉਨ੍ਹਾਂ ਨੂੰ ਪੈਸੇ ਨਹੀਂ ਮਿਲਦੇ। ਕਈ ਵਰਕਰਾਂ ਨੇ ਦੱਸਿਆ ਕਿ ਜਿਸ ਕੰਮ ਲਈ ਕੰਪਨੀ ਵਲੋਂ 1 ਘੰਟੇ ਦਾ ਸਮਾਂ ਨਿਸ਼ਚਿਤ ਕੀਤਾ ਹੁੰਦਾ ਹੈ, ਉਹ ਕੰਮ 1 ਘੰਟੇ ਵਿਚ ਖਤਮ ਨਹੀਂ ਹੁੰਦਾ ਅਤੇ ਇਸ ਸਮੇਂ ਵਰਕਰਾਂ ਕੋਲ ਦੋ ਚੋਣਾਂ ਹੁੰਦੀਆਂ ਹਨ। ਇਕ ਕੰਮ ਨੂੰ ਅੱਧ ਵਿਚਾਲੇ ਛੱਡ ਦਿੱਤਾ ਜਾਵੇ, ਜਿਸ ਬਦਲੇ ਉਨ੍ਹਾਂ ਨੂੰ ਆਪਣੇ ਵਲੋਂ ਲਾਏ ਸਮੇਂ ਦੇ ਕੋਈ ਪੈਸੇ ਨਹੀਂ ਮਿਲਦੇ। ਜਾਂ ਵਾਧੂ ਸਮਾਂ ਲਾ ਕੇ ਕੰਮ ਨੂੰ ਮੁਕੰਮਲ ਕੀਤਾ ਜਾਵੇ, ਜਿਸ ਹਾਲਤ ਵਿਚ ਉਨ੍ਹਾਂ ਨੂੰ ਵਾਧੂ ਲਾਏ ਸਮੇਂ ਦੇ ਪੈਸੇ ਨਹੀਂ ਮਿਲਦੇ। ਇਸ ਤੋਂ ਬਿਨਾਂ ਉਨ੍ਹਾਂ ਨੂੰ ਕੰਮ ਦੀ ਕੋਈ ਸਕਿਉਰਟੀ ਨਹੀਂ ਹੁੰਦੀ। ਇਹ ਕੰਪਨੀਆਂ ਜਦੋਂ ਚਾਹੁਣ ਉਨ੍ਹਾਂ ਦੇ ਅਕਾਊਂਟ ਬੰਦ ਕਰ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਕੰਮ ਤੋਂ ਵਿਹਲੇ ਕਰ ਸਕਦੀਆਂ ਹਨ।

ਇਨ੍ਹਾਂ ਵਰਕਰਾਂ ਦੇ ਸੰਬੰਧ ਵਿਚ ਸਿਤਮ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਕੋਲ ਆਪਣੀ ਸ਼ਿਕਾਇਤ ਕਰਨ ਦਾ ਕੋਈ ਰਸਤਾ ਨਹੀਂ। ਉਨ੍ਹਾਂ ਦੀਆਂ ਮਾਲਕ ਕੰਪਨੀਆਂ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ। ਜੇ ਵਰਕਰ ਆਪਣੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਲਈ ਇਕੱਠੇ ਹੋ ਕੇ ਕੋਈ ਸੰਗਠਨ ਜਾਂ ਯੂਨੀਅਨ ਬਣਾਉਣਾ ਚਾਹੁੰਦੇ ਹਨ ਤਾਂ ਕੰਪਨੀਆਂ ਉਨ੍ਹਾਂ ਨੂੰ ਕੰਮ ਤੋਂ ਕੱਢ ਦਿੰਦੀਆਂ ਹਨ ਅਤੇ ਕੰਮ ਕਰਨ ਦੀਆਂ ਥਾਂਵਾਂ ਨੂੰ ਬੰਦ ਕਰ ਦਿੰਦੀਆਂ ਹਨ। ਇਸ ਸੰਬੰਧ ਵਿਚ ਕੀਨੀਆ ਦੀਆਂ ਦੋ ਉਦਾਹਰਨਾਂ ਪੇਸ਼ ਹਨ। ਮਈ 2024 ਵਿਚ ਕੀਨੀਆ ਵਿਚ ਡੇਟਾ ਨੂੰ ਲੇਬਲ ਕਰਨ ਵਾਲੇ ਅਤੇ ਕੰਟੈਂਟ ਮਾਡਰੇਟਰਾਂ ਦਾ ਕੰਮ ਕਰਨ ਵਾਲੇ 97 ਵਰਕਰਾਂ ਨੇ ਅਮਰੀਕਾ ਦੇ ਪ੍ਰੈਜ਼ੀਡੈਂਟ ਜੋ ਬਾਇਡਨ ਨੂੰ ਆਪਣੀਆਂ ਕੰਮ ਦੀਆਂ ਭੈੜੀਆਂ ਹਾਲਤਾਂ ਬਾਰੇ ਖੁੱਲ੍ਹਾ ਖ਼ਤ ਲਿਖਿਆ ਕਿਉਂਕਿ ਉਹ ਆਰਟੀਫਿਸ਼ਲ ਇੰਟੈਲੀਜੈਂਸ ਦੇ ਖੇਤਰ ਵਿਚ ਅਮਰੀਕਾ ਦੀਆਂ ਕੰਪਨੀਆਂ ਨਾਲ ਕੰਮ ਕਰਦੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਅਮਰੀਕਾ ਦੀਆਂ ਵੱਡੀਆਂ ਟੈਕ ਕੰਪਨੀਆਂ ਯੋਜਨਾਬੱਧ ਢੰਗ ਨਾਲ ਅਫਰੀਕਾ ਦੇ ਵਰਕਰਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਕੀਨੀਆ ਵਿਚ ਉਹ ਦੇਸ਼ ਦੇ ਕਿਰਤ ਕਾਨੂੰਨਾਂ (ਲੇਬਰ ਲਾਅਜ਼), ਨਿਆਂ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਕਿਰਤ ਮਿਆਰਾਂ (ਇੰਟਰਨੈਸ਼ਨਲ ਲੇਬਰ ਸਟੈਂਡਰਡਜ਼) ਦੀ ਉਲੰਘਣਾ ਕਰ ਰਹੀਆਂ ਹਨ। ਇਨ੍ਹਾਂ ਵਰਕਰਾਂ ਨੇ ਅਗਾਂਹ ਲਿਖਿਆ ਕਿ ਇਨ੍ਹਾਂ ਕੰਪਨੀਆਂ ਵਲੋਂ ਯੂਨੀਅਨਾਂ ਬਣਾਉਣ ਵਿਚ ਰੁਕਾਵਟਾਂ ਪਾਉਣਾ ਆਮ ਗੱਲ ਹੈ। ਜਦੋਂ ਕੀਨੀਆ ਵਿਚ ਫੇਸਬੁੱਕ ਨਾਲ ਕੰਟੈਂਟ ਮਾਡਰੇਟਰਾਂ ਦਾ ਕੰਮ ਕਰਨ ਵਾਲੇ ਵਰਕਰਾਂ ਨੇ ਯੂਨੀਅਨ ਬਣਾਉਣ ਦੀ ਕੋਸ਼ਿਸ਼ ਕੀਤੀ, ਤਾਂ ਸਾਰੇ ਵਰਕਰਾਂ ਨੂੰ ਕੰਮ ਤੋਂ ਕੱਢ ਦਿੱਤਾ ਗਿਆ ਅਤੇ ਫੇਸਬੁੱਕ ਦੀ ਮਾਲਕ ਕੰਪਨੀ ਮੈਟਾ ਕੰਟੈਂਟ ਨੂੰ ਮਾਡਰੇਟ ਕਰਨ ਦਾ ਸਾਰਾ ਕੰਮ ਕੀਨੀਆ ਵਿਚ ਬੰਦ ਕਰ ਕੇ ਘਾਨ੍ਹਾ ਵਿਚ ਲੈ ਗਈ। ਇਸੇ ਤਰ੍ਹਾਂ ਕੀਨੀਆ ਵਿਚ ਸਕੇਲ ਆਈ ਦੀ ਮਾਤਹਿਤ ਕੰਪਨੀ ਰੀਮੋਟਟਾਸਕ ਵਿਚ ਵਾਪਰਿਆ। ਜਦੋਂ ਉਸ ਕੰਪਨੀ ਵਿਚ ਕੰਮ ਕਰਨ ਵਾਲੇ ਵਰਕਰਾਂ ਨੇ ਜਥੇਬੰਦ ਹੋਣ ਦੀ ਕੋਸ਼ਿਸ਼ ਕੀਤੀ ਤਾਂ ਕੰਪਨੀ ਨੇ ਉਨ੍ਹਾਂ ਨੂੰ ਕੰਮ ਤੋਂ ਕੱਢ ਦਿੱਤਾ ਅਤੇ ਰਾਤੋ-ਰਾਤ ਆਪਣਾ ਕੰਮ ਬੰਦ ਕਰਕੇ ਅਫਰੀਕਾ ਤੋਂ ਬਾਹਰ ਲੈ ਗਈ।

ਉਪਰਲੇ ਤੱਥਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਵਿਕਸਤ ਕਰਨ ਵਿਚ ਖੂਨ-ਪਸੀਨੇ ਨਾਲ ਯੋਗਦਾਨ ਪਾਉਣ ਵਾਲੇ ਇਹ ਦਹਿ ਲੱਖਾਂ (ਮਿਲੀਅਨਜ਼) ਵਰਕਰ ਬਹੁਤ ਹੀ ਭੈੜੀਆਂ ਅਤੇ ਸਖ਼ਤ ਹਾਲਤਾਂ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਕੋਲ ਇਨ੍ਹਾਂ ਹਾਲਤਾਂ ਵਿਰੁੱਧ ਸ਼ਿਕਾਇਤ ਕਰਨ ਅਤੇ ਇਨ੍ਹਾਂ ਦਾ ਹੱਲ ਲੱਭਣ ਲਈ ਚਾਰਾਜੋਈ ਕਰਨ ਦਾ ਕੋਈ ਰਸਤਾ ਨਹੀਂ। ਕੀਨੀਆ ਵਿਚ ਡੇਟਾ ਲੇਬਲ ਕਰਨ ਦਾ ਕੰਮ ਕਰਨ ਵਾਲੇ ਵਰਕਰਾਂ ਅਨੁਸਾਰ ਉਨ੍ਹਾਂ ਦਾ ਇਹ ਕੰਮ ਅੱਜ ਦੇ ਯੁੱਗ ਦੀ ਗੁਲਾਮੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਵੇਂ ਗੁਲਾਮਦਾਰੀ ਯੁੱਗ ਵਿਚ ਅਮਰੀਕਾ ਵਿਚ ਵੱਡੀਆਂ-ਵੱਡੀਆਂ ਪਲਾਂਟੇਸ਼ਨਾਂ (ਖੇਤਾਂ) ਵਿਚ ਖੇਤੀ ਦਾ ਕੰਮ ਕਾਲੇ ਗੁਲਾਮ ਕਰਦੇ ਸਨ ਪਰ ਉਨ੍ਹਾਂ ਖੇਤਾਂ ਦੇ ਉਤਪਾਦਨ ਤੋਂ ਪੈਦਾ ਹੋਣ ਵਾਲੀ ਦੌਲਤ ਖੇਤਾਂ ਅਤੇ ਕਾਲੇ ਗੁਲਾਮਾਂ ਦੇ ਮਾਲਕ ਗੋਰੇ ਫਾਰਮਰਾਂ ਦੇ ਖਾਤਿਆਂ ਵਿਚ ਜਮ੍ਹਾਂ ਹੋ ਜਾਂਦੀ ਸੀ, ਉਸੇ ਤਰ੍ਹਾਂ ਅੱਜ ਆਰਟੀਫਿਸ਼ਲ ਇੰਟੈਲੀਜੈਂਸ ਦੇ ਮਾਡਲਾਂ ਨੂੰ ਸਿੱਖਿਅਤ ਕਰਨ ਲਈ ਖੂਨ ਪਸੀਨਾ, ਇਹ ਡੇਟਾ ਵਰਕਰ ਵਹਾਉਂਦੇ ਹਨ ਪਰ ਇਸ ਤਕਨਾਲੋਜੀ ਤੋਂ ਪੈਦਾ ਹੋਣ ਵਾਲੀ ਦੌਲਤ ਆਰਟੀਫਿਸ਼ਲ ਇੰਟੈਲੀਜੈਂਸ ਨਾਲ ਸੰਬੰਧਿਤ ਮੁੱਠੀ ਭਰ ਕਾਰਪੋਰੇਸ਼ਨਾਂ ਅਤੇ ਉਨ੍ਹਾਂ ਦੇ ਮਾਲਕਾਂ/ਸ਼ੇਅਰਹੋਲਡਰਾਂ ਕੋਲ ਇਕੱਠੀ ਹੋਈ ਜਾਂਦੀ ਹੈ। ਅਮਰੀਕਾ ਦੀ ਸਿਲੀਕੋਨ ਵੈਲੀ ਦੇ ਅਰਬਾਂਪਤੀ ਇਸ ਲਈ ਦੌਲਤਮੰਦ ਨਹੀਂ ਹਨ ਕਿ ਉਹ ਬਹੁਤ ਹੁਸ਼ਿਆਰ ਅਤੇ ਉੱਦਮੀ ਹਨ, ਸਗੋਂ ਉਹ ਇਸ ਲਈ ਅਮੀਰ ਹਨ ਕਿਉਂਕਿ ਉਹ ਦੁਨੀਆ ਭਰ ਦੇ ਦਹਿ-ਲੱਖਾਂ ਕਾਮਿਆਂ ਨੂੰ ਉਨ੍ਹਾਂ ਦੀ ਸਖਤ ਮਿਹਨਤ ਦਾ ਯੋਗ ਮੁੱਲ ਅਦਾ ਨਹੀਂ ਕਰਦੇ।

# ਸ਼ਬਦਾਂ ਦਾ ਪ੍ਰਤਾਪ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸ਼ਬਦ, ਹਰਫ਼ਾਂ ਦਾ ਸੰਗ੍ਰਹਿ। ਹਰਫ਼ਾਂ ਵਿਚ ਰੰਗ ਭਰਨ ਦੀ ਕਲਾ। ਹਰਫ਼ਾਂ ਨੂੰ ਨਵੀਂ ਉਡਾਣ ਦੇਣ ਦਾ ਹੁਨਰ। ਉਨ੍ਹਾਂ ਦੇ ਪਰਾਂ 'ਤੇ ਉਚੇਰੀ ਪਰਵਾਜ਼। ਤਾਸੀਰ ਵਿਚ ਜਿਉਣ ਦਾ ਅੰਦਾਜ਼। ਹਿਰਦੇ ਵਿਚ ਰੂਹ ਦੇ ਰਾਜ਼ ਕਰਨ ਦੀ ਕਲਾ। ਸ਼ਬਦ, ਹਰਫ਼ਾਂ ਦੇ ਸਦਾ ਰਿਣੀ। ਉਨ੍ਹਾਂ ਦੇ ਬਲਿਹਾਰੇ ਜਾਂਦੇ ਅਤੇ ਉਨ੍ਹਾਂ ਦੀਆ ਉਂਗਲਾਂ 'ਤੇ ਨੱਚਦੇ, ਵੱਡਾ ਰੁਤਬਾ ਪਾਉਂਦੇ।

ਸ਼ਬਦ, ਬਹੁਤ ਸਾਰੇ ਰੰਗਾਂ/ਰੂਪਾਂ ਵਿਚ ਆਪਣਾ ਜਲਵਾ ਬਿਖੇਰਦੇ। ਸ਼ਬਦਾਂ ਨੇ ਕਿਹੜੇ ਰੂਪ ਵਿਚ ਤੁਹਾਨੂੰ ਅਚੰਭਿਤ ਜਾਂ ਭੈਅਭੀਤ ਕਰਨਾ, ਤੁਹਾਨੂੰ ਨਿਡਰ ਬਣਾਉਣਾ ਜਾਂ ਤੁਹਾਡੇ ਮਸਤਕ ਵਿਚ ਡਰ ਉਪਜਾਉਣਾ, ਤੁਹਾਡੀ ਰੂਹ ਵਿਚ ਵੇਦਨਾ ਦੀ ਹੂਕ ਬਣਨਾ ਜਾਂ ਤੁਹਾਡੇ ਅੰਤਰੀਵ ਵਿਚ ਅਨਾਦੀ ਅਲਹਾਮ ਦਾ ਗੁਣਗਾਣ ਕਰਨਾ, ਇਹ ਸਭ ਕੁਝ ਸ਼ਬਦਾਂ ਦੀ ਕਰਾਮਾਤ।

ਸ਼ਬਦ, ਸੂਖ਼ਮ ਤੇ ਸੰਵੇਦਨਸ਼ੀਲ, ਸੁਹਬਤੀ ਤੇ ਸਰੋਕਾਰੀ, ਸੰਸਕਾਰੀ ਤੇ ਸਦਭਾਵੀ, ਅਤੇ ਸੁਹਜਭਾਵੀ ਤੇ ਸਹਿਜਮਤੇ।

ਸ਼ਬਦ ਅਕਸਰ ਹੀ ਕੋਰੇ ਵਰਕਿਆਂ 'ਤੇ ਲਿਖੇ ਜਾਂਦੇ ਅਤੇ ਇਸਦੇ ਪਿੰਡੇ ਨੂੰ ਆਪਣੀ ਹੋਂਦ ਨਾਲ ਗਰਭਾਉਂਦੇ। ਪਰ ਯਾਦ ਰਹੇ ਕਿ ਸ਼ਬਦ ਸਿਰਫ਼ ਕਾਗਜ਼ 'ਤੇ ਹੀ ਨਹੀਂ ਲਿਖੇ ਹੁੰਦੇ। ਕੁਝ ਇਬਾਰਤ ਸਾਡੇ ਮੱਥੇ 'ਤੇ ਵੀ ਖੁਣੀ ਹੁੰਦੀ ਜਿਸ 'ਚੋਂ ਪਤਾ ਲੱਗਦਾ ਕਿ ਤੁਹਾਡੇ ਅੰਦਰ ਕੀ ਚੱਲ ਰਿਹਾ, ਤੁਸੀਂ ਕਿਸ ਮਾਨਸਿਕ ਅਵਸਥਾ ਵਿਚ ਹੋ, ਤੁਸੀਂ ਕੀ ਸੋਚਦੇ ਹੋ, ਕੀ ਕਰਨਾ ਚਾਹੁੰਦੇ ਹੋ, ਕੀ ਨਹੀਂ ਸੀ ਕਰਨਾ ਚਾਹੁੰਦੇ ਅਤੇ ਕੀ ਕਰਨਾ ਚਾਹੀਦਾ ਸੀ? ਬਹੁਤ ਸਾਰੀ ਵਿਆਖਿਆ ਅਤੇ ਵਾਰਤਾਲਾਪ, ਸੂਖ਼ਮ ਰੂਪ ਵਿਚ ਸ਼ਬਦ ਤੁਹਾਡੇ ਨਾਲ ਵੀ ਕਰਦੇ ਅਤੇ ਫ਼ਿਜ਼ਾ ਨਾਲ ਵੀ।

ਕੁਝ ਸ਼ਬਦ ਸਾਡੇ ਦੀਦਿਆਂ ਵਿਚ ਤੈਰਦੇ। ਕਈ ਵਾਰ ਇਹ ਸਾਡੇ ਸੁਪਨਿਆਂ ਦਾ ਸੰਸਾਰ ਹੁੰਦੇ। ਕਈ ਵਾਰ ਹੰਝੂਆਂ ਵਿਚ ਖੁਰੇ ਅਤੇ ਕਈ ਵਾਰ ਇਹ ਸੰਦਲੀ ਰੰਗ ਵਿਚ ਰੰਗੇ ਰੂਹ ਵਿਚ ਕੁਤਕੁਤਾਰੀਆਂ ਵੀ ਕੱਢਦੇ।

ਕੁਝ ਸ਼ਬਦ ਸਾਡੇ ਸ਼ਫ਼ਰ ਦਾ ਸਿਰਨਾਵਾਂ ਜੋ ਸਾਡੇ ਪੈਰਾਂ ਵਿਚ ਉਕਰਦੇ ਅਤੇ ਰਾਹਾਂ ਵਿਚ ਆਪਣੀ ਪਛਾਣ ਸਿਰਜਦੇ। ਇਹ ਸ਼ਬਦ ਅਕਸਰ ਚੁੱਪ-ਚੁਪੀਤੇ ਹੀ ਦੇਖਣ ਤੇ ਸਮਝਣ ਵਾਲਿਆਂ ਦੀ ਚੇਤਨਾ ਵਿਚ ਉਹ ਕੁਝ ਧਰ ਜਾਂਦੇ ਜਿਸ ਦਾ ਕੋਈ ਕਿਆਸ ਵੀ ਨਹੀਂ ਕਰ ਸਕਦਾ।

ਕੁਝ ਸ਼ਬਦ ਹਵਾ ਵਿਚ ਵੀ ਲਿਖੇ ਹੁੰਦੇ ਜੋ ਭਾਵਨਾਵਾਂ ਦੀ ਕਲਮ ਨਾਲ 'ਵਾ ਦੇ ਜਿਸਮ 'ਤੇ ਚਿੱਤਰੇ ਹੁੰਦੇ। ਇਨ੍ਹਾਂ ਦੀਆਂ ਲਕੀਰਾਂ ਅਤੇ ਰੰਗਾਂ ਦੀ ਲਿਸ਼ਕੋਰ ਕੁਝ ਕੁ ਵਿਰਲਿਆਂ ਨੂੰ ਦਿਸਦੀ। ਇਨ੍ਹਾਂ ਸ਼ਬਦਾਂ ਵਿਚ ਉਠੀ ਹੂਕ ਜਾਂ ਲਲਕਾਰ ਸਮੇਂ ਦੀ ਹਿੱਕ ਵਿਚ ਛੇਕ ਪਾਉਂਦੀ। ਵਕਤ ਨੂੰ ਨਵਾਂ ਮੋੜ ਵੀ ਦਿੰਦੇ। ਫ਼ਿਜ਼ਾ ਵਿਚ ਗੂੰਜਦੇ ਨਾਅਰੇ। ਮਜ਼ਲੂਮਾਂ ਦੀਆਂ ਲੇਰਾਂ ਅਤੇ ਪਿੰਡੇ 'ਤੇ ਪਈਆਂ ਲਾਸਾਂ ਦਾ ਦਰਦ ਜਦ ਪੌਣ ਵਿਚ ਸਿੰਮ ਕੇ ਹਰਫ਼ਾਂ ਦੀ ਜੂਨੇ ਪੈਂਦਾ ਤਾਂ ਬਹੁਤ ਕੁਝ ਇਨ੍ਹਾਂ ਸ਼ਬਦਾਂ ਰਾਹੀਂ ਮਾਨਵੀ ਸੋਚ ਵਿਚ ਅਛੋਪਲੇ ਹੀ ਧਰਿਆ ਜਾਂਦਾ।

ਕੁਝ ਸ਼ਬਦ ਪਾਣੀਆਂ 'ਤੇ ਵੀ ਲਿਖੇ ਹੁੰਦੇ ਜੋ ਪਲ-ਪਲ ਆਪਣੀ ਹੋਂਦ ਪ੍ਰਗਟਾਉਂਦੇ ਤੇ ਮਿਟਾਉਂਦੇ। ਪਾਣੀ ਦੀ ਤਾਸੀਰ ਵਰਗੇ ਇਹ ਸ਼ਬਦ ਸਭ ਕੁਝ ਸਮਾਉਣ ਅਤੇ ਫਿਰ ਉਹੀ ਰੰਗ ਵਟਾਉਣ ਵਿਚ ਸਮਰੱਥ। ਤਾਂ ਹੀ ਕਿਹਾ ਜਾਂਦਾ ਹੈ ਕਿ ਜੋ ਲੋਕ ਪਾਣੀ 'ਤੇ ਲਿਖੀ ਕਵਿਤਾ ਨੂੰ ਪੜ੍ਹਦੇ ਨੇ, ਦਰਅਸਲ ਉਹੀ ਜੀਵਨੀ ਸੱਚ ਦੀਆਂ ਵਿਭਿੰਨ ਪਰਤਾਂ ਨੂੰ ਅੰਦਰ ਰਮਾਉਂਦੇ ਅਤੇ ਥਾਹ ਪਾਉਂਦੇ।

ਪਰ ਸਭ ਤੋਂ ਅਹਿਮ ਅਤੇ ਅਦਭੁਤ ਹੈ ਰੂਹ 'ਤੇ ਹੋਈ ਅੱਖਰਕਾਰੀ ਕਿਉਂਕਿ ਇਹ ਸ਼ਬਦ ਕਦੇ ਨਹੀਂ ਮਿਟਦੇ। ਇਨ੍ਹਾਂ ਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ ਅਤੇ ਨਾ ਹੀ ਇਸਨੂੰ ਕੋਈ ਹੋਰ ਪੜ੍ਹ ਸਕਦਾ। ਇਹ ਸ਼ਬਦ ਖ਼ੁਦ ਲਈ ਹੁੰਦੇ। ਖ਼ੁਦ ਨੂੰ ਸੁਣਾਏ ਜਾਂਦੇ। ਖ਼ੁਦ ਵਿਚ ਹੀ ਉਲਥਾਏ ਜਾਂਦੇ ਅਤੇ ਖ਼ੁਦ ਰਾਹੀਂ ਹੀ ਛੁਪਾਏ ਜਾਂਦੇ। ਇਨ੍ਹਾਂ ਸ਼ਬਦਾਂ ਦੀਆਂ ਰੂਹੀ ਰਮਜ਼ਾਂ ਨੂੰ ਸਿਰਫ਼ ਰੂਹਦਾਰ ਹੀ ਸਮਝਦਾ।

ਬਹੁਤ ਖ਼ਤਰਨਾਕ ਹੁੰਦੇ ਨੇ ਅਣਲਿਖੇ ਸ਼ਬਦ। ਲਿਖੇ ਸ਼ਬਦਾਂ ਨੂੰ ਤਾਂ ਸਮਝਿਆ ਜਾ ਸਕਦਾ ਪਰ ਅਣਲਿਖੇ ਸ਼ਬਦਾਂ ਦੀ ਇਬਾਰਤ ਨੂੰ ਕੌਣ ਪੜ੍ਹੇਗਾ? ਇਨ੍ਹਾਂ ਨੂੰ ਸਿਰਫ਼ ਕੁਝ ਕੁ ਫੱਕਰਾਂ ਵਰਗੇ ਲੋਕ ਹੀ ਪੜ੍ਹ ਅਤੇ ਸਮਝ ਸਕਦੇ ਤਾਂ ਹੀ ਉਹ ਹਵਾ ਵਿਚ ਲਿਖੇ ਸ਼ਬਦਾਂ ਨੂੰ ਪੜ੍ਹ, ਵਰਕਿਆਂ 'ਤੇ ਉਤਾਰਦੇ ਅਤੇ ਇਹੀ ਇਬਾਰਤ ਫਿਰ ਇਬਾਦਤ ਬਣ ਜਾਂਦੀ।

ਸ਼ਬਦ ਸਿਰਫ਼ ਅੱਖਰਾਂ ਦੀ ਬਣਤਰ ਹੀ ਨਹੀਂ ਹੁੰਦਾ। ਇਸ ਵਿਚ ਬਹੁਤ ਕੁਝ ਰਮਾਇਆ ਅਤੇ ਪ੍ਰਗਟਾਇਆ ਹੁੰਦਾ ਅਤੇ ਇਨ੍ਹਾਂ ਨੂੰ ਸਮਝਣ ਦੀ ਸਮਝ ਕੁਝ ਕੁ ਵਿਰਲਿਆਂ ਦਾ ਸ਼ਰਫ਼।

ਸ਼ਬਦ 'ਚੋਂ ਹੀ ਸ਼ਖਸੀਅਤ ਪ੍ਰਗਟੇ ਤੇ ਸ਼ਬਦ ਵਿਚੋਂ ਤਸਵੀਰ।
ਸ਼ਬਦ ਵਿਚੋਂ ਹੀ ਰੂਹ ਝਲਕਦੀ ਤੇ ਸ਼ਬਦ ਸਮਝਾਵੇ ਤਾਸੀਰ।
ਸ਼ਬਦ-ਸਾਂਝ ਨਾਲ ਰੂਹਾਂ ਜੁੜਦੀਆਂ ਤੇ ਸ਼ਬਦ ਬਣੇ ਤਕਦੀਰ।
ਸ਼ਬਦ ਡਿੱਗੇ ਲਈ ਹੱਲਸ਼ੇਰੀ ਤੇ ਸ਼ਬਦ ਬੰਨ੍ਹਾਉਂਦੇ ਧੀਰ।
ਸ਼ਬਦਾਂ ਦੇ ਵਿਚ ਸੱਚ ਦਾ ਵਾਸਾ ਤੇ ਸ਼ਬਦ ਹੀ ਬਣੇ ਜ਼ਮੀਰ।
ਸ਼ਬਦਾਂ ਦੇ ਵਿਚ ਮੁੱਖ ਦੀ ਹਾਸੀ ਅਤੇ ਸ਼ਬਦ ਬਣੇ ਕਸੀਰ।
ਸ਼ਬਦਾਂ ਜੂਹੇ ਜੀਵਨ ਵੱਸਦਾ ਤੇ ਸ਼ਬਦ ਹੀ ਹੁੰਦਾ ਆਖੀਰ।
ਸ਼ਬਦ ਹੁੰਦੇ ਸਾਹ-ਸੁਗੰਧੀ ਅਤੇ ਸ਼ਬਦ ਹੀ ਖ਼ਾਬ-ਤਾਮੀਰ।
ਸ਼ਬਦ ਹੀ ਬਣਦੇ ਸਾਹ-ਸੁਰੰਗੀ ਤੇ ਬਹਿ ਕੇ ਗਾਉਂਦੇ ਹੀਰ।
ਸ਼ਬਦਾਂ ਪੱਲੇ ਸਭ ਕੁਝ ਹੁੰਦਾ ਤੇ ਸ਼ਬਦੀਂ ਜਾਗੇ ਜ਼ਮੀਰ।
ਸ਼ਬਦ ਸਿੱਧੇ ਰਾਹੇ ਪਾ ਕੇ ਇਨਸਾਨ ਨੂੰ ਕਰਨ ਤਾਮੀਰ।
ਸ਼ਬਦ ਕਦੇ ਜੇ ਹੋਵਣ ਗੂੰਗੇ ਤਾਂ ਹੀ ਰਿਸ਼ਤੀਂ ਪਵੇ ਲਾਕੀਰ।
ਸ਼ਬਦਾਂ ਦੀ ਸਰ ਜਮੀਂ ਦਾ ਫੁੱਲਣਾ ਅਰਥਾਂ ਦੀ ਜਾਗੀਰ।
ਸ਼ਬਦਾਂ ਬਾਝੋਂ ਕੌਣ ਬਣੇਗਾ ਪੁਸਤਕਾਂ ਵਾਲਾ ਫ਼ਕੀਰ।

ਸ਼ਬਦ ਜਦ ਮੂੰਹ 'ਚੋਂ ਨਿਕਲਦਾ ਤਾਂ ਪਤਾ ਲੱਗ ਜਾਂਦਾ ਕਿ ਤੁਹਾਡੇ ਅੰਦਰ ਕੀ ਹੈ? ਤੁਹਾਡੀ ਸੋਚ-ਸੰਵੇਦਨਾ ਦਾ ਰੰਗ ਕੀ ਏ? ਤੁਸੀਂ ਅੰਦਰੋਂ ਬਾਹਰੋਂ ਇਕਸੁਰ ਹੋ ਜਾਂ ਵਿਭਿੰਨ।

ਸ਼ਬਦ ਜਦ ਵਰਕਿਆਂ 'ਤੇ ਆਪਣਾ ਕਦਮ ਧਰਦਾ ਤਾਂ ਪਤਾ



ਲੱਗ ਜਾਂਦਾ ਕਿ ਇਹ ਵਰਕੇ ਨੂੰ ਕੰਬਣੀ ਛੇੜਦਾ ਜਾਂ ਵਰਕਾ ਨੱਚਦਾ ਏ? ਵਰਕਾ ਹੁਬਕੀਂ ਰੋਂਦਾ ਜਾਂ ਖਿੜਖਿੜਾ ਕੇ ਹੱਸਦਾ? ਕਿਸੇ ਨੂੰ ਜਿਊਣ ਦੇ ਮਾਰਗੀਂ ਤੋਰਦਾ ਜਾਂ ਸਿਵਿਆਂ ਵੰਨੀਂ ਲੈ ਤੁਰਦਾ?

ਸ਼ਬਦ ਬਹੁਤ ਤਾਕਤਵਰ। ਗੋਲੀ ਬਾਰੂਦ ਤੋਂ ਉਪਰ। ਜਰਵਾਣੇ ਜਾਂ ਹੁਕਮਰਾਨ ਤੋਂ ਵੱਡਾ ਤਾਂ ਹੀ ਸ਼ਬਦ ਨੂੰ ਮੂੰਹ ਤੋਂ ਕੱਢਣ ਤੋਂ ਪਹਿਲਾਂ ਸੋਚਣਾ ਜ਼ਰੂਰੀ। ਤਾਂ ਹੀ ਸ਼ਬਦ ਕਹਿੰਦਾ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢਾਂਗਾ।

ਸ਼ਬਦ-ਸੰਸਾਰ ਵਿਲੱਖਣ ਤੇ ਕਮਾਲ ਹੈ ਇਸਦੀ ਆਭਾ। ਕੋਈ ਨਹੀਂ ਇਸਦਾ ਸਾਨੀ। ਇਸਦੀ ਫ਼ਿਤਰਤ ਵਿਚ ਹੈ ਰੂਹ-ਰਵਾਨੀ। ਜਦ ਬਣ ਜਾਵੇ ਇਹ ਰੂਹਾਨੀ ਤਾਂ ਬਣ ਜਾਂਦੀ ਜੀਵਨ-ਦਾਨੀ।

ਸ਼ਬਦ ਦਾ ਇਹ ਕੇਹਾ ਕਰਮ ਕਿ ਕਈ ਵਾਰ ਇਕ ਹੀ ਸ਼ਬਦ ਨਾਲ ਅਸੀਂ ਕਿਸੇ ਦਿਲ ਵਿਚ ਆਲ੍ਹਣਾ ਪਾ ਲੈਂਦੇ। ਪਰ ਕਈ ਵਾਰ ਇਕ ਹੀ ਸ਼ਬਦ ਕਾਰਨ ਅਸੀਂ ਕਿਸੇ ਵਲੋਂ ਦੁਰਕਾਰੇ ਜਾਂਦੇ। ਦਿਲ ਦੀ ਕਲਮ ਨਾਲ ਇਕ ਹੀ ਸ਼ਬਦ ਕਾਫ਼ੀ ਹੁੰਦਾ ਹੈ ਦਿਲਬਰ ਦੇ ਸਾਹਾਂ ਦੀ ਸੁਗੰਧ ਬਣਨ ਅਤੇ ਰੂਹਾਂ ਦੇ ਪਿਘਲ ਜਾਣ ਲਈ।

ਸ਼ਬਦ ਸਿਰਫ਼ ਖ਼ੁਆਬ ਹੀ ਨਹੀਂ ਦਿੰਦੇ ਸਗੋਂ ਇਨ੍ਹਾਂ ਵਿਚੋਂ ਸੁਪਨਿਆਂ ਦਾ ਸੱਚ ਵੀ ਦ੍ਰਿਸ਼ਟਮਾਨ ਹੁੰਦਾ ਬਸ਼ਰਤੇ ਕਿ ਸਾਨੂੰ ਨੀਝ ਨਾਲ ਦੇਖਣ ਦੀ ਜਾਚ ਹੋਵੇ।

ਸ਼ਬਦ ਟਕੋਰ ਵੀ ਅਤੇ ਟੁੰਬਣਾ ਵੀ। ਟੇਕ ਵੀ ਅਤੇ ਟੁੱਕ ਵੀ। ਟਾਹਣ ਵੀ ਅਤੇ ਟੱਕ ਵੀ। ਟੋਕਣਾ ਵੀ ਅਤੇ ਟੁੱਟਣਾ ਵੀ। ਟੌਹਰ ਵੀ ਅਤੇ ਟਾਹਰ ਵੀ। ਟਹਿਕਣਾ ਵੀ ਅਤੇ ਟੰਗਣਾ ਵੀ। ਬਹੁਤ ਕੁਝ ਕਿਹਾ ਅਤੇ ਅਣਕਿਹਾ ਹੁੰਦਾ ਏ ਸ਼ਬਦ ਦੇ ਸੀਨੇ 'ਚ।

ਸ਼ਬਦ ਬਹੁਤ ਛੋਟੇ ਪੈ ਜਾਂਦੇ ਜਦ ਕੋਈ ਮੀਤ ਪਿਆਰਾ ਸੱਜਣ ਦੇ ਨਾਮ ਦਾ ਤਾਵੀਤ ਡੌਲੇ 'ਤੇ ਬੰਨ੍ਹ ਲਵੇ। ਉਸਦੇ ਨਿੱਘੇ ਅਹਿਸਾਸਾਂ ਦੀ ਲੋਈ ਲੈ ਲਵੇ। ਉਸਦੇ ਸੁਪਨਿਆਂ ਦਾ ਰੰਗ ਆਪਣੀਆਂ ਸੋਚਾਂ ਦੇ ਨਾਮ ਕਰੇ ਜਾਂ ਉਸ ਦੀਆਂ ਤਰਜੀਹਾਂ ਨੂੰ ਆਪਣੀ ਤਕਦੀਰ ਬਣਾ ਲਵੇ।

ਸ਼ਬਦਾਂ ਦਾ ਲਹਿਜਾ ਅਰਥਾਂ ਦੀ ਤਾਸੀਰ ਹੀ ਬਦਲ ਦਿੰਦਾ ਜਦ ਅਸੀਂ 'ਕੁਝ ਵੀ ਅਸੰਭਵ ਨਹੀਂ' ਦੀ ਬਜਾਏ 'ਸਭ ਕੁਝ ਸੰਭਵ' ਕਹਿੰਦੇ ਤਾਂ ਇਕ ਸਕਾਰਾਤਮਿਕ ਸੋਚ ਦੀ ਤਰੰਗ ਮਨ ਵਿਚ ਪੈਦਾ ਹੋ ਕੇ ਅਸੰਭਵ ਨੂੰ ਸੰਭਵ ਬਣਾ ਦਿੰਦੀ।

ਕਈ ਵਾਰ ਸ਼ਬਦ ਅਬੋਲ ਰਹਿ ਕੇ ਵੀ ਬਹੁਤ ਕੁਝ ਸਮਝਾ ਜਾਂਦੇ। ਸ਼ਬਦ ਜੋ ਚੁੱਪ ਦੇ ਹੋਠਾਂ 'ਤੇ ਉਕਰੇ ਹੁੰਦੇ, ਜੋ ਖਾਮੋਸ਼ੀ ਦੇ ਪਿੰਡੇ ਦਾ ਲਿਬਾਸ ਹੁੰਦੇ, ਜੋ ਹੰਝੂਆਂ ਵਿਚ ਰਮਿਆ ਖਾਰਾਪਣ ਹੁੰਦੇ, ਜੋ ਹਿਚਕੀਆਂ ਦੀ ਹੂਕ ਦੇ ਤਰਜਮਾਨ ਹੁੰਦੇ ਜਾਂ ਜੋ ਪੀੜ ਦੇ ਨੈਣਾਂ ਦਾ ਨੀਰ ਹੁੰਦੇ।

ਬੜਾ ਔਖਾ ਹੁੰਦਾ ਏ ਅਜੇਹੇ ਸ਼ਬਦਾਂ ਦੀ ਇਬਾਰਤ ਨੂੰ ਪੜ੍ਹਨਾ ਜੋ ਰੁਆਂਸੇ ਘਰ ਦੀਆਂ ਕੰਧਾਂ 'ਤੇ ਚਿਪਕੇ ਹੁੰਦੇ। ਜੋ ਸੁੰਨੇ ਕਮਰੇ ਦੇ ਗਲ਼ ਲੱਗ ਕੇ ਰੋਂਦੇ। ਜੋ ਮਕਾਨ ਨੂੰ ਘਰ ਬਣ ਜਾਣ ਦੀ ਅਰਦਾਸ ਹੁੰਦੇ। ਜੋ ਸੁੰਨੇ ਵਿਹੜਿਆਂ ਵਿਚ ਰੌਣਕ ਲਈ ਤਰਲੋਮੱਛੀ ਹੁੰਦੇ ਜਾਂ ਜੋ ਬੰਦ ਦਰਵਾਜਿਆਂ 'ਤੇ ਜੰਗਾਲੇ ਤਾਲਿਆਂ ਦੀ ਆਉਧ ਹੁੰਦੇ।

ਸ਼ਬਦ, ਸੂਰਜ ਜਿਸਦੀ ਰੌਸ਼ਨੀ ਵਿਚ ਰਾਹ ਰੁਸ਼ਨਾਉਂਦੇ, ਇਸਦੇ ਨਿੱਘ ਵਿਚ ਯੱਖ਼ ਮੌਸਮ ਨਿੱਘਾ ਹੋ ਜਾਂਦਾ ਅਤੇ ਇਸਦੀ ਹੋਂਦ ਕਾਰਨ ਰਾਤ ਨੂੰ ਦਿਨ ਦਾ ਵਰਦਾਨ ਮਿਲਦਾ।

ਸ਼ਬਦ, ਲੱਖਾਂ ਨਿਆਮਤਾਂ ਦਾ ਕਰਮਦਾਤਾ। ਸਮੁੰਦਰ ਵਰਗੇ ਸ਼ਬਦ ਨੂੰ ਹੀ ਸ਼ਰਫ਼ ਹੁੰਦਾ ਕਿ ਉਹ ਦਰਿਆ ਨੂੰ ਸਮੁੰਦਰ ਬਣਾਉਂਦਾ ਅਤੇ ਨਿੱਕੀ ਜਹੀ ਕਣੀ ਦਰਿਆ ਵਿਚ ਰਲ ਕੇ ਦਰਿਆ ਬਣ ਜਾਂਦੀ।

ਸ਼ਬਦ, ਸੁਪਨਿਆਂ, ਸੰਭਾਵਨਾਵਾਂ, ਸਾਧਨਾਂ, ਸਫ਼ਲਤਾਵਾਂ ਅਤੇ ਸਿਰਜਣਾ ਦਾ ਸਬੱਬ। ਸ਼ਬਦ ਵਿਚੋਂ ਹੀ ਜੀਵਨ ਰਾਹਾਂ ਦੀ ਸਾਰ ਤੇ ਪੈਂਡਿਆਂ ਦੀ ਇਬਾਰਤ ਪੈਰਾਂ 'ਤੇ ਉਕਰੀ ਜਾਂਦੀ ਅਤੇ ਦਿਸਹੱਦਿਆਂ 'ਤੇ ਖੁਣਿਆ ਜਾਂਦਾ ਪ੍ਰਾਪਤੀ ਦਾ ਸਿਰਨਾਵਾਂ।

ਸ਼ਬਦ, ਇਕ ਅਲੋਕਾਰੀ ਕਰਾਮਾਤ, ਤਾਰਿਆਂ ਲੱਧੀ ਰਾਤ, ਚਾਨਣ ਵਿਚ ਰੰਗੀ ਕਾਇਨਾਤ। ਸ਼ਬਦ ਦੀ ਇਹੀ ਸਭ ਤੋਂ ਹੁਸੀਨ ਅਤੇ ਚਿਰ-ਸਥਾਈ ਸੁਗਾਤ ਕਿ ਬੰਦਾ ਪਾ ਸਕਦਾ ਇਸ ਰਾਹੀਂ ਖ਼ੁਦ ਦੀ ਬਾਤ, ਪਾ ਸਕਦਾ ਆਪਣੇ ਅੰਦਰ ਝਾਤ ਅਤੇ ਖ਼ੁਦ ਵਿਚੋਂ ਹੀ ਸਿਰਜ ਸਕਦਾ ਇਕ ਨਵੀਂ ਔਕਾਤ ਜਿਸ 'ਤੇ ਹੁੰਦਾ ਏ ਸਭ ਨੂੰ ਨਾਜ਼।

ਸ਼ਬਦ ਕਦੇ ਨਹੀਂ ਮਰਦਾ। ਸਦਾ ਜਿਉਂਦਾ। ਬੰਦਾ ਮਰਦਾ। ਕਈ ਨਸਲਾਂ ਵੀ ਖਤਮ ਹੋ ਜਾਂਦੀਆਂ ਪਰ ਲਿਖੇ ਹੋਏ ਸ਼ਬਦ ਸਦਾ ਚਿਰੰਜੀਵ। ਇਹੀ ਚਿਰੰਜੀਵਤਾ ਬੀਤੇ ਸਮਿਆਂ ਦਾ ਇਤਿਹਾਸ, ਬਜ਼ੁਰਗਾਂ ਦੀਆਂ ਕੀਰਤੀਆਂ ਅਤੇ ਕਰਮਯੋਗਤਾ ਦੀ ਤਹਿਰੀਕ ਨਵੀਆਂ ਨਸਲਾਂ ਦੇ ਨਾਮ ਕਰਦਾ।

ਗੁਰਬਾਣੀ ਦਾ ਫੁਰਮਾਨ ਹੈ, 'ਸਬਦੁ ਗੁਰੂ ਸੁਰਤਿ ਧੁਨਿ ਚੇਲਾ।' ਪਰ ਅਸੀਂ ਤਾਂ ਗੁਰਬਾਣੀ ਨੂੰ ਸ਼ਬਦ ਰੂਪ ਵਿਚ ਸਮਝਣ ਅਤੇ ਇਸ ਅਨੁਸਾਰ ਆਪਣੀ ਜੀਵਨ-ਜਾਚ ਅਪਨਾਉਣ ਤੋਂ ਹੀ ਆਕੀ। ਅਸੀਂ ਸਿਰਫ਼ ਸ਼ਬਦ ਗੁਰੂ ਨੂੰ ਪੂਜਣ ਤੀਕ ਹੀ ਸੀਮਤ ਹੋ ਗਏ।

ਕਦੇ ਕਦੇ ਸ਼ਬਦ ਸੋਗ ਵੀ, ਸਰਾਪ ਵੀ ਅਤੇ ਵਰਲਾਪ ਵੀ ਹੁੰਦਾ। ਕਦੇ ਹੰਝੂਆਂ ਵਿਚ ਭਿੱਜੀ ਇਬਾਰਤ ਵੀ ਤੇ ਕਦੇ ਰੱਤ ਲਿਬੜੀ ਦਾਸਤਾਨ ਵੀ। ਸ਼ਬਦ ਜਦ ਅਜੇਹੀ ਅਵਸਥਾ ਹੰਢਾਉਂਦਾ ਤਾਂ ਸ਼ਬਦ ਦੇ ਪਿੰਡੇ ਉਗੇ ਹੰਝੂਆਂ ਦੀਆਂ ਘਰਾਲਾਂ, ਹਿਰਦੇ ਵਿਚ ਉਠੀ ਚੀਸ ਅਤੇ ਮਸਤਕ ਵਿਚ ਕਰੁਣਾ ਦਾ ਅਹਿਸਾਸ ਹੋਣ 'ਤੇ ਪਤਾ ਲੱਗਦਾ ਕਿ ਸ਼ਬਦ ਦੇ ਅਰਥ ਕਿਵੇਂ ਰੋਂਦੇ, ਖ਼ੁਦ ਨੂੰ ਵਰਾਉਣ ਵਿਚ ਵੀ ਅਸਫ਼ਲ ਰਹਿੰਦੇ।

ਸ਼ਬਦ, ਕਦੇ ਦਿਨ ਦਾ ਆਗਾਜ਼ ਅਤੇ ਕਦੇ ਸੀਨੇ ਵਿਚ ਸਾਂਭਿਆ ਰਾਤ ਦਾ ਰਾਜ਼। ਕਦੇ ਦੁਪਹਿਰਾਂ ਦਾ ਸੇਕ ਅਤੇ ਕਦੇ ਚੁੱਪ ਵਿਚ ਦਫ਼ਨ ਹੋਈ ਹੇਕ ਵੀ। ਕਦੇ ਪੈਰਾਂ 'ਚ ਉਗੀਆਂ ਬਿਆਈਆਂ ਨੂੰ ਉਲਥਾਉਂਦਾ ਅਤੇ ਕਦੇ ਅੱਖਾਂ ਵਿਚ ਜੰਮ ਚੁੱਕੇ ਅੱਥਰੂਆਂ ਦੇ ਦੁਖੜੇ ਸੁਣਾਉਂਦਾ।

ਸ਼ਬਦ, ਸਰੋਕਾਰਾਂ ਦੀ ਆਵਾਜ਼, ਸਮਾਜਿਕ ਸਬੰਧਾਂ ਦੀਆਂ ਪਰਤਾਂ, ਰਿਸ਼ਤਿਆਂ ਵਿਚ ਹੋਏ ਮਘੋਰਿਆਂ ਦੇ ਦਰਸ਼ਨ ਅਤੇ ਆਪਣਿਆਂ ਵਿਚ ਪਈਆਂ ਵਿੱਥਾਂ ਦੀ ਜਾਣਕਾਰੀ ਵੀ ਦਿੰਦਾ।

ਸ਼ਬਦ ਜਦ ਬੰਦੇ ਦੇ ਅੰਦਰ ਦੀ ਲਿਖਤ-ਪਰਵਾਜ਼ ਬਣਦਾ ਤਾਂ ਬੰਦਾ ਖ਼ੁਦ ਨੂੰ ਮਿਲ, ਪਾਰਸ ਬਣਨ ਦੇ ਰਾਹ ਤੁਰਦਾ। ਬੰਦੇ ਨੂੰ ਸੁਮੱਤੇ ਰਾਹੀਂ ਤੋਰਨਾ ਹੀ ਸ਼ਬਦ ਦਾ ਮੀਰੀ ਗੁਣ।

ਸ਼ਬਦ ਬਹੁਤ ਕੁਝ ਸਾਡੀ ਚੇਤਨਾ ਅਤੇ ਅਵਚੇਤਨਾ ਵਿਚ ਧਰਦਾ। ਪਰ ਅਸੀਂ ਇਸਨੂੰ ਕਿਸ ਰੂਪ ਵਿਚ ਸਮਝਣਾ, ਅਪਨਾਉਣਾ, ਪਰਤਾਂ ਫਰੋਲਣਾ, ਅਰਥਾਂ ਦੀ ਥਾਹ ਪਾਉਣਾ ਅਤੇ ਆਤਮਾ ਨੂੰ ਜਗਾਉਣਾ, ਇਹ ਤਾਂ ਸਾਨੂੰ ਖ਼ੁਦ ਹੀ ਕਰਨਾ ਪੈਣਾ।

ਸ਼ਬਦ ਦੀ ਪੀਂਘ 'ਤੇ ਹੁਲਾਰੇ ਲੈਂਦਿਆਂ ਅਤੇ ਅੰਬਰ ਨੂੰ ਛੂਹਣ ਦੀ ਤਮੰਨਾ ਪਾਲਦਿਆਂ ਵੀ ਧਰਤੀ 'ਤੇ ਰਹਿਣ ਦੀ ਜਾਚ ਆ ਜਾਵੇ ਤਾਂ ਸ਼ਬਦ-ਸੁਖ ਸਾਡਾ ਹਾਸਲ ਅਤੇ ਹੁਲਾਰੇ ਸੰਵੇਦਨਾ ਦਾ ਸੁਰਖ ਰੰਗ ਬਣ ਜਾਂਦੇ। ਤਾਂ ਹੀ ਨਿੱਕੀ-ਨਿੱਕੀ ਭੁਰ ਵਿਚ ਕੁੜੀਆਂ-ਚਿੜੀਆਂ ਪੀਂਘ ਝੂਟਦਿਆਂ ਅੰਬਰ ਨੂੰ ਹੱਥ ਲਾਉਣ ਅਤੇ ਉਚੇ ਉਡਣ ਦੀ ਤਾਂਘ ਦਾ ਪ੍ਰਗਟਾਵਾ ਹੀ ਹੁੰਦੀਆਂ।

ਸ਼ਬਦ, ਕਦੇ ਰੁੱਸ ਜਾਂਦੇ, ਕਦੇ ਮੰਨਦੇ। ਕਦੇ ਰੋਂਦੇ ਅਤੇ ਕਦੇ ਰੁਆਂਦੇ। ਕਦੇ ਹੱਸਦੇ ਤੇ ਕਦੇ ਹਸਾਂਦੇ। ਕਦੇ ਸਾਹਾਂ ਜੇਡ ਨੇੜਤਾ ਦਾ ਅਹਿਸਾਸ ਅਤੇ ਕਦੇ ਚਿਰਵਿਛੁੰਨੇ ਨੂੰ ਮਿਲਣ ਦਾ ਵਿਸਮਾਦ। ਬੜਾ ਔਖਾ ਹੁੰਦਾ ਏ ਰੁੱਸੇ ਹੋਏ ਸ਼ਬਦਾਂ ਨੂੰ ਮਨਾਉਣਾ ਕਿਉਂਕਿ ਇਨ੍ਹਾਂ ਦੇ ਰੁੱਸਣ 'ਤੇ ਬੰਦਾ ਕਈ ਵਾਰ ਖ਼ੁਦ ਨਾਲ ਵੀ ਰੁੱਸ ਜਾਂਦਾ। ਭਲਾ! ਖ਼ੁਦ ਨਾਲ ਰੁੱਸਿਆਂ ਨੂੰ ਕੌਣ ਮਨਾਵੇ?

ਸ਼ਬਦਾਂ ਦੀ ਸੰਗਤ ਸਭ ਤੋਂ ਸਾਰਥਕ ਅਤੇ ਸੰਜੀਵ। ਕੋਈ ਪਰਦਾਦਾਰੀ ਨਹੀਂ ਅਤੇ ਨਾ ਹੀ ਝਿਜਕ। ਸ਼ਬਦ ਹਮੇਸ਼ਾ ਸੱਚ ਦਾ ਸਰੂਪ ਅਤੇ ਇਸ ਵਿਚੋਂ ਹੀ ਅਸੀਂ ਆਪਣੇ ਅੰਦਰਲੇ ਸੱਚ, ਸ਼ਾਂਤੀ, ਸੁਖਨ, ਸਹਿਜਤਾ ਅਤੇ ਸੁਹਜਤਾ ਨੂੰ ਆਪਣਾ ਹਮਰਾਹ ਬਣਾਉਂਦੇ।

ਸ਼ਬਦ ਸਾਡੀ ਭਟਕਣਾ ਨੂੰ ਘਟਾਉਂਦੇ। ਸੁੰਨ ਸਮਾਧੀ ਤੋੜਦੇ ਤੇ ਛਿੰਨ ਭੰਗਰਤਾ ਨੂੰ ਹਲੂਣਦੇ। ਸੁੱਤਿਆਂ ਨੂੰ ਜਗਾਉਂਦੇ ਕਿਉਂਕਿ ਸ਼ਬਦ ਜਦ ਸੁਰਤ ਨੂੰ ਜਗਾਵੇ ਤਾਂ ਤੁਹਾਡੇ ਅੰਦਰਲੇ ਨੂੰ ਰੌਸ਼ਨ ਕਰਦੇ, ਜ਼ਿੰਦਗੀ ਦੀਆਂ ਰਾਹਾਂ ਨੂੰ ਚਮਕਾਉਣ ਦਾ ਸਬੱਬ ਬਣਦੇ।

ਸ਼ਬਦ ਨਾਲ ਹੀ ਗੱਲ ਤੁਰਦੀ ਤੇ ਸ਼ਬਦ ਨਾਲ ਸੰਵਾਦ। ਸ਼ਬਦ ਨਾਲ ਜ਼ਿੰਦਗੀ ਰੰਗੀਏ ਅਤੇ ਸ਼ਬਦ ਹੀ ਰੂਹੀ ਨਾਦ। ਸ਼ਬਦ ਵਿਚ ਹਰ ਪਲ ਜਾਗਦਾ ਅਤੇ ਬਣੇ ਸੰਧੂਰੀ ਯਾਦ। ਸ਼ਬਦ ਅੜੀ ਮਨਾਂਵਦੇ ਤੇ ਰਹਿੰਦੇ ਸਦਾ ਅਜ਼ਾਦ। ਸ਼ਬਦ ਵਿਚ ਕਦੇ ਕਰੁਣਾ ਰੋਵੇ ਅਤੇ ਕਦੇ ਸ਼ਬਦ ਵਿਸਮਾਦ। ਸ਼ਬਦ ਸਾਹਾਂ ਦਾ ਬਣੇ ਸੰਗੀਤ ਅਤੇ ਸ਼ਬਦ ਕਰੇ ਅਬਾਦ। ਸ਼ਬਦ ਵਿਚ ਅਰਦਾਸ ਗੂੰਜਦੀ ਅਤੇ ਸ਼ਬਦਾਂ ਵਿਚ ਫਰਿਆਦ। ਸ਼ਬਦਾਂ ਵਿਚ ਕਦੇ ਸੱਸੀ ਕੂਕੇ ਅਤੇ ਸ਼ਬਦੀਂ ਸਿਸਕੇ ਫਰਿਹਾਦ। ਸ਼ਬਦ ਸ਼ਬਦ ਜੇ ਹੋ ਜਾਣ ਦੀ, ਆਵੇ ਕਿਧਰੇ ਜਾਚ ਤਾਂ ਜੀਵਨ ਦੀਆਂ ਸੱਤੇ ਖੈਰਾਂ ਦਾ ਮਾਣ ਲਈਏ ਪ੍ਰਤਾਪ।

ਸ਼ਬਦ ਕਦੇ ਵੀ ਨਿਗੂਣੇ, ਬੇਅਰਥੇ, ਬੇਜਾਨ ਜਾਂ ਬੇਆਬਰੂ ਨਹੀਂ ਹੁੰਦੇ। ਸਦਾ ਜਾਗਦੇ। ਸਿਰ ਉਚਾ ਕਰਨ ਵਾਲੇ ਅਤੇ ਆਪਣੀ ਰੋਹਬਦਾਰੀ ਦਾ ਸਿੱਕਾ ਹਰ ਲਿਖਤ ਵਿਚ ਉਪਜਾਉਣ ਵਾਲੇ। ਯਾਦ ਰਹੇ ਕਿ ਕਿਸੇ ਵੀ ਲਿਖਤ ਜਾਂ ਘਟਨਾ ਨੂੰ ਯਾਦਗਾਰੀ ਬਣਾਉਣ ਲਈ ਬੰਦਾ ਹਮੇਸ਼ਾ ਸ਼ਬਦਾਂ ਦਾ ਆਸਰਾ ਲੈਂਦਾ ਅਤੇ ਸ਼ਬਦ ਕਦੇ ਵੀ ਨਿਰਾਸ਼ ਨਹੀਂ ਕਰਦੇ।

ਸ਼ਬਦਾਂ ਨੂੰ ਪਲੋਸੋ, ਪਿਆਰ ਕਰੋ ਤੇ ਸਹਿਲਾਓ। ਇਨ੍ਹਾਂ ਦੀ ਮਟਕਣੀ ਵਿਚ ਮਸਤ ਲੋਰ ਦੀ ਨਿਸ਼ਾਨਦੇਹੀ ਕਰੋ। ਸ਼ਬਦਾਂ ਵਿਚ ਉਡੀਕ ਦੇ ਨੈਣਾਂ ਵਿਚ ਹੰਝੂਆਂ ਦਾ ਬਿਰਤਾਂਤ ਵੀ ਹੋਵੇ, ਕਿਸੇ ਦੀ ਪ੍ਰਾਪਤੀ ਦਾ ਜਸ਼ਨ ਵੀ ਹੋਵੇ। ਕਿਸੇ ਦੀ ਅਸਫ਼ਲਤਾ ਜਾਂ ਨਿਰਾਸ਼ਾ ਵਿਚ ਮੋਢਾ ਪਲੋਸਣ ਅਤੇ ਧੀਰਜ ਧਰਾਉਣ ਦਾ ਵੱਲ ਵੀ ਹੋਵੇ। ਕਿਸੇ ਦੇ ਦੀਦਿਆਂ ਵਿਚ ਸੁਪਨਗੋਈ ਦੀ ਰੀਝ ਵੀ ਹੋਵੇ ਅਤੇ ਸੁਪਨੇ ਦੀ ਤਿੜਕਣ ਨੂੰ ਸਹਿਲਾਉਣ ਦਾ ਹੁਨਰ ਵੀ ਹੋਵੇ। ਕਿਸੇ ਜਖ਼ਮ ਦੀ ਪੀੜ ਅਤੇ ਦਰਦ ਨੂੰ ਸਮਝਣ ਦਾ ਵਲ ਵੀ ਅਤੇ ਮਰ੍ਹਮ ਲਾਉਣ ਦੀ ਸੋਝੀ ਵੀ।

ਸ਼ਬਦ ਕਦੇ ਗ਼ਜ਼ਲ ਬਣਦੇ ਅਤੇ ਕਦੇ ਬਣਦੇ ਗੀਤ।
ਕਦੇ ਕਵਿਤਾ ਦੀ ਲੋਈ ਲੈਂਦੇ ਅਤੇ ਕਦੇ ਕਹਾਣੀ ਰੀਤ।
ਕਦੇ ਵਿਛੜੇ ਨੂੰ ਮਿਲਾਉਂਦੇ ਅਤੇ ਕਦੇ ਪੈਦਾ ਕਰਨ ਪ੍ਰੀਤ।
ਕਦੇ ਹਿੱਕਾਂ ਵਿਚ ਨਿੱਘ ਬੀਜਦੇ ਤੇ ਕਦੇ ਅੰਦਰਲੀ ਸੀਤ।
ਕਦੇ ਚੁੱਪ ਨੂੰ ਬੋਲ ਬਸ਼ਖਦੇ ਅਤੇ ਕਦੇ ਚਾਨਣ ਝੀਤ।
ਕਦੇ ਆਪਣੇ ਆਪ ਨੂੰ ਮਿਲਦੇ ਅਤੇ ਕਦੇ ਮਿਲਾਂਦੇ ਮੀਤ।

# ਹਕੀਕਤੀ ਇਨਸਾਨ ਬਣੋ...

ਕੋਈ ਸਿੱਖਿਆ ਪ੍ਰਾਪਤ ਹੋਵੇ ਜਾਂ ਅਨਪੜ੍ਹ, ਅਮੀਰ ਹੋਵੇ ਜਾਂ ਗਰੀਬ, ਪਿੰਡ ਦਾ ਹੋਵੇ ਜਾਂ ਸ਼ਹਿਰ ਦਾ — ਕਿਸੇ ਵੀ ਜਾਤ ਜਾਂ ਵਰਗ ਦਾ ਹੋਵੇ — ਸਾਡੇ ਦੇਸ਼ ਦੇ ਲੋਕਾਂ ਵਿਚ ਅੰਧਵਿਸ਼ਵਾਸ ਆਮ ਗੱਲ ਹੈ।

ਸਾਰੇ ਲੋਕ ਮੂਰਖ ਨਹੀਂ ਹਨ, ਪਰ 90 ਫੀਸਦੀ ਲੋਕਾਂ ਦੀ ਸੋਚ ਤਰਕਸ਼ੀਲ ਜਾਂ ਵਿਗਿਆਨਕ ਨਹੀਂ ਹੈ।

ਸਿੱਖਿਆ ਦਾ ਅਰਥ ਸਿਰਫ਼ ਡਿਗਰੀਆਂ ਲੈਣਾ ਨਹੀਂ, ਸਿੱਖਣਾ, ਸਮਝਣਾ ਤੇ ਜਾਣਨਾ ਹੁੰਦਾ ਹੈ।

ਸਾਡੀ ਸਿੱਖਿਆ ਪ੍ਰਣਾਲੀ ਐਸੀ ਹੈ ਕਿ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਤਾਂ ਵੱਧ ਰਹੀ ਹੈ, ਪਰ ਅਣਜਾਣ ਲੋਕਾਂ ਦੀ ਗਿਣਤੀ ਘਟ ਨਹੀਂ ਰਹੀ।

ਅਸੀਂ ਸਿਰਫ਼ ਇਮਤਿਹਾਨ ਪਾਸ ਕਰਨ ਲਈ ਪੜ੍ਹਦੇ ਹਾਂ, ਗਿਆਨ ਪ੍ਰਾਪਤ ਕਰਨ ਲਈ ਨਹੀਂ। ਇਸ ਕਰਕੇ ਬਹੁਤੇ ਲੋਕਾਂ ਦਾ ਮਾਨਸਿਕ ਵਿਕਾਸ ਨਹੀਂ ਹੋ ਪਾਉਂਦਾ।

ਇਸੇ ਲਈ ਸਾਡੇ ਕੁਝ ਅਖੌਤੀ ਵਿਗਿਆਨਕ, ਵਿਗਿਆਨਕ ਸੰਮੇਲਨਾਂ ਵਿਚ ਕਹਿੰਦੇ ਹਨ ਕਿ ਹਜ਼ਾਰਾਂ ਸਾਲ ਪਹਿਲਾਂ ਸਾਡੇ ਦੇਸ਼ ਵਿਚ ਜਹਾਜ਼ ਉਡਦੇ ਸਨ, ਜਿਨ੍ਹਾਂ ਵਿਚ ਰਿਵਰਸ ਗੀਅਰ ਵੀ ਹੁੰਦਾ ਸੀ....

ਸਾਡੇ ਪ੍ਰਧਾਨ ਸੇਵਕ ਡਾਕਟਰਾਂ ਦੀ ਭੀੜ ਵਿਚ ਕਹਿੰਦੇ ਹਨ ਕਿ ਗਣੇਸ਼ ਜੀ ਨੂੰ ਸਰਜਰੀ ਨਾਲ ਹਾਥੀ ਦਾ ਸਿਰ ਲਗਾਇਆ ਗਿਆ ਸੀ ਅਤੇ ਕਰਣ ਦਾ ਜਨਮ ਟੈਸਟ-ਟਿਊਬ ਤਕਨੀਕ ਨਾਲ ਹੋਇਆ ਸੀ।

ਸਾਡੇ ਹਾਈਕੋਰਟ ਦੇ ਇੱਕ ਜੱਜ ਕਹਿੰਦੇ ਹਨ ਕਿ ਮੋਰ ਬ੍ਰਹਮਚਾਰੀ ਹੁੰਦਾ ਹੈ, ਜਿਸ ਦੇ ਹੰਜੂ ਪੀ ਕੇ ਮੋਰਣੀ ਅੰਡੇ ਦੇਂਦੀ ਹੈ।

ਅੰਧਵਿਸ਼ਵਾਸ ਸਿਰਫ਼ ਧਾਰਮਿਕ ਨਹੀਂ ਹੁੰਦੇ, ਅਧਾਰਮਿਕ ਵੀ ਹੁੰਦੇ ਹਨ।

ਜੇ ਕੋਈ ਕਿਸੇ ਸਿਆਸੀ ਪਾਰਟੀ ਦਾ ਅੰਧਸਮਰਥਕ ਹੈ ਜਾਂ ਕਿਸੇ ਦਾ ਅੰਧਵਿਰੋਧੀ ਹੈ, ਤਾਂ ਇਹ ਵੀ ਅੰਧਵਿਸ਼ਵਾਸ ਹੈ।

ਜੇ ਕੋਈ ਆਪਣੀ ਜਾਤਿ ਨੂੰ ਉੱਚਾ ਸਮਝਦਾ ਹੈ ਤਾਂ ਇਹ ਵੀ ਅੰਧਵਿਸ਼ਵਾਸ ਹੈ। ਜੇ ਕੋਈ ਕਿਸੇ ਹੋਰ ਜਾਤਿ ਨੂੰ ਦੁਸ਼ਮਣ ਸਮਝਦਾ ਹੈ ਤਾਂ ਇਹ ਵੀ ਅੰਧਵਿਸ਼ਵਾਸ ਹੈ।

ਲੋਕ ਜਿਸਨੂੰ ਬੁਰਾ ਸਮਝਦੇ ਹਨ, ਉਸ ਦੀ ਚੰਗਾਈ ਨਹੀਂ ਸੁਣ ਸਕਦੇ, ਤੇ ਜਿਸਨੂੰ ਚੰਗਾ ਸਮਝਦੇ ਹਨ, ਉਸ ਦੀ ਬੁਰਾਈ ਨਹੀਂ ਸੁਣ ਸਕਦੇ — ਇਹ ਵੀ ਅੰਧਵਿਸ਼ਵਾਸ ਹੈ।

ਜੇ ਕੋਈ ਚੰਗਾਈ ਤੇ ਸੱਚਾਈ ਦਾ ਅਰਥ ਜਾਣੇ ਬਿਨਾ ਆਪਣੇ ਆਪ ਨੂੰ ਚੰਗਾ-ਸੱਚਾ ਸਮਝਦਾ ਹੈ ਤਾਂ ਇਹ ਵੀ ਅੰਧਵਿਸ਼ਵਾਸ ਹੈ।

ਜੇ ਕੋਈ ਦੇਸ਼ਭਗਤੀ ਦਾ ਅਰਥ ਜਾਣੇ ਬਿਨਾ ਆਪਣੇ ਆਪ ਨੂੰ ਦੇਸ਼ਭਗਤ ਮੰਨਦਾ ਹੈ ਤਾਂ ਇਹ ਵੀ ਅੰਧਵਿਸ਼ਵਾਸ ਹੈ।ਸਾਡੇ ਅੰਧਵਿਸ਼ਵਾਸ ਸਾਡਾ ਮਾਨਸਿਕ ਤੇ ਵਿਅਕਤੀਗਤ ਵਿਕਾਸ ਰੋਕਦੇ ਹਨ।

ਸਾਡੀਆਂ ਤਰਕਹੀਣ ਧਾਰਣਾਵਾਂ, ਮੰਨਤਾਂ ਤੇ ਵਿਸ਼ਵਾਸ ਸਾਨੂੰ ਅੰਧਵਿਸ਼ਵਾਸੀ ਬਣਾਉਂਦੇ ਹਨ ਅਤੇ ਸਾਨੂੰ ਹਕੀਕਤ ਤੋਂ ਦੂਰ ਰੱਖਦੇ ਹਨ।

ਜ਼ਿੰਦਗੀ ਦੇ ਹਰ ਪੱਖ ਵਿਚ ਸਾਡੀ ਸੋਚ ਤਰਕਸ਼ੀਲ ਤੇ ਵਿਗਿਆਨਕ ਹੋਣੀ ਚਾਹੀਦੀ ਹੈ...

ਆਸਤਿਕ ਜਾਂ ਨਾਸਤਿਕ ਹੋਣ ਨਾਲੋਂ ਵਧੀਆ ਹੈ ਹਕੀਕਤੀ ਹੋਣਾ।

ਹਕੀਕਤੀ ਇਨਸਾਨ ਬਣ ਕੇ ਹੀ ਜੀਵਨ ਵਿਚ ਸੱਚੇ ਬਦਲਾਅ ਆ ਸਕਦੇ ਹਨ। ਸਿਰਫ਼ ਹਕੀਕਤੀ ਇਨਸਾਨ ਹੀ ਦੇਸ਼ ਤੇ ਸਮਾਜ ਵਿਚ ਅਸਲੀ ਬਦਲਾਅ ਲਿਆ ਸਕਦੇ ਹਨ।

ਹਕੀਕਤੀ ਇਨਸਾਨ ਬਣੋ...

— ਅਜੈ ਰਾਣਾ

# ਕਰਮਕਾਂਡ ਅਤੇ ਫੋਕਟ ਕਰਮ



**ਅਵਤਾਰ ਸਿੰਘ**
**ਫੋਨ: 94175-18384**

ਅੱਜ-ਕਲ੍ਹ ਹਰ ਤਰ੍ਹਾਂ ਦੇ ਧਰਮ-ਕਰਮ ਨੂੰ ਕਰਮ-ਕਾਂਡ ਕਹਿ ਕੇ ਭੰਡਣ ਦਾ ਰਿਵਾਜ ਹੈ। ਕਈ ਲੋਕ ਅਜਿਹੇ ਹਨ, ਜਿਨ੍ਹਾਂ ਦੇ ਸਾਹਮਣੇ ਤੀਰਥ, ਵਰਤ, ਦਾਨ, ਪੁੰਨ, ਜਪ, ਤਪ ਅਤੇ ਹਠ ਜਿਹੇ ਸ਼ਬਦ ਵਰਤ ਲਏ ਜਾਣ ਤਾਂ ਉਹ ਨੱਕ-ਬੁੱਲ੍ਹ ਚੜ੍ਹਾਉਣ ਲੱਗ ਪੈਂਦੇ ਹਨ ਕਿ ਇਹ ਤਾਂ ਹਿੰਦੂ ਕਰਮਕਾਂਡ ਹੈ। ਫਿਰ ਉਪਦੇਸ਼ ਦੇਣ ਲੱਗ ਪੈਂਦੇ ਹਨ ਕਿ ਗੁਰਮਤਿ ਇਨ੍ਹਾਂ ਨੂੰ ਨਹੀਂ ਮੰਨਦੀ।


ਇਨ੍ਹਾਂ ਲੋਕਾਂ ਨੇ ਹਿੰਦੂ ਧਰਮ ਬਾਰੇ ਆਪਣੀ ਰਾਏ ਪ੍ਰਚਾਰਕਾਂ ਨੂੰ ਸੁਣ ਕੇ ਬਣਾਈ ਹੁੰਦੀ ਹੈ। ਉਹ ਭੁੱਲ ਜਾਂਦੇ ਹਨ ਕਿ ਪ੍ਰਚਾਰਕਾਂ ਦਾ ਕੰਮ ਆਪਣੇ ਧਰਮ ਦੀਆਂ ਸਿਫਤਾਂ ਕਰਕੇ ਆਪਣੇ ਧਰਮ ਦੇ ਲੋਕਾਂ ਨੂੰ ਖੁਸ਼ ਕਰਕੇ ਉਨ੍ਹਾਂ ਦੀਆਂ ਜੇਬਾਂ ਕਤਰਨੀਆਂ ਹੁੰਦਾ ਹੈ। ਮੇਰੀ ਨਜ਼ਰ ਵਿਚ ਧਰਮ ਦੇ ਪ੍ਰਚਾਰਕ ਜੇਬ ਕਤਰੇ ਹੁੰਦੇ ਹਨ। ਇਨ੍ਹਾਂ ਲਈ ਆਪਣੇ ਧਰਮ ਦੀ ਸਿਫਤ ਦਾ ਮਤਲਬ ਹੋਰ ਧਰਮਾਂ ਦੀ ਭੰਡੀ ਹੀ ਹੁੰਦਾ ਹੈ।

ਬੰਗਾਲ ਦੇ ਮਸ਼ਹੂਰ ਲੇਖਕ ਬੰਕਮ ਚੰਦਰ ਨੇ ਸੁਆਮੀ ਰਾਮਕ੍ਰਿਸ਼ਨ ਪਰਮਹੰਸ ਨੂੰ ਪੁੱਛਿਆ ਕਿ ਉਹ ਪ੍ਰਚਾਰ ਕਿਉਂ ਨਹੀਂ ਕਰਦੇ। ਸੁਆਮੀ ਜੀ ਹੱਸ ਕੇ ਕਹਿਣ ਲਗੇ, 'ਪ੍ਰਚਾਰ ਹੰਕਾਰ ਵਿਚੋਂ ਪੈਦਾ ਹੁੰਦਾ ਹੈ। ਮਨੁੱਖ ਦੀ ਕੀ ਹਸਤੀ ਹੈ ਕਿ ਉਹ ਪ੍ਰਚਾਰ ਕਰੇ। ਪ੍ਰਚਾਰ ਤਾਂ ਪ੍ਰਭੂ ਦਾ ਕੰਮ ਹੈ, ਜਿਸਨੇ ਚੰਨ ਸੂਰਜ ਬਣਾਏ ਤੇ ਸਾਰੇ ਬ੍ਰਹਿਮੰਡ ਦਾ ਨਿਰਮਾਣ ਕੀਤਾ ਹੈ। ਪ੍ਰਚਾਰ ਕਿਤੇ ਸੌਖਾ ਕੰਮ ਹੈ? ਪ੍ਰਚਾਰ ਉਹੀ ਕਰ ਸਕਦਾ ਹੈ, ਜਿਹੜਾ ਪ੍ਰਭੂ ਨੂੰ ਪਾ ਲਵੇ ਤੇ ਜਿਸਨੂੰ ਪ੍ਰਭੂ ਆਪ ਪ੍ਰਚਾਰਕ ਥਾਪ ਦੇਵੇ।'

ਸੁਆਮੀ ਜੀ ਦੀ ਗੱਲ ਨੂੰ ਥੋੜਾ ਜਿਹਾ ਹੋਰ ਵਧਾਇਆ ਜਾ ਸਕਦਾ ਹੈ। ਜਿਵੇਂ ਪ੍ਰਭੂ ਨੇ ਗੁਰੂ ਸਾਹਿਬਾਨ ਨੂੰ ਆਪ ਪ੍ਰਚਾਰਕ ਥਾਪਿਆ ਤੇ ਗੁਰੂ ਸਾਹਿਬਾਨ ਨੇ ਆਪ ਅਨੇਕ ਸਿਖਾਂ ਨੂੰ ਪ੍ਰਚਾਰ ਲਈ ਕਿਹਾ। ਉਹ ਪ੍ਰਚਾਰਕ ਜਦ ਪ੍ਰਚਾਰ ਦੇ ਨਾਂ 'ਤੇ ਧੰਦਾ ਕਰਨ ਲੱਗ ਪਏ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਦਾ ਜੋ ਹਸ਼ਰ ਕੀਤਾ, ਉਹ ਸ੍ਰੀ ਅਨੰਦਪੁਰ ਸਾਹਿਬ ਦਾ ਖੂਹ ਦੱਸਦਾ ਹੈ। ਗੁਰੂ ਨੇ ਇਨ੍ਹਾਂ ਪ੍ਰਚਾਰਕਾਂ ਨੂੰ ਮਸੰਦ ਕਿਹਾ ਸੀ, ਜਿਸਦਾ ਅਰਥ ਸੀ, ਜਿਸਨੂੰ ਪ੍ਰਚਾਰ ਦੀ ਜ਼ਿੰਮੇਵਾਰੀ ਦਿਤੀ ਗਈ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਅੱਗੇ ਤੋਂ ਮਸੰਦ ਪ੍ਰਥਾ ਬੰਦ ਹੀ ਕਰ ਦਿਤੀ ਤੇ ਆਪਣੇ ਸਿਖਾਂ ਨੂੰ ਕਿਹਾ ਕਿ ਉਹ ਮਸੰਦਾਂ ਦਾ ਮੂੰਹ ਨਾ ਦੇਖਣ। ਅੱਜ ਸਿੱਖਾਂ ਵਿਚ ਮਸੰਦ ਸ਼ਬਦ ਇਕ ਬੇਹੱਦ ਬੁਰੀ ਗਾਲ ਸਮਝੀ ਜਾਂਦੀ ਹੈ। ਇਸੇ ਲਈ ਹੁਣ ਮਸੰਦ ਲੋਕ ਆਪਣੇ ਆਪ ਨੂੰ ਪ੍ਰਚਾਰਕ ਕਹਿਣ ਲੱਗ ਪਏ ਹਨ।

ਕਹਿੰਦੇ ਹਨ ਇਤਿਹਾਸ ਅਤੇ ਹਿਸਾਬ ਦੀ ਤਰ੍ਹਾਂ ਧਰਮ ਪੜ੍ਹਾਇਆ ਨਹੀਂ ਜਾ ਸਕਦਾ। ਇਹ ਤਾਂ ਪ੍ਰਕਾਸ਼ ਦੀ ਤਰ੍ਹਾਂ ਹੁੰਦਾ ਹੈ। ਪ੍ਰਕਾਸ਼ ਦਾ ਹਰ ਸੋਮਾ ਪ੍ਰਕਾਸ਼ ਕਰਦਾ ਹੈ, ਪ੍ਰਕਾਸ਼ ਦਾ ਪ੍ਰਚਾਰ ਨਹੀਂ ਕਰਦਾ। ਇਸੇ ਤਰ੍ਹਾਂ ਧਰਮੀ ਲੋਕ ਧਰਮ ਨਿਭਾਉਂਦੇ ਹਨ, ਪ੍ਰਚਾਰ ਨਹੀਂ ਕਰਦੇ। ਇਸਦੇ ਉਲਟ ਪ੍ਰਚਾਰਕ ਸਿਰਫ ਪ੍ਰਚਾਰ ਕਰਦੇ ਹਨ, ਧਰਮ-ਕਰਮ ਨਹੀਂ ਕਰਦੇ। ਇਨ੍ਹਾਂ ਲਈ ਪ੍ਰਚਾਰ ਦਾ ਅਰਥ ਵੀ ਬਸ ਇਹੀ ਹੁੰਦਾ ਹੈ ਕਿ ਦੂਜੇ ਦੇ ਧਰਮ ਦੀ ਭੰਡੀ ਕਰਕੇ ਆਪਣੇ ਲੋਕਾਂ ਨੂੰ ਖੁਸ਼ ਕਰਨਾ ਤੇ ਉਨ੍ਹਾਂ ਦੀਆਂ ਜੇਬਾਂ ਕਤਰਨੀਆਂ।

ਬਹੁਤੇ ਸਿਖ ਪ੍ਰਚਾਰਕ ਹਮੇਸ਼ਾ ਹਿੰਦੂ ਧਰਮ ਨੂੰ ਭੰਡਣ ਲੱਗੇ ਰਹਿੰਦੇ ਹਨ ਕਿ ਹਿੰਦੂ ਧਰਮ ਤਾਂ ਨਿਰਾ ਕਰਮ-ਕਾਂਡ ਹੈ ਤੇ ਕਰਮ-ਕਾਂਡ ਬਹੁਤ ਬੁਰਾ ਹੁੰਦਾ ਹੈ। ਜੇ ਉਨ੍ਹਾਂ ਨੂੰ ਕੋਈ ਸਿਖਾਂ ਦੇ ਕਰਮਕਾਂਡ ਬਾਰੇ ਦੱਸੇ ਤਾਂ ਕਹਿਣ ਲਗ ਪੈਂਦੇ ਹਨ ਕਿ ਨਹੀਂ-ਨਹੀਂ ਇਹ ਕਰਮਕਾਂਡ ਨਹੀਂ ਹੈ। ਕਈ ਅਜਿਹੇ ਵੀ ਹਨ, ਜਿਹੜੇ ਸਿਖਾਂ ਦੇ ਕਰਮ-ਕਾਂਡ ਨੂੰ ਵੀ ਭੰਡਣ ਲਗ ਪਏ ਹਨ। ਇਸ ਹਾਲਤ ਵਿਚ ਦੇਖਣਾ ਬਣਦਾ ਹੈ ਕਿ ਅਸਲ ਵਿਚ ਕਰਮਕਾਂਡ ਹੈ ਕੀ?




ਸਿਆਣੇ ਹਿੰਦੂ ਆਪਣੇ-ਆਪ ਨੂੰ ਹਿੰਦੂ ਕਹਿਣ 'ਤੇ ਬੁਰਾ ਮਨਾਉਂਦੇ ਹਨ। ਉਹ ਸਮਝਦੇ ਹਨ ਕਿ ਉਹ ਸਨਾਤਨ ਧਰਮੀ ਹਨ ਤੇ ਸਨਾਤਨ ਦਾ ਅਰਥ ਉਹ ਸੱਚ ਕਰਦੇ ਹਨ। ਅਜਿਹਾ ਸੱਚ ਜੋ ਹਮੇਸ਼ਾ ਅਤੇ ਹਰ ਥਾਂ ਮੌਜੂਦ ਹੈ। ਉਨ੍ਹਾਂ ਮੁਤਾਬਕ ਜਿਹੜਾ ਵੀ ਅਜਿਹੇ ਸੱਚ ਦਾ ਉਪਾਸ਼ਕ ਹੈ ਉਹ ਸਨਾਤਨ ਧਰਮੀ ਹੈ।

ਸਨਾਤਨ ਧਰਮ ਦੇ ਚਾਰ ਗ੍ਰੰਥ ਹਨ, ਜਿਨ੍ਹਾਂ ਨੂੰ ਵੇਦ ਕਿਹਾ ਜਾਂਦਾ ਹੈ। ਇਨ੍ਹਾਂ ਵੇਦਾਂ ਦੇ ਦੋ ਭਾਗ ਹਨ ਤੇ ਭਾਗ ਨੂੰ ਕਾਂਡ ਕਿਹਾ ਜਾਂਦਾ ਹੈ। ਵੇਦਾਂ ਦੇ ਪਹਿਲੇ ਕਾਂਡ ਵਿਚ ਧਰਮ ਦੇ ਕਰਮ ਦੱਸੇ ਗਏ ਹਨ। ਇਸ ਕਰਕੇ ਇਸਨੂੰ ਕਰਮਕਾਂਡ ਕਿਹਾ ਜਾਂਦਾ ਹੈ। ਦੂਸਰੇ ਕਾਂਡ ਵਿਚ ਧਰਮ ਦਾ ਗਿਆਨ ਦੱਸਿਆ ਗਿਆ ਹੈ। ਇਸ ਲਈ ਵੇਦਾਂ ਦੇ ਇਸ ਕਾਂਡ ਨੂੰ ਗਿਆਨਕਾਂਡ ਕਿਹਾ ਜਾਂਦਾ ਹੈ।

ਕਰਮਕਾਂਡ ਵਿਚ ਦੱਸਿਆ ਗਿਆ ਹੈ ਕਿ ਯੱਗ ਕਾਹਦੇ ਲਈ, ਕਦੋਂ, ਕਿਥੇ ਅਤੇ ਕਿਸਤਰ੍ਹਾਂ ਕਰਨਾ ਹੈ। ਇਸ ਵਿਚ ਹਰ ਮਨੋਰਥ ਦੇ ਯੱਗ ਦੀ ਵਿਧੀ ਵੱਖਰੀ ਦੱਸੀ ਗਈ ਹੈ। ਕਹਿੰਦੇ ਹਨ ਕਰਮਕਾਂਡ ਦੀ ਭਾਸ਼ਾ ਅੱਖਰੀ ਗਿਆਨ ਨਹੀਂ ਹੈ, ਬਲਕਿ ਪ੍ਰਤੀਕ ਗਿਆਨ ਹੈ। ਜਿਹੜੇ ਲੋਕ ਇਸ ਪ੍ਰਤੀਕ ਗਿਆਨ ਨੂੰ ਅੱਖਰੀ ਗਿਆਨ ਦੇ ਹਵਾਲੇ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਨ, ਉਹ ਇਸਨੂੰ ਸਮਝਣ ਵਿਚ ਅਸਮਰੱਥ ਰਹਿੰਦੇ ਹਨ ਤੇ ਆਪਣੀ ਇਸ ਅਸਮਰੱਥਾ 'ਤੇ ਹੱਸਣ ਦੀ ਬਜਾਏ ਕਰਮਕਾਂਡ 'ਤੇ ਹੱਸਣ ਲੱਗ ਪੈਂਦੇ ਹਨ।

ਸ੍ਰੀ ਅਰਬਿੰਦੋ ਨੇ ਆਪਣੀ ਪੁਸਤਕ 'ਦਾ ਸੀਕ੍ਰਿਟ ਆਫ ਦਾ ਵੇਦ' ਦੇ ਪਹਿਲੇ ਅਧਿਆਇ 'ਦਾ ਪ੍ਰੋਬਲਮ ਐਂਡ ਇਟਸ ਸਲਿਊਸ਼ਨ' ਵਿਚ ਦੱਸਿਆ ਹੈ-ਵੇਦ ਦੇ ਕਰਮਕਾਂਡ ਵਿਚ ਉਹ ਗਿਆਨ ਹੈ, ਜਿਸਨੂੰ ਅੱਖਰੀ ਭਾਸ਼ਾ ਦੀ ਬਜਾਏ ਪ੍ਰਤੀਕ ਦੀ ਭਾਸ਼ਾ ਵਿਚ ਪੇਸ਼ ਕੀਤਾ ਗਿਆ ਹੈ। ਪ੍ਰਤੀਕ ਬਾਰੇ ਵਿਦਵਾਨਾਂ ਦਾ ਮਤ ਹੈ ਕਿ ਪ੍ਰਤੀਕ ਤੋਂ ਘਬਰਾਉਣਾ ਨਹੀਂ ਚਾਹੀਦਾ ਕਿ ਇਹ ਸਾਨੂੰ ਗੁਮਰਾਹ ਨਾ ਕਰ ਦੇਣ। ਬਲਕਿ ਇਹ ਪ੍ਰਤੀਕ ਹੀ ਹਨ, ਜੋ ਸਾਨੂੰ ਸੱਚ ਦੇ ਨੇੜੇ ਲੈ ਜਾਂਦੇ ਹਨ। ਇਸ ਕਰ ਕੇ ਸ੍ਰੀ ਅਰਬਿੰਦੋ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਵੇਦ ਦੇ ਕਰਮਕਾਂਡ ਵਿਚ ਅਸਲ ਵਿਚ ਉਪਨਿਸ਼ਦ ਵਾਲਾ ਗਿਆਨ ਹੀ ਹੈ। ਫਰਕ ਸਿਰਫ ਏਨਾ ਹੈ ਕਿ ਉਪਨਿਸ਼ਦ ਵਿਚ ਅਖਰਾਂ ਰਾਹੀਂ ਕੁੱਝ ਦੱਸਿਆ ਹੈ ਤੇ ਕਰਮਕਾਂਡ ਵਿਚ ਪ੍ਰਤੀਕਾਂ ਰਾਹੀਂ ਕੁਝ ਸਮਝਾਇਆ ਗਿਆ ਹੈ। ਐਨੂ ਉਸੇ ਤਰ੍ਹਾਂ ਜਿਸ ਤਰ੍ਹਾਂ ਜਿਹੜਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੱਖਰਾਂ ਰਾਹੀਂ ਦਿਤਾ ਗਿਆ ਹੈ, ਉਸੇ ਗਿਆਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੀਕਾਂ ਵਿਚ ਲਪੇਟ ਕੇ ਸਿਖਾਂ ਦੇ ਅੰਗਸੰਗ ਕਰ ਦਿਤਾ। ਇਸ ਹਿਸਾਬ ਨਾਲ ਕਰਮਕਾਂਡ ਤੇ ਗਿਆਨਕਾਂਡ ਇਕ ਹੀ ਗੱਲ ਹੈ।

ਪਰ ਜਿਸ ਕਰਮ ਨੂੰ ਭੰਡਿਆ ਗਿਆ ਹੈ ਉਹ ਅਸਲ ਵਿਚ ਫੋਕਟ ਕਰਮ ਹੈ, ਕਰਮਕਾਂਡ ਨਹੀਂ। ਫੋਕਟ ਕਰਮ ਅਜਿਹਾ ਕਰਮ ਹੈ, ਜੋ ਸਿਰਫ ਦਿਖਾਵੇ ਮਾਤਰ ਹੈ ਤੇ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਣ ਲਈ ਕੀਤਾ ਜਾਂਦਾ ਹੈ। ਅਜਿਹੇ ਫੋਕਟ ਕਰਮ ਦੀ ਹਰ ਕੋਈ ਨਿੰਦਿਆ ਕਰਦਾ ਹੈ। ਵਿਦਵਾਨਾਂ ਨੂੰ ਇਹ ਫਰਕ ਕਰਨਾ ਚਾਹੀਦਾ ਹੈ ਕਿ ਵੇਦ ਦਾ ਮੁਢਲਾ ਹਿੱਸਾ ਕਰਮਕਾਂਡ ਹੈ, ਫੋਕਟ ਕਰਮ ਨਹੀਂ।

# ਕੀ ਘਰ ਦੇ ਕੰਮ ਕਰਨ ਵਾਲਾ ਬੰਦਾ ਬਣ ਜਾਂਦਾ ਹੈ ਜੋਰੂ ਦਾ ਗੁਲਾਮ?



**ਸੁਰਜੀਤ ਸਿੰਘ ਫਲੋਰਾ**

ਜੇਕਰ ਖਾਣਾ ਪਕਾਉਣਾ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਮਰਦਾਂ ਨੂੰ 'ਨੀਵਾਂ' ਬਣਾ ਦਿੰਦਾ ਹੈ, ਤਾਂ ਉਨ੍ਹਾਂ ਔਰਤਾਂ ਦਾ ਕੀ, ਜੋ ਰੋਜ਼ਾਨਾ ਇਹ ਕਾਰਜ ਕਰਦੀਆਂ ਹਨ। ਸਵੇਰ ਦੇ ਚਾਹ ਪਾਣੀ ਤੋਂ ਲੈ ਕੇ, ਰੋਟੀ ਟੁੱਕ ਫਿਰ ਕੱਪੜੇ ਧੋਣੇ, ਘਰ ਦੀ ਸਫ਼ਾਈ, ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨਾ, ਉਨ੍ਹਾਂ ਦੇ ਖਾਣੇ ਦੇ ਡੱਬੇ ਤਿਆਰ ਕਰਦੀਆਂ ਹਨ, ਘਰਾਂ ਵਿਚ ਬਜ਼ੁਰਗਾਂ ਦੀ ਦੇਖਭਾਲ ਕਰਦੀਆਂ ਹਨ।

ਪਿਛਲੇ ਦਿਨੀਂ ਇੱਕ ਆਦਮੀ ਦੀ ਟਿਕਟੌਕ 'ਤੇ ਆਪਣੇ ਮੋਢੇ ਲਾਏ ਕੁਝ ਮਹੀਨਿਆਂ ਦੇ ਬੱਚੇ ਅਤੇ ਦੋ ਹੋਰ ਬੱਚਿਆਂ ਨੂੰ ਸਕੂਲ ਦੇ ਬਸਤੇ ਫੜੀ ਸਕੂਲ ਛੱਡਣ ਜਾਣ ਦੀ ਵੀਡੀਓ ਚੱਲ ਰਹੀ ਸੀ, ਜਿਸ 'ਤੇ ਲੋਕਾਂ ਨੇ ਆਪੋ-ਆਪਣੀਆਂ ਤੰਗਦਿਲੀ ਵਾਲੀਆਂ ਟਿੱਪਣੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਵੇਂ ਕਿ ਜੋਰੂ ਦਾ ਗੁਲਾਮ, ਉਹ ਲਗਦਾ ਔਰਤ ਨੇ ਸਿਰਫ ਇਸ ਨਾਲ ਪੈਸੇ ਲਈ ਵਿਆਹ ਕਰਵਾਇਆ, ਲੱਲੂ ਹੀ ਲਗਦਾ, ਹੋਰ ਪਤਾ ਨਹੀਂ ਕੀ-ਕੀ ਆਪਣੇ ਮਨਾਂ ਦੀ ਭੜਾਸ ਕੱਢਣ ਲਈ ਉਨ੍ਹਾਂ ਲਿਖਿਆ। ਰੱਬ ਹੀ ਬਚਾਵੇ ਇਨ੍ਹਾਂ ਮਰਦ ਪ੍ਰਧਾਨ ਸੋਚ ਰੱਖਣ ਵਾਲਿਆਂ ਤੋਂ।

ਕੀ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਵਾਲਾ ਆਦਮੀ ਕਮਜ਼ੋਰ ਅਤੇ ਲਾਚਾਰ ਹੁੰਦਾ ਹੈ? ਆਪਣੇ ਬੇਤੁਕੇ ਜਵਾਬ ਵਿਚ ਲੋਕਾਂ ਦੀਆਂ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਉਸ ਆਦਮੀ ਨੇ ਲਿਖਿਆ, 'ਆਪਣੇ ਬੱਚਿਆਂ ਦੀ ਪਰਵਰਿਸ਼ ਕਰਨ ਜਾਂ ਆਪਣੀ ਪਤਨੀ ਨੂੰ ਬੱਚਿਆਂ ਦੀ ਪਰਵਰਿਸ਼ ਕਰਨ ਵਿਚ ਮਦਦ ਕਰਨ ਦਾ ਮਤਲਬ ਇਹ ਹੈ ਕਿ ਮੈਂ ਜੋਰੂ ਦਾ ਗੁਲਾਮ ਬਣ ਗਿਆ ਹਾਂ ਤਾਂ ਚਲੋ ਇਹ ਹੀ ਠੀਕ ਹੈ। ਮੈਂ ਉਸ ਦੇ ਦਬਾਅ ਵਿਚ ਰਹਿੰਦਾ ਹਾਂ ਚਲੋ ਇਹ ਵੀ ਠੀਕ ਹੈ ਮੈਨੂੰ ਇਹ ਵੀ ਕਬੂਲ ਹੈ।

ਕੀ ਤੁਸੀਂ ਕਦੇ ਸੋਚਿਆ ਮਦਦ ਕਰਨ ਦਾ ਅਸਲ ਭਾਵ ਕੀ ਹੁੰਦਾ ਹੈ? 'ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਆਦਮੀ ਘਰ ਵਿਚ 'ਮਦਦ' ਕਰ ਰਿਹਾ ਹੈ, ਤਾਂ ਅਸੀਂ ਮਾਲਕੀ ਦਾ ਐਲਾਨ ਕਰ ਰਹੇ ਹਾਂ, ਮਰਦ ਪ੍ਰਧਾਨ ਹੋਣ ਦੀ ਗੱਲ ਕਰਦੇ ਹਾਂ। ਅਸੀਂ ਕਹਿ ਰਹੇ ਹਾਂ ਕਿ ਘਰ ਉਸਦਾ ਹੈ। ਬੱਚੇ ਉਸਦੇ ਹਨ। ਅਸਲ ਵਿਚ ਜਦੋਂ ਉਹ ਘਰ ਦੇ ਕੰਮਾਂ ਵਿਚ ਹਿੱਸਾ ਲੈਂਦਾ ਹੈ, ਤਾਂ ਉਹ ਆਪਣੀ ਪਤਨੀ 'ਤੇ ਇੱਕ ਅਹਿਸਾਨ, ਮਦਦ ਨਹੀਂ ਕਰ ਰਿਹਾ ਹੁੰਦਾ, ਜਦ ਕਿ ਉਹ ਘਰ ਦੇ ਕੰਮਾਂ ਵਿਚ ਆਪਣੀ ਪਤਨੀ ਨਾਲ ਰਲ ਮਿਲ ਕੇ ਹੱਥ ਵਟਾ ਕੇ ਫਰਜ਼ਾਂ ਵਿਚ ਸਹਾਇਤਾ ਕਰ ਰਿਹਾ ਹੁੰਦਾ ਹੈ।

ਬੰਦਾ ਇਹ ਕਿਉਂ ਨਹੀਂ ਸੋਚਦਾ ਕਿ ਜਿੰਨਾ ਘਰ ਅਤੇ ਹਰ ਚੀਜ਼ 'ਤੇ ਬੰਦੇ ਦਾ ਹੱਕ ਹੈ ਉਨਾ ਹੀ ਔਰਤ ਦਾ ਵੀ ਹੈ। ਜੋ ਮਰਦ ਆਪਣੇ ਪਰਿਵਾਰਾਂ ਲਈ ਖਾਣਾ ਪਕਾਉਂਦੇ ਹਨ, ਆਪਣੇ ਬੱਚਿਆਂ ਨੂੰ ਚੁੱਕਦੇ ਹਨ, ਆਪਣੇ ਘਰ ਸਾਫ਼ ਕਰਦੇ ਹਨ, ਉਨ੍ਹਾਂ ਨੂੰ ਲਗਾਤਾਰ ਮਜ਼ਾਕ ਤੇ ਬੇਇੱਜ਼ਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਆਏ ਗਏ ਰਿਸ਼ਤੇਦਾਰਾਂ ਸਾਹਮਣੇ ਸ਼ਰਮਿੰਦਾ ਹੋਣਾ ਪੈਂਦਾ ਹੈ, ਉਹ ਬਾਹਰ ਜਾ ਕੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੂੰ 'ਕਾਬੂ' ਕੀਤਾ ਗਿਆ ਹੈ, ਉਹ ਲਾਚਾਰ ਹਨ, ਜੋਰੂ ਦੇ ਗੁਲਾਮ ਹਨ, ਕਿ ਉਹ 'ਅਸਲੀ ਮਰਦ' ਨਹੀਂ ਹਨ। ਜਿਵੇਂ ਕਿ ਮਰਦਾਨਗੀ ਇੰਨੀ ਨਾਜ਼ੁਕ ਹੈ ਕਿ ਕੱਪੜੇ ਧੋਣ, ਘਰ ਵਿਚ ਖਾਣਾ ਬਣਾਉਣ, ਘਰ ਦੀ ਸਾਫ਼-ਸਫ਼ਾਈ ਅਤੇ ਬੱਚਿਆਂ ਨੂੰ ਸਕੂਲੋਂ ਛੱਡਣ ਅਤੇ ਚੁਕਣ ਨਾਲ ਟੁੱਟ ਜਾਂਦੀ ਹੈ।



ਅਸੀਂ ਇੱਕ ਅਜਿਹੀ ਬਦਤਰ, ਬੁਰੀ ਸਥਿਤੀ ਪੈਦਾ ਕੀਤੀ ਹੈ ਜਿੱਥੇ ਮਰਦਾਂ ਨੂੰ ਇੱਕੋ ਸਮੇਂ ਉਸੇ ਕਾਰਵਾਈ ਲਈ ਪ੍ਰਸ਼ੰਸਾ ਅਤੇ ਸਜ਼ਾ ਦਿੱਤੀ ਜਾਂਦੀ ਹੈ। ਜਦੋਂ ਕੋਈ ਆਦਮੀ ਆਪਣੇ ਬੱਚਿਆਂ ਦੇ ਡਾਇਪਰ ਬਦਲਦਾ ਹੈ, ਤਾਂ ਅਸੀਂ ਉਸਦੀ ਮਰਦਾਨਗੀ 'ਤੇ ਸਵਾਲ ਉਠਾਉਂਦੇ ਹੋਏ ਉਸਨੂੰ ਜੋਰੂ ਦਾ ਗੁਲਾਮ ਕਹਿੰਦੇ ਹਾਂ।

'ਮਦਦ' ਸ਼ਬਦ ਦਾ ਅਰਥ ਹੈ ਕਿ ਕੰਮ ਕਿਸੇ ਹੋਰ ਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਪਿਤਾ ਆਪਣੇ ਬੱਚਿਆਂ ਦੀ ਮਦਦ ਕਰ ਰਿਹਾ ਹੈ, ਤਾਂ ਅਸੀਂ ਕਹਿ ਰਹੇ ਹਾਂ ਕਿ ਉਹ ਬੱਚੇ ਉਨ੍ਹਾਂ ਦੀ ਮਾਂ ਦੇ ਹਨ। ਅਸੀਂ ਉਨ੍ਹਾਂ ਛੋਟੇ ਮਨੁੱਖਾਂ ਵਿਚ ਉਸਦੀ ਬਰਾਬਰ ਹਿੱਸੇਦਾਰੀ ਨੂੰ ਮਿਟਾ ਰਹੇ ਹਾਂ ਜਿਨ੍ਹਾਂ ਨੂੰ ਉਸਨੇ ਬਣਾਉਣ ਵਿਚ ਮਦਦ ਕੀਤੀ ਸੀ। ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਪਤੀ ਘਰ ਦੇ ਆਲੇ-ਦੁਆਲੇ ਮਦਦ ਕਰ ਰਿਹਾ ਹੈ, ਤਾਂ ਅਸੀਂ ਘਰ ਨੂੰ ਇੱਕ ਔਰਤ ਦੀ ਜਾਗੀਰ ਵਜੋਂ ਘੋਸ਼ਿਤ ਕਰ ਰਹੇ ਹਾਂ ਜਿੱਥੇ ਉਹ ਸਿਰਫ਼ ਇੱਕ ਮਹਿਮਾਨ ਕਰਮਚਾਰੀ ਹੈ।

ਇਹ ਭਾਸ਼ਾ ਬਹੁਤ ਕੁਝ ਬਦਲ ਦਿੰਦੀ ਹੈ। ਇਸ ਟਿਕਟੌਕ ਵਾਲੇ ਆਦਮੀ ਨੇ ਵੀ ਜਦ ਜਵਾਬ ਵਿਚ ਟਿੱਪਣੀ ਕੀਤੀ ਤਾਂ 'ਆਪਣੀ ਪਤਨੀ ਦੀ ਮਦਦ ਕਰਨ' ਵਜੋਂ ਪੇਸ਼ ਕੀਤਾ। ਇਹ ਟਿੱਪਣੀ ਇੰਨੀ ਡੂੰਘੀ ਹੈ ਜੋ ਸਾਨੂੰ ਸੋਚਣ ਲਈ ਮਜਬੂਰ ਕਰ ਦਿੰਦੀ ਹੈ: ਜਦੋਂ ਅਸੀਂ ਮਰਦਾਂ ਨੂੰ ਘਰੇਲੂ ਕੰਮ ਕਰਨ ਲਈ ਟਰੋਲ ਕਰਦੇ ਹਾਂ, ਜਦੋਂ ਅਸੀਂ ਉਨ੍ਹਾਂ ਦਾ ਬੱਚਿਆਂ ਨੂੰ ਚੁੱਕਣ ਲਈ ਮਜ਼ਾਕ ਉਡਾਉਂਦੇ ਹਾਂ, ਤਾਂ ਅਸੀਂ ਇਹ ਪ੍ਰਗਟ ਕਰ ਰਹੇ ਹਾਂ ਕਿ ਅਸੀਂ ਔਰਤਾਂ ਦੇ ਕੰਮਾਂ ਬਾਰੇ ਕਿੰਨਾ ਘੱਟ ਸੋਚਦੇ ਹਾਂ। ਉਸ ਦੇ ਹਰ ਦਿਨ ਦੀ ਹੱਡ ਤੋੜਵੀਂ ਘਾਲਣਾ ਦਾ ਕੋਈ ਮੁੱਲ ਹੀ ਨਹੀਂ ਪਾ ਰਿਹਾ, ਜੇ ਇਹ ਕੰਮ ਇੰਨਾ ਅਰਥਹੀਣ ਹੈ, ਅਸਲ ਮਰਦਾਂ ਦੇ ਮੁਕਾਬਲੇ ਤੋਂ ਘੱਟ, ਤਾਂ ਇਹ ਉਨ੍ਹਾਂ ਔਰਤਾਂ ਬਾਰੇ ਕੀ ਕਹਿੰਦੇ ਹਨ ਜੋ ਇਹ ਰੋਜ਼ਾਨਾ ਕਰਦੀਆਂ ਹਨ? ਮਜ਼ਾਕ ਦੋਵਾਂ ਤਰੀਕਿਆਂ ਨਾਲ ਗਲਤ ਹੈ।

ਇਸ ਗੱਲ 'ਤੇ ਵਿਚਾਰ ਕਰੋ ਕਿ ਅਸੀਂ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ। ਜਦੋਂ ਇੱਕ ਕੁੜੀ ਆਪਣੀ ਮਾਂ ਨੂੰ ਸਭ ਕੁਝ ਕਰਦੇ ਦੇਖਦੀ ਹੈ - ਜਦੋਂ ਕਿ ਉਸਦੇ ਪਿਤਾ ਨੂੰ ਕੁਝ ਵੀ ਨਾ ਕਰਨ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ ਸਿਰਫ਼ ਇਸ ਲਈ ਕਿ ਉਹ ਮਰਦ ਹੈ, ਤਾਂ ਉਹ ਕੀ ਸਿੱਖ ਰਹੀ ਹੈ?

ਜਦੋਂ ਇੱਕ ਮੁੰਡਾ ਆਪਣੇ ਪਿਤਾ ਦੀ ਭਾਗੀਦਾਰੀ ਦਾ ਮਜ਼ਾਕ ਉਡਦੇ ਹੋਏ ਦੇਖਦਾ ਹੈ, ਤਾਂ ਉਹ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਕੀ ਸਿੱਖ ਰਿਹਾ ਹੈ? ਅਸੀਂ ਇਨ੍ਹਾਂ ਪੈਟਰਨਾਂ ਨੂੰ ਦੁਹਰਾਉਣ ਲਈ ਇੱਕ ਹੋਰ ਪੀੜ੍ਹੀ ਪੈਦਾ ਕਰ ਰਹੇ ਹਾਂ। ਜੋ ਉਹੀ ਦੁਹਰਾਏਗੀ ਜੋ ਉਹ ਦੇਖੇਗੀ।

ਜਦੋਂ ਕੋਈ ਆਦਮੀ ਆਪਣੇ ਪਰਿਵਾਰ ਲਈ ਰਾਤ ਦਾ ਖਾਣਾ ਤਿਆਰ ਕਰਦਾ ਹੈ, ਤਾਂ ਉਹ ਮਦਦ ਨਹੀਂ ਕਰ ਰਿਹਾ ਹੁੰਦਾ, ਉਹ ਪਰਿਵਾਰ ਲਈ ਖਾਣਾ ਬਣਾ ਰਿਹਾ ਹੁੰਦਾ ਹੈ। ਜਦੋਂ ਉਹ ਆਪਣੇ ਬੱਚਿਆਂ ਨੂੰ ਸਕੂਲ ਲੈ ਜਾਂਦਾ ਹੈ, ਤਾਂ ਉਹ ਮਦਦ ਨਹੀਂ ਕਰ ਰਿਹਾ ਹੁੰਦਾ, ਉਹ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰ ਰਿਹਾ ਹੁੰਦਾ ਹੈ। ਜਦੋਂ ਉਹ ਆਪਣਾ ਘਰ ਸਾਫ਼ ਕਰਦਾ ਹੈ, ਤਾਂ ਉਹ ਮਦਦ ਨਹੀਂ ਕਰ ਰਿਹਾ ਹੁੰਦਾ, ਉਹ ਆਪਣੀ ਰਹਿਣ-ਸਹਿਣ ਦੀ ਜਗ੍ਹਾ ਨੂੰ ਸਾਫ਼-ਸੁਥਰੀ ਬਣਾ ਕੇ ਰੱਖ ਰਿਹਾ ਹੁੰਦਾ ਹੈ। ਇਹ ਕੋਈ ਅਹਿਸਾਨ ਨਹੀਂ ਹਨ। ਬੱਚਿਆਂ ਨੂੰ ਚੁੱਕਣ ਅਤੇ ਖਾਣਾ ਪਕਾਉਣ ਲਈ ਔਨਲਾਈਨ ਮਜ਼ਾਕ ਦਾ ਕਾਰਨ ਬਣ ਰਹੇ ਮਰਦ ਅਸਲ ਵਿਚ ਕਮਜ਼ੋਰ ਜਾਂ ਜੋਰੂ ਦੇ ਗੁਲਾਮ ਨਹੀਂ ਹੁੰਦੇ। ਇਹ ਬੁਨਿਆਦੀ ਘਰੇਲੂ ਜ਼ਿੰਮੇਵਾਰੀਆਂ ਹਨ ਜੋ ਬਿਨਾ ਕਿਸੇ ਮਰਦ ਅਤੇ ਔਰਤ ਦੇ ਪੱਖਪਾਤ ਦੇ ਪ੍ਰਵਾਹ ਕੀਤੇ ਆਪਣੇ ਘਰ ਅਤੇ ਪਰਿਵਾਰ ਲਈ ਨਿਭਾਈਆਂ ਜਾਂਦੀਆਂ ਹਨ।

# ਮੈਨੂੰ ਸਾਂਭ ਲਓ ਵੇ ਲੋਕੋ!

ਹੁਣ ਤੇ ਅਖਬਾਰ ਵੀ ਪੁਰਾਣੇ ਬੁੱਢੇ ਬੁੱਢੀਆਂ ਵਾਂਗੂੰ ਤਰਲੇ ਮਾਰਦੀ ਆ। "ਵੇ ਔਤਰਿਓ ਮੈਨੂੰ ਪੜ੍ਹ ਲਓ ਵੇ, ਪੜ੍ਹ ਲਓ! ਵੇ ਮੈਂ ਗਈ, ਮੈਨੂੰ ਸਾਂਭ ਲਓ, ਮੈਨੂੰ ਆਪਣੇ ਘਰ ਵਾੜ ਲਓ, ਭਾਵੇਂ ਮੇਰੇ ਟੋਟੇ ਕਰ ਕਰ ਕੇ ਸ਼ਰਾਬ ਪੀ ਕੇ ਹੱਥ ਹੀ ਪੂੰਝਦੇ ਰਹੋ, ਭਾਵੇਂ ਪੋਣੇ ਦੀ ਜਗ੍ਹਾ ਮੇਰੇ 'ਚ ਰੋਟੀਆਂ ਹੀ ਪਾ ਲਿਓ, ਭਾਵੇਂ ਮੈਨੂੰ ਗੁੱਛੋ-ਮੁੱਛ ਕਰਕੇ ਮੇਰੇ ਨਾਲ ਟੇਬਲ ਹੀ ਸਾਫ ਕਰ ਲਿਓ, ਮੈਨੂੰ ਇੱਕ ਵਾਰੀ ਰੱਖ ਲਓ ਘਰ ਵਿਚ, ਹਾਏ। ਪਰ ਚੰਦਰਾ ਮੋਬਾਈਲ ਇਹਨੂੰ ਵੜਨ ਦਿੰਦਾ ਘਰ 'ਚ? ਪ੍ਰਵਾਸੀ ਭਾਈਆਂ ਵਾਂਗੂ ਮਜਾਲ ਆ ਕਿਤੇ ਕਿਸੇ ਹੋਰ ਨੂੰ ਖੜਕਣ ਦੇਵੇ ਹੁਣ ਆਪਣੀ ਜਗ੍ਹਾ 'ਤੇ।

ਉਹ ਵੀ ਲੋਕ ਸਨ ਜਾਂ ਦਿਨ ਸਨ ਜਦੋਂ ਕਿਸੇ ਨੂੰ ਅਖਬਾਰ ਤੋਂ ਬਿਨਾਂ ਡੈਸ਼ ਡੈਸ਼ ਡੈਸ਼ ਆਉਂਦੀ ਨਹੀਂ ਸੀ। ਉਨਾ ਚਿਰ ਵੇੜੇ ਵਿਚ ਗੇੜੇ ਮਾਰੀ ਜਾਂਦਾ ਸੀ ਲੱਕ 'ਤੇ ਹੱਥ ਧਰ ਕੇ ਜਦੋਂ ਤੱਕ ਸਿਰ 'ਤੇ ਗੁੱਛੂ-ਮੁੱਛੂ ਹੋ ਕੇ ਅਖਬਾਰ ਨਹੀਂ ਸੀ ਵੱਜਦੀ।

ਹੋਰ ਤੇ ਹੋਰ ਹਰ ਬੰਦੇ ਦਾ ਆਪਣਾ ਰੰਗ-ਢੰਗ ਸੀ ਅਖਬਾਰ ਨੂੰ ਲੈ ਕੇ। ਜਿਹੜਾ ਤੇ ਆਪਣੇ ਆਪ ਨੂੰ ਥੋੜਾ ਜਿਹਾ ਪੜ੍ਹਿਆ ਲਿਖਿਆ ਵਿਖਾਉਂਦਾ ਸੀ ਉਹ ਫਰੰਟ ਪੇਜ ਪੜ੍ਹ ਕੇ ਫੇਰ ਐਨ ਸੈਂਟਰ ਵਿਚ ਜਾ ਕੇ ਐਡੀਟੋਰੀਅਲ ਪੇਜ ਪੜ੍ਹਦਾ ਸੀ, ਜਿਹਦੇ ਵਿਚ ਆਰਟੀਕਲ ਲਿਖੇ ਹੁੰਦੇ ਸੀ ਕਿਹੜੀ ਪਾਰਟੀ ਨੇ ਕੀ ਕਰਤਾ, ਕਿਹੜੇ ਦੇਸ਼ ਤੋਂ ਕੀ ਨਿਕਲਿਆ! ਕਰੰਟ ਮੁੱਦੇ ਇਨ੍ਹਾਂ ਪੇਜਾਂ 'ਤੇ ਹੁੰਦੇ ਸੀ।

ਨੌਜਵਾਨ ਮੁੰਡੇ ਕੁੜੀਆਂ ਇਸ ਪੇਜ ਨੂੰ ਸਭ ਤੋਂ ਜ਼ਿਆਦਾ ਨਫਰਤ ਕਰਦੇ ਸੀ। ਉਹ ਇਹ ਵਰਕਾ ਇਸ ਤਰ੍ਹਾਂ ਪਲਟ ਦਿੰਦੇ ਸੀ ਜਿਵੇਂ ਵੱਡੇ ਟਰੱਕ ਐਕਟਿਵਾ ਪਲਟ ਦਿੰਦੇ ਆ।




ਨੌਜਵਾਨਾਂ ਵਿਚ ਵੀ ਕੈਟਾਗਰੀਆਂ ਹੁੰਦੀਆਂ ਸੀ। ਕੁੜੀਆਂ-ਮੁੰਡਿਆਂ ਨੇ ਮੈਟਰੀਮੋਨੀਅਲ ਵਾਲਾ ਪੇਜ ਪੜ੍ਹਨਾ, ਖਾਸ ਕਰਕੇ ਸ਼ਨਿਚਰ ਤੇ ਐਤਵਾਰ। ਕਈਆਂ ਨੇ ਤਾਂ ਅਖਬਾਰ ਲਵਾਈ ਇਸੇ ਕਰਕੇ ਹੁੰਦੇ ਸੀ ਕਿ ਇਹਦੇ ਵਿਚ ਵਿਆਹ ਦੇ ਇਸ਼ਤਿਹਾਰ ਆਉਂਦੇ ਨੇ।

ਕੁਝ ਜਿਹੜੇ ਸ਼ੌਕੀਨ ਖੇਡਾਂ ਦੇ ਆ ਉਨ੍ਹਾਂ ਨੇ ਅਖੀਰਲੇ ਤੋਂ ਪਹਿਲਾ ਵਰਕਾ ਜਿਹੜਾ ਕ੍ਰਿਕਟ ਜਾਂ ਹਾਕੀ ਨਾਲ ਭਰਿਆ ਹੁੰਦਾ ਸੀ ਸਭ ਤੋਂ ਪਹਿਲਾਂ ਉਹੀ ਖੋਲ੍ਹਣਾ।

ਜਿਹੜੇ ਕਲਾਕਾਰੀ ਦੇ ਸ਼ੌਕੀਨ ਸਨ, ਉਨ੍ਹਾਂ ਨੇ ਵੀ ਸ਼ਨਿਚਰਵਾਰ ਵਾਲਾ ਵਰਕਾ ਜਿਹੜਾ ਫਿਲਮੀ ਜਾਣਕਾਰੀ ਨਾਲ ਭਰਪੂਰ ਹੁੰਦਾ ਸੀ ਪੜ੍ਹਨਾ। ਬਾਅਦ 'ਚ ਕਈ ਅਖਬਾਰਾਂ ਨੇ ਇੱਕ ਪੇਜ ਹੀ ਫਿਲਮੀ ਲਾਉਣਾ ਸ਼ੁਰੂ ਕਰ ਦਿੱਤਾ। ਕਦੀ ਕਿਸੇ ਕਲਾਕਾਰ ਦੇ ਇੰਟਰਵਿਊ ਲਾ 'ਤਾ। ਆਉਣ ਵਾਲੀ ਫਿਲਮ ਬਾਰੇ ਫੋਟੋਆਂ ਨਾਲ ਉਹ ਭਰਿਆ ਹੁੰਦਾ ਸੀ।

ਕਈ ਅਖਬਾਰਾਂ ਵਿਚ ਸ਼ਹਿਰ ਦੇ ਸਿਨਮਾ ਘਰਾਂ 'ਚ ਲੱਗਦੀਆਂ ਫਿਲਮਾਂ ਦੇ ਪੋਸਟਰ ਪਾਏ ਹੁੰਦੇ ਸੀ ਬਲੈਕ ਐਂਡ ਵ੍ਹਾਈਟ। ਬਾਅਦ 'ਚ ਰੰਗੀਨ ਵੀ ਆਉਣ ਲੱਗ ਪਏ। ਟਿਕਟ ਵੀ ਲਿਖੀ ਹੁੰਦੀ ਸੀ ਇੰਨੇ ਦੀ। ਸ਼ੋ ਵੀ ਲਿਖਿਆ ਹੁੰਦਾ ਸੀ ਇੰਨੇ ਵਜੇ। ਉਹ ਨਜ਼ਾਰਾ ਉਹ ਦਿਨ ਵੱਖਰੇ ਹੀ ਸਨ ਭਾਊ ਜੀ। ਫੇਰ ਕਹਿੰਦੇ ਆ ਗੱਲਾਂ ਕਰਦਾ।

**-ਅਗਿਆਤ**

# ਫ਼ਿਲਮ ਲੋਕ



## ਸ਼ਾਹਿਦ ਕਪੂਰ ਫ਼ਰਜ਼ੀ-2 ਵਿਚ ਫ਼ਿਰ ਦਿਸੇਗਾ

ਹਿੰਦੀ ਸਿਨੇ ਜਗਤ ਦੇ ਹੁਨਰਮੰਦ ਅਦਾਕਾਰਾਂ ਵਿਚੋਂ ਇਕ ਮੰਨੇ ਜਾਣ ਵਾਲੇ ਸ਼ਾਹਿਦ ਕਪੂਰ ਨੇ ਫ਼ਿਲਮ 'ਉੜਤਾ ਪੰਜਾਬ', 'ਪਦਮਾਵਤ', 'ਕਬੀਰ ਸਿੰਘ', 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ' ਅਤੇ 'ਦੇਵਾ' ਵਰਗੀਆਂ ਸ਼ਾਨਦਾਰ ਫ਼ਿਲਮਾਂ ਦਿੱਤੀਆਂ ਅਤੇ ਆਪਣੀ ਦਮਦਾਰ ਐਕਟਿੰਗ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ ਹੈ।ਸ਼ਾਹਿਦ ਕਪੂਰ ਆਪਣੀ ਸ਼ਾਨਦਾਰ ਐਕਟਿੰਗ ਲਈ ਜਾਣੇ ਜਾਂਦੇ ਹਨ। ਉਸ ਨੇ ਫ਼ਿਲਮ ਸਨਅਤ ਵਿਚ ਆਪਣੀ ਥਾਂ ਬਣਾਉਣ ਲਈ ਬਹੁਤ ਮਿਹਨਤ ਕੀਤੀ ਹੈ। ਇਸ ਤਰ੍ਹਾਂ ਦੀਆਂ ਅਨੇਕ ਭੂਮਿਕਾਵਾਂ ਹਨ ਜਿਨ੍ਹਾਂ ਲਈ ਸ਼ਾਹਿਦ ਨੂੰ ਹਮੇਸ਼ਾ ਯਾਦ ਕਰਦੇ ਹਨ।

ਸ਼ਾਹਿਦ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਲੋਕ ਉਨ੍ਹਾਂ ਨੂੰ ਚਾਕਲੇਟੀ ਬੁਆਏ ਤੋਂ ਲੈ ਕੇ ਰਾਊਡੀ, ਸਭ ਤਰ੍ਹਾਂ ਦੀ ਦਿੱਖ ਵਿਚ ਪਸੰਦ ਕਰਦੇ ਹਨ। ਸ਼ਾਹਿਦ ਕਪੂਰ ਦੇ ਕੋਲ ਡੈਸ਼ਿੰਗ ਦਿੱਖ ਹੋਣ ਦੇ ਨਾਲ ਕੁਦਰਤੀ ਐਕਟਿੰਗ ਅਤੇ ਡਾਂਸ ਮੂਵਜ਼ ਨਾਲ ਪ੍ਰਸੰਸਕਾਂ ਨੂੰ ਕਾਇਲ ਕਰਨ ਦਾ ਭਰਪੂਰ ਹੁਨਰ ਹੈ। ਇਸੇ ਵਜ੍ਹਾ ਕਰਕੇ ਪ੍ਰਸੰਸਕਾਂ ਨੂੰ ਉਨ੍ਹਾਂ ਦੀਆਂ ਫ਼ਿਲਮਾਂ ਦਾ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ।

ਇਸ ਸਾਲ ਰਿਲੀਜ਼ ਫ਼ਿਲਮ 'ਦੇਵਾ' ਦੇ ਪੁਲਿਸ ਅਧਿਕਾਰੀ ਵਾਲੇ ਕਿਰਦਾਰ ਵਿਚ ਵੀ ਸ਼ਾਹਿਦ ਕਪੂਰ ਛਾ ਗਏ ਸਨ। ਫ਼ਿਲਮ ਵਿਚ ਪੂਜਾ ਹੇਗੜੇ ਇਕ ਪੱਤਰਕਾਰ ਦੀ ਮੁੱਖ ਭੂਮਿਕਾ ਵਿਚ ਨਜ਼ਰ ਆਈ ਸੀ। ਪਰ ਇਹ ਫ਼ਿਲਮ ਟਿਕਟ - ਖਿੜਕੀ 'ਤੇ ਕੁਝ ਖ਼ਾਸ ਕਮਾਲ ਨਹੀਂ ਸੀ ਕਰ ਸਕੀ। ਸ਼ਾਹਿਦ ਵਿਸ਼ਾਲ ਭਾਰਦਵਾਜ ਦੇ ਨਾਲ ਇਕ ਅਨਟਾਈਟਲਡ ਫ਼ਿਲਮ ਕਰ ਰਹੇ ਹਨ। ਫ਼ਿਲਮ ਦਾ ਟਾਈਟਲ ਬਹੁਤ ਛੇਤੀ ਐਲਾਨ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ।

ਰਿਪੋਰਟਾਂ ਅਨੁਸਾਰ ਇਸ ਫ਼ਿਲਮ ਦਾ ਟਾਈਟਲ 'ਰੋਮੀਓ' ਹੋ ਸਕਦਾ ਹੈ ਅਤੇ ਇਹ ਇਸ ਸਾਲ 5 ਦਸੰਬਰ ਨੂੰ ਸਿਨੇਮਾ ਘਰਾਂ ਵਿੱਚ ਦਸਤਕ ਦੇ ਸਕਦੇ ਹਨ। ਪ੍ਰਸੰਸਕ ਇਸ ਵਿਸਬਾਰ 'ਫਰਜ਼ੀ-2' ਦੀ ਉਡੀਕ ਕਰ ਰਹੇ ਹਨ। ਰਿਪੋਰਟਾਂ ਅਨੁਸਾਰ 'ਰਾਜ ਅਤੇ ਡੀ.ਕੇ. ਦੀ ਜੋੜੀ ਫਿਲਹਾਲ 'ਰਕਤ ਬ੍ਰਹਿਮਾਂਡ' ਵਿਚ ਰੁੱਝੇ ਹੋਏ ਹਨ। ਇਸ ਨੂੰ ਰੈਪ ਕਰਨ ਤੋਂ ਬਾਅਦ, ਉਹ 'ਫ਼ਰਜ਼ੀ-2' ਦੇ ਪ੍ਰੀ-ਪ੍ਰੋਡਕਸ਼ਨ ਲਈ ਅੱਗੇ ਵਧਣਗੇ ਅਤੇ ਦਸੰਬਰ ਤੱਕ ਇਸ ਨੂੰ ਫਲੋਰ 'ਤੇ ਲੈ ਜਾਣਗੇ।

'ਮਿਲੀ ਜਾਣਕਾਰੀ ਅਨੁਸਾਰ 'ਫ਼ਰਜ਼ੀ-2' ਵਿਚ ਇਕ ਵਾਰ ਫਿਰ ਸ਼ਾਹਿਦ ਕਪੂਰ ਦਾ ਸਾਹਮਣਾ ਵਿਜੈ ਸੇਤੂਪਤੀ ਅਤੇ ਕੇ.ਕੇ. ਮੈਨਨ ਨਾਲ ਹੋਵੇਗਾ। ਇਸ ਸੀਰੀਜ਼ ਦਾ ਪ੍ਰੀਮੀਅਰ 2026 ਦੇ ਦੂਜੇ ਅੱਧ ਵਿਚ ਐਮਾਜ਼ੋਨ ਪ੍ਰਾਈਮ ਵੀਡੀਓ 'ਤੇ ਹੋਣ ਦੀ ਸੰਭਾਵਨਾ ਹੈ।

## ਅਦਾ ਸ਼ਰਮਾ
## ਇਨਸਾਨ ਜਾਂ ਏਲੀਅਨ

'ਦਾ ਕੇਰਲ ਸਟੋਰੀ' ਲਈ 'ਰਾਸ਼ਟਰੀ ਫਿਲਮ ਐਵਾਰਡ' ਹਾਸਲ ਕਰਨ ਵਾਲੀ ਅਦਾ ਸ਼ਰਮਾ ਦੀ ਇਕ ਹੋਰ ਨਵੀਂ ਫਿਲਮ 'ਹਾਟਕ' ਚਰਚਾ ਵਿਚ ਹੈ। ਇਸ ਫਿਲਮ 'ਚ ਅਦਾ ਨੇ ਸ਼ਿਵਰੋਜਨੀ ਅਚਾਰੀਆ ਦੀ ਭੂਮਿਕਾ ਨਿਭਾਈ ਹੈ। ਫ਼ਿਲਮ 'ਚ ਅਦਾ ਨੂੰ ਟਰੈਂਚ ਕੋਟ ਤੇ ਸੂਣ ਪਹਿਨ ਕੇ ਹੱਥ 'ਚ ਬੰਦੂਕ ਨਾਲ ਜਿਹੜੇ ਦ੍ਰਿਸ਼ 'ਚ ਦਿਖਾਇਆ ਗਿਆ ਹੈ, ਉਸ ਦ੍ਰਿਸ਼ ਦਾ ਹੀ ਪੋਸਟਰ ਨਿਰਮਾਤਾ ਨੇ ਸੋਸ਼ਲ ਸਾਈਟ 'ਇੰਸਟਾਗ੍ਰਾਮ' 'ਤੇ ਪਾਇਆ ਹੈ। ਐਕਸ਼ਨ ਤੇ ਸਸਪੈਂਸ ਵਾਲੀ ਇਸ ਫ਼ਿਲਮ 'ਚ ਅਦਾ ਇਹ ਆਖਦੀ ਦਿਖਾਈ ਗਈ ਹੈ ਕਿ ਕਿਸੇ 'ਤੇ ਦਇਆ ਜਾਂ ਤਰਸ ਦਿਖਾਉਣਾ ਮਨ੍ਹਾਂ ਹੈ। 'ਸਨ ਫਲਾਵਰ ਤੋਂ ਬਾਅਦ ਅਦਾ ਇਸ ਫ਼ਿਲਮ ਨੂੰ ਆਪਣੀ ਖਾਸ ਫਿਲਮ ਆਖ ਰਹੀ ਹੈ। ਸੱਚੀਆਂ ਘਟਨਾਵਾਂ 'ਤੇ ਆਧਾਰਿਤ ਅਦਾ ਸ਼ਰਮਾ ਦੀ ਇਸ ਫਿਲਮ ਦੇ ਨਿਰਦੇਸ਼ਕ ਅਜੈ ਸ਼ਰਮਾ ਹਨ ਤੇ ਇਸ ਦੀ ਸ਼ੂਟਿੰਗ ਰਾਜਸਥਾਨ ਵਿਚ ਹੋ ਰਹੀ ਹੈ। ਕੇਰਲ ਦੇ ਮੁੱਖ ਮੰਤਰੀ ਵਲੋਂ 'ਦਾ ਕੇਰਲ ਸਟੋਰੀ' ਨੂੰ ਝੂਠੀ ਫ਼ਿਲਮ ਕਹਿਣ 'ਤੇ ਅਦਾ ਸ਼ਰਮਾ ਨੇ ਕਿਹਾ ਕਿ ਫਿਲਮ ਇਕ ਵਸਤੂ ਹੈ, ਕਿਸੇ ਨੂੰ ਪਸੰਦ ਤੇ ਕਿਸੇ ਨੂੰ ਨਾਪਸੰਦ ਹੈ, ਇਸ ਦਾ ਜਵਾਬ ਉਹ ਐਨਾ ਹੀ ਦੇਣਾ ਚਾਹੁੰਦੀ ਹੈ। ਬਾਕੀ ਫ਼ਿਲਮ 'ਚ ਕੁਝ ਹੋਵੇਗਾ ਤਾਂ ਹੀ ਇਸ ਨੂੰ 'ਰਾਸ਼ਟਰੀ ਫਿਲਮ ਐਵਾਰਡ ਪ੍ਰਾਪਤ ਹੋਇਆ ਹੈ। '1920' ਉਸ ਨੂੰ ਆਪਣੀ ਸਭ ਤੋਂ ਵਧੀਆ ਫਿਲਮ ਲਗਦੀ ਹੈ ਤੇ ਇਸ ਫ਼ਿਲਮ ਨਾਲ ਹੀ ਅਦਾ ਸ਼ਰਮਾ ਨੇ ਆਪਣੇ ਅਭਿਨੇ ਜੀਵਨ ਦੀ ਸ਼ੁਰੂਆਤ ਕੀਤੀ ਸੀ। ਅਦਾ ਨੇ ਕਿਹਾ ਕਿ ਉਸ ਦੀ ਨਾਨੀ ਇਕ ਅਧਿਆਪਕਾ ਹੈ ਤੇ ਨਾਨੀ ਨੂੰ ਇਹ ਫਿਲਮ ਬਹੁਤ ਵਧੀਆ ਲੱਗਦੀ ਹੈ ਤੇ ਦੋਹਤੀ ਨੂੰ ਨਾਨੀ ਨੇ ਪਿਆਰ ਨਾਲ ਚਪੇੜ ਮਾਰ ਕੇ ਇਸ ਫਿਲਮ ਦੀ ਖੁਸ਼ੀ ਮਨਾਈ ਤੇ ਕਿਹਾ ਕਿ ਅਜਿਹੀਆਂ ਸਿੱਖਿਆਦਾਇਕ ਫ਼ਿਲਮਾਂ ਦੇ ਬਣਨ ਦੀ ਅੱਜਕਲ੍ਹ ਲੋੜ ਹੈ। ਅਦਾ ਸ਼ਰਮਾ ਦਾ ਪਿਓ ਪੰਜਾਬੀ ਤੇ ਮਾਂ ਕੇਰਲ ਤੋਂ ਹੈ। ਇਸ ਲਈ ਮਲਿਆਲਮ ਫਿਲਮਾਂ ਉਹ ਆਸਾਨੀ ਨਾਲ ਕਰ ਰਹੀ ਹੈ। ਅਦਾ ਦਾ ਉਂਗਲੀਆਂ ਨਾਲ ਚਮਤਕਾਰ ਵਾਲਾ ਵੀਡੀਓ ਸ਼ੇਅਰ ਚੈਟ' 'ਤੇ ਦੇਖ ਕੇ ਉਸ ਦੇ ਪ੍ਰਸੰਸਕਾਂ ਨੇ ਕਿਹਾ ਕਿ ਮੈਡਮ ਤੁਸੀਂ ਇਨਸਾਨ ਹੋ ਜਾਂ ਏਲੀਅਨ ਇਸ 'ਤੇ ਅਦਾ ਨੇ ਮੁਸਕਾਨ ਦੇਣ ਦੀ ਅਦਾ ਨਾਲ ਪ੍ਰਸੰਸਕਾਂ ਨੂੰ ਜਵਾਬ ਦਿੱਤਾ ਹੈ। ਗੁਜਰਾਤ ਦੇ ਸੂਰਤ ਕੋਲ ਪਿੰਡ ਐਨਾ ਵਿਖੇ ਅਦਾ ਸ਼ਰਮਾ ਨੇ ਨਰਾਤਿਆਂ ਦੌਰਾਨ ਸਮਾਰੋਹ 'ਚ ਹਿੰਸਾ ਲਿਆ। ਅਦਾ ਨੇ ਕਿਹਾ ਕਿ ਨਵਰਾਤਰਿਆਂ ਦੇ ਸਮਾਰੋਹ ਦਾ ਹਿੱਸਾ ਬਣ ਕੇ ਉਸ ਨੂੰ ਆਪਣੇ ਦਿਨ-ਤਿਉਹਾਰਾਂ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਉਹ 'ਜੈ ਮਾਤਾ ਦੀ ਕਹਿ ਕੇ ਸਭ ਦਾ ਸਵਾਗਤ ਕਰਦੀ ਨਜ਼ਰ ਆਈ ਤੇ ਕਹਿਣ ਲੱਗੀ ਕਿ 'ਸਾਰੇ ਜਹਾਂ ਦੇ ਅੱਛਾ ਹਿੰਦੁਸਤਾਨ ਹਮਾਰਾ' ਤੇ ਇਸ ਦੇ ਤਿਉਹਾਰ।



ਅਦਾ ਸ਼ਰਮਾ

## ਮਨੀਸ਼ ਮਲਹੋਤਰਾ ਦਾ 'ਗੁਸਤਾਖ਼ ਇਸ਼ਕ'



ਬਾਲੀਵੁੱਡ ਦੇ ਵੱਡੇ-ਵੱਡੇ ਹੀਰੋਆਂ ਅਤੇ ਹੀਰੋਇਨਾਂ ਦੇ ਕੱਪੜੇ ਡਿਜ਼ਾਈਨ ਕਰ ਚੁੱਕੇ ਮੰਨੇ-ਪ੍ਰਮੰਨੇ ਪ੍ਰਸਿੱਧ ਫੈਸ਼ਨ ਡਿਜ਼ਾਈਨਰ ਮਨੀਸ਼ ਮਲਹੋਤਰਾ ਫੈਸ਼ਨ ਡਿਜਾਈਨਿੰਗ ਸਨਅਤ ਵਿਚ ਲਗਭਗ ਤਿੰਨ ਦਹਾਕੇ ਪੂਰੇ ਕਰ ਚੁੱਕੇ ਹਨ।

ਫ਼ਿਲਮ ਸੈਲੀਬ੍ਰਿਟੀਜ਼ ਲਈ ਕੱਪੜੇ ਡਿਜ਼ਾਈਨ ਕਰਦੇ ਹੋਏ ਮਨੀਸ਼ ਮਲਹੋਤਰਾ ਦਾ ਸ਼ੁਰੂ ਤੋਂ ਹੀ ਸਿਨੇਮਾ ਨਾਲ ਗੂੜ੍ਹਾ ਪਿਆਰ ਰਿਹਾ ਹੈ। ਸਿਨੇਮਾ ਨਾਲ ਇਸੇ ਪਿਆਰ ਦੇ ਚਲਦਿਆਂ ਮਨੀਸ਼ ਮਲਹੋਤਰਾ ਨੇ ਪਿਛਲੇ ਸਾਲ ਦੇ ਅਖੀਰ ਵਿਚ ਆਪਣਾ ਖ਼ੁਦ ਦਾ ਪ੍ਰੋਡਕਸ਼ਨ ਹਾਊਸ 'ਸਟੇਜ 5 ਪ੍ਰੋਡਕਸ਼ਨ' ਸਥਾਪਿਤ ਕੀਤਾ ਅਤੇ ਇਸ ਬੈਨਰ ਹੇਠ ਇਸ ਸਾਲ 9 ਜਨਵਰੀ ਤੋਂ ਇਕ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ।

ਇਸ ਫ਼ਿਲਮ ਦੇ ਨਾਲ ਮ ਨੀ ਸ਼ ਬਤੌਰ ਫ਼ਿਲਮ ਨਿਰਮਤਾ ਕਰੀਅਰ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਉਸ ਦੀ ਪਹਿਲੀ ਫ਼ਿਲਮ ਦਾ ਟਾਈਟਲ 'ਗੁਸਤਾਖ ਇਸ਼ਕ' ਫਾਈਨਲ ਹੋ ਚੁੱਕਾ ਹੈ। ਫ਼ਿਲਮ ਨੂੰ 'ਹਵਾਈਜ਼ਾਦਾ' ਤੋਂ ਪਛਾਣ ਬਣਾਉਣ ਵਾਲੇ ਨਿਰਦੇਸ਼ਕ ਵਿਭੂ ਪੁਰੀ ਨੇ ਨਿਰੇਦਸ਼ਿਤ ਕੀਤਾ ਹੈ।

ਮਨੀਸ਼ ਮਲਹੋਤਰਾ ਦੀ ਇਸ ਫ਼ਿਲਮ ਵਿਚ ਵਿਜੈ ਵਰਮਾ ਅਤੇ ਫਾਤਿਮਾ ਸਨਾ ਸ਼ੇਖ ਮੁੱਖ ਭੂਮਿਕਾਵਾਂ ਵਿਚ ਰੋਮਾਂਸ ਕਰਦੇ ਹੋਏ ਨਜ਼ਰ ਆਉਣਗੇ।

ਫ਼ਿਲਮ ਵਿਚ ਬਾਲੀਵੁੱਡ ਦੇ ਸੀਨੀਅਰ ਐਕਟਰ ਨਸੀਰੂਦੀਨ ਸ਼ਾਹ ਅਤੇ ਮੰਨੇ-ਪ੍ਰਮੰਨੇ ਫ਼ਿਲਮ ਆਲੋਚਕ ਜ਼ੈਡ. ਏ. ਜੌਹਰ ਦੇ ਬੇਟੇ ਸ਼ਾਰਿਬ ਹਾਸ਼ਮੀ ਵੀ ਮੁੱਖ ਭੂਮਿਕਾ ਵਿਚ ਹਨ।

ਉਸ ਦੀ ਇਹ ਫ਼ਿਲਮ ਇਸ ਸਾਲ ਨਵੰਬਰ ਵਿਚ ਸਿਨੇਮਾ ਹਾਲ ਵਿਚ ਰਿਲੀਜ਼ ਹੋਵੇਗੀ। ਇਸ ਬਾਰੇ ਖ਼ੁਦ ਮਨੀਸ਼ ਨੇ ਹਾਲ ਹੀ ਵਿਚ ਆਪਣੇ ਇੰਸਟਾਗ੍ਰਾਮ 'ਤੇ ਇਕ ਬੇਹੱਦ ਖ਼ਾਸ ਪੋਸਟ ਸਾਂਝੀ ਕਰਦੇ ਹੋਏ ਇਹ ਜਾਣਕਾਰੀ ਸਾਂਝੀ ਕੀਤੀ ਹੈ।ਆਪਣੇ ਪ੍ਰੋਡਕਸ਼ਨ ਹਾਊਸ ਲਈ ਮਨੀਸ਼ ਮਲਹੋਤਰਾ ਦੋ ਫ਼ਿਲਮਾਂ ਹੋਰ ਬਣਾਉਣਗੇ।

ਮਨੀਸ਼ ਮਲਹੋਤਰਾ ਅਦਾਕਾਰਾ ਮੀਨਾ ਕੁਮਾਰੀ ਦੀ ਬਾਇਓਪਿਕ ਦੇ ਨਾਲ ਨਿਰਦੇਸ਼ਨ ਦੇ ਖੇਤਰ ਵਿਚ ਵੀ ਡੈਬਿਊ ਕਰਨਾ ਚਾਹੁੰਦਾ ਹੈ। ਉਹ ਚਾਹੁੰਦਾ ਹੈ। ਕਿ ਇਸ ਬਾਇਓਪਿਕ ਵਿਚ ਮੀਨਾ ਕੁਮਾਰੀ ਦਾ ਕਿਰਦਾਰ ਕ੍ਰਿਤੀ ਸੈਨਨ ਨਿਭਾਏ।

-0-

## ਅਸ਼ਨੂਰ ਕੌਰ ਦੀ ਬੱਲੇ ਬੱਲੇ



'ਬੋਲੇ ਤੁਮ ਨਾ ਮੈਨੇ ਕੁਛ ਕਹਾ', 'ਬੜੇ ਅੱਛੇ ਲਗਤੇ ਹੈਂ', 'ਤੁਮ ਸਾਥ ਹੋ ਜਬ ਅਪਨੇ', 'ਯੇ ਰਿਸ਼ਤਾ ਕਿਆ ਕਹਿਲਾਤਾ ਹੈ' ਅਤੇ 'ਸੁਮਨ ਇੰਦੌਰੀ' ਵਰਗੇ ਟੈਲੀਵਿਜ਼ਨ ਸ਼ੋਆਂ ਵਿਚ ਐਕਟਿੰਗ ਦਾ ਹੁਨਰ ਦਿਖਾ ਚੁੱਕੀ ਟੀ.ਵੀ. ਅਤੇ ਬਾਲੀਵੁੱਡ ਅਦਾਕਾਰਾ ਅਸ਼ਨੂਰ ਕੌਰ ਇਨ੍ਹੀਂ ਦਿਨੀਂ 'ਬਿੱਗ ਬੌਸ-19' ਵਿਚ ਆਪਣੀ ਖੇਡ ਨਾਲ ਦਰਸ਼ਕਾਂ ਨੂੰ ਕਾਫ਼ੀ ਪ੍ਰਭਾਵਿਤ ਕਰਦੀ ਨਜ਼ਰ ਆ ਰਹੀ ਹੈ।

3 ਮਈ, 2004 ਨੂੰ ਪੈਦਾ ਹੋਈ ਅਸ਼ਨੂਰ ਕੌਰ ਨੇ ਬਤੌਰ ਬਾਲ ਕਲਾਕਾਰ ਇਤਿਹਾਸਕ ਡਰਾਮਾ ਟੀ.ਵੀ. ਸ਼ੋਅ 'ਝਾਂਸੀ ਕੀ ਰਾਨੀ' ਤੋਂ ਛੋਟੇ ਪਰਦੇ 'ਤੇ ਐਕਟਿੰਗ ਦੇ ਖੇਤਰ ਵਿਚ ਕਦਮ ਰੱਖਿਆ ਸੀ। ਟੈਲੀਵਿਜ਼ਨ ਲੜੀਵਾਰਾਂ ਦੇ ਸੈੱਟ 'ਤੇ ਹੀ ਵੱਡੀ ਹੋਈ ਅਸ਼ਨੂਰ ਨੇ ਟੈਲੀਵਿਜ਼ਨ 'ਤੇ ਕੰਮ ਕਰਦੇ ਹੋਏ ਬੈਚਲਰ ਆਫ਼ ਮਾਸ ਮੀਡੀਆ ਕੋਰਸ ਕੀਤਾ। ਵੱਡੀ ਹੋਣ 'ਤੇ ਅਸ਼ਨੂਰ ਨੇ ਕਈ ਟੀ.ਵੀ. ਸੀਰੀਅਲਾਂ ਵਿਚ ਮੁੱਖ ਭੂਮਿਕਾ ਨਿਭਾਈ। ਟੀ.ਵੀ. ਲੜੀਵਾਰਾਂ ਤੋਂ ਇਲਾਵਾ ਅਸ਼ਨੂਰ ਨੇ 'ਸੰਜੂ', 'ਮਨਮਰਜ਼ੀਆਂ' ਅਤੇ 'ਕਿਸਕੋ ਥਾ ਪਤਾ' ਵਰਗੀਆਂ ਫ਼ਿਲਮਾਂ ਵਿਚ ਵੀ ਕੰਮ ਕੀਤਾ ਹੈ। ਅਨੁਰਾਗ ਕਸ਼ਿਅਪ ਦੀ ਫ਼ਿਲਮ 'ਮਨਮਰਜ਼ੀਆਂ' ਵਿਚ ਅਸ਼ਨੂਰ ਨੇ ਤਾਪਸੀ ਪੰਨੂੰ ਦੀ ਭੈਣ ਦਾ ਜੋ ਕਿਰਦਾਰ ਨਿਭਾਇਆ, ਉਸ ਲਈ ਉਸ ਦੇ ਕੰਮ ਦੀ ਬੜੀ ਪ੍ਰਸੰਸਾ ਹੋਈ। ਦੋ ਦਰਜਨ ਤੋਂ ਜ਼ਿਆਦਾ ਸੰਗੀਤਕ ਵੀਡੀਓ ਕਰ ਚੁੱਕੀ ਅਸ਼ਨੂਰ ਨੇ ਸਾਲ 2021 ਦੀ ਵੈੱਬ ਸੀਰੀਜ਼ 'ਪਰੀ ਹੂੰ ਮੈਂ' ਜ਼ਰੀਏ ਓ.ਟੀ.ਟੀ. 'ਤੇ ਪਹਿਲਾ ਕਦਮ ਰੱਖਿਆ। ਉਸ ਤੋਂ ਬਾਅਦ ਹੁਣ ਤੱਕ ਉਹ 'ਬਟਰਫਲਾਈਜ਼' ਅਤੇ 'ਸਕੂਲ ਫ੍ਰੈਂਡਸ ਸੀਜ਼ਨ-3' ਵਿਚ ਨਜ਼ਰ ਆ ਚੁੱਕੀ ਹੈ।

ਅਸ਼ਨੂਰ ਕੌਰ ਨੇ ਸਿਰਫ਼ 19 ਸਾਲ ਦੀ ਉਮਰ ਵਿਚ ਹੀ ਮੁੰਬਈ ਸ਼ਹਿਰ ਵਿਚ ਆਪਣਾ ਘਰ ਖ਼ਰੀਦਣ ਦਾ ਸੁਪਨਾ ਪੂਰਾ ਕਰ ਲਿਆ ਹੈ। ਅਸ਼ਨੂਰ ਹੁਣ 21 ਸਾਲ ਦੀ ਹੋ ਚੁੱਕੀ ਹੈ। ਇਸ - ਉਮਰ ਵਿਚ ਉਹ ਬਹੁਤ ਹੁਸੀਨ ਨਜ਼ਰ ਆਉਂਦੀ ਹੈ। ਸ਼ਾਇਦ ਆਪਣੀ ਇਸੇ ਖ਼ੂਬਸੂਰਤੀ ਦੀ ਬਦੌਲਤ ਉਸ ਨੂੰ ਸਲਮਾਨ ਖਾਨ ਦੇ ਸ਼ੋਅ 'ਬਿੱਗ ਬੌਸ-19' ਵਿਚ ਦਾਖ਼ਲਾ ਲੈਣ ਦਾ ਮੌਕਾ ਮਿਲਿਆ। ਉਸ ਦੀ ਖ਼ੂਬਸੂਰਤੀ ਦੇ ਨਾਲ ਕਾਤਿਲਾਨਾ ਮੁਸਕਾਨ ਉਸ ਦੇ ਗਲੈਮਰ ਨੂੰ ਹੋਰ ਜ਼ਿਆਦਾ ਵਧਾ ਦਿੰਦੀ ਹੈ। 'ਬਿੱਗ ਬੌਸ-19' ਵਿਚ ਅਸ਼ਨੂਰ ਦੀਆਂ ਅਦਾਵਾਂ ਬੇਹੱਦ ਕਮਾਲ ਦੀਆਂ ਨਜ਼ਰ ਆ ਰਹੀਆਂ ਹਨ। ਪ੍ਰਸੰਸਕ ਤਾਂ ਜਿਵੇਂ ਉਸ 'ਤੇ ਮਰ ਮਿਟੇ ਹਨ। ਇਸ ਸ਼ੋਅ ਵਿਚ ਅਸ਼ਨੂਰ ਸਭ ਤੋਂ ਜ਼ਿਆਦਾ ਸਟਾਈਲਿਸ਼ ਲਗ ਰਹੀ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 5645 Evergreen terr Fremont CA 94536
2. 1916 Ticino Ct Pleasanton CA 94566
3. 4643 Sloan St Fremont CA 94538
4. 30252 Cedarbrook Dr Hayward ca 94544
5. 4452 Alice Way Union city CA 94587
6. 776 Vereda ct San Jose CA 95123
7. 8455 Peachtree Ave Newark CA 94560
8. 2169 Charger Dr San Jose CA 95131
9. 9550 Appaloosa Pl Elk Grove CA 95624
10. 9810 Bobcat Ct Gilroy CA 95020
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 26676 Campeche St Hayward CA 94545

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20